JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6



To view our online newspaper visit punjabipost.ca/epaper | Vol 22* Issue 34 | Friday, February 17, 2023 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



**ਅੰਦਰ ਇਹ ਵੀ ਪੜ੍ਹੋ**

**ਕੀਵ ਵਿੱਚ ਜੋਲੀ ਨੇ ਜ਼ੈਲੈਂਸਕੀ ਨਾਲ ਕੀਤੀ ਮੁਲਾਕਾਤ**


ਪੰਨਾ 02

**ਅਮਰੀਕਾ-ਚੀਨ ਤਨਾਅ ਮਨੁੱਖਤਾ ਨੂੰ ਅਗਲੀ ਸੰਸਾਰ ਜੰਗ ਲਾਗੇ ਨਾ ਲੈ ਜਾਂਦਾ ਹੋਵੇ**


ਜਤਿੰਦਰ ਪਨੂੰ ਦੀ ਕਲਮ ਤੋਂ
ਪੰਨਾ 06


## ਕੈਰੇਬੀਆਈ ਆਗੂਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਟਰੂਡੋ ਬਹਾਮਾਜ਼ ਪਹੁੰਚੇ

ਨਸਾਓ, ਬਹਾਮਾਜ਼, 16 ਫਰਵਰੀ (ਪੋਸਟ ਬਿਊਰੋ) : ਇਸ ਹਫਤੇ ਹਾਇਤੀ ਦੇ ਸੰਕਟ ਬਾਰੇ ਕੈਰੇਬੀਆਈ ਆਗੂਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਸਾਓ ਪਹੁੰਚ ਚੁੱਕੇ ਹਨ।ਪਰ ਕੁੱਝ ਮਾਹਿਰਾਂ ਵੱਲੋਂ ਉਨ੍ਹਾਂ ਨੂੰ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਫੌਜੀ ਕਾਰਵਾਈ ਕਰਨ ਦੀ ਸਲਾਹ ਨਾ ਹੀ ਦੇਣ। ਬੁੱਧਵਾਰ ਨੂੰ ਟਰੂਡੋ ਕੈਰੇਬੀਅਨ ਕਮਿਊਨਿਟੀ ਨਾਲ ਮੁਲਾਕਾਤ ਕਰਨ ਲਈ ਬਹਾਮਾਜ਼ ਪਹੁੰਚ ਗਏ। ਇੱਥੇ ਰੀਜਨ ਦੇ 20 ਹੈੱਡਜ਼ ਇਸ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਇੱਕਠੇ ਹੋਏ ਹਨ। ਇਸ ਦੌਰਾਨ ਟਰੂਡੋ ਕਈ ਆਗੂਆਂ ਨਾਲ ਆਹਮੋ ਸਾਹਮਣੇ ਮੁਲਾਕਾਤ ਕਰਨਗੇ ਤੇ ਇਸ ਦੌਰਾਨ ਹਾਇਤੀ ਦੇ ਪ੍ਰਧਾਨ ਮੰਤਰੀ ਏਰੀਅਲ ਹੈਨਰੀ, ਜਿਨ੍ਹਾਂ ਨੂੰ ਚੁਣਿਆ ਨਹੀਂ ਗਿਆ ਹੈ, ਨਾਲ ਵੀ ਵਿਸ਼ੇਸ਼ ਮੁਲਾਕਾਤ ਕਰਨਗੇ। ਹੈਨਰੀ ਨੇ ਹਾਇਤੀ ਦੇ ਸਾਬਕਾ



ਰਾਸ਼ਟਰਪਤੀ ਜੋਵੇਨਲ ਮੌਇਸ ਦੇ ਕਤਲ ਤੋਂ ਬਾਅਦ ਸੱਤਾ ਦੀ ਵਾਗਡੋਰ ਸਾਂਭੀ ਸੀ। ਇੱਥੇ ਦੱਸਣਾ ਬਣਦਾ ਹੈ ਕਿ ਹਾਇਤੀ ਵਿੱਚ ਸੰਕਟ ਕਾਫੀ ਵੱਧ ਚੁੱਕਿਆ ਹੈ, ਜਿਸ ਕਾਰਨ ਇੱਥੋਂ ਦਾ ਅਰਥਚਾਰਾ ਚਰਮਰਾ ਗਿਆ ਹੈ ਤੇ ਇੱਥੇ ਹੈਜਾ ਫੈਲਣ ਦਾ ਡਰ ਵੀ ਬਣਿਆ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਮਦਦ ਨਾਲ ਹੈਨਰੀ ਦੀ ਗੈਰ ਚੁਣੀ ਹੋਈ ਸਰਕਾਰ ਵੱਲੋਂ ਇਸ ਗੜਬੜ ਨੂੰ ਠੱਲ੍ਹ ਪਾਉਣ ਲਈ ਬਾਹਰੀ ਸਕਿਊਰਿਟੀ ਫੋਰਸ ਦੀ ਮਦਦ ਦੀ ਉਮੀਦ ਕੀਤੀ ਜਾ ਰਹੀ ਹੈ।

## ਬਜਟ ਪਾਸ ਕਰਵਾਉਣ ਤੋਂ ਬਾਅਦ ਮੇਅਰ ਟੋਰੀ ਨੇ ਰਸਮੀ ਤੌਰ 'ਤੇ ਜਮ੍ਹਾਂ ਕਰਵਾਇਆ ਆਪਣਾ ਅਸਤੀਫਾ

ਟੋਰਾਂਟੋ, 16 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ 16.2 ਬਿਲੀਅਨ ਡਾਲਰ ਦਾ ਬਜਟ ਮਨਜ਼ੂਰ ਹੋ ਜਾਣ ਤੋਂ ਬਾਅਦ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਵੱਲੋਂ ਰਸਮੀ ਤੌਰ ਉੱਤੇ ਅਸਤੀਫਾ ਜਮ੍ਹਾਂ ਕਰਵਾ ਦਿੱਤਾ ਗਿਆ। ਬਜਟ ਵਿੱਚ ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟੈਕਸ ਵਿੱਚ 5.5 ਫੀ ਸਦੀ ਦਾ ਵਾਧਾ ਕੀਤਾ ਗਿਆ ਹੈ। 2023 ਦੇ ਬਜਟ ਵਿੱਚ ਟੋਰਾਂਟੋ ਪੁਲਿਸ ਬਜਟ ਵਾਸਤੇ 48.3 ਮਿਲੀਅਨ ਡਾਲਰ ਦਾ ਵਾਧਾ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਿਛਲੇ ਸਾਲ ਦੇ ਮੁਕਾਬਲੇ ਟਰਾਂਜ਼ਿਟ ਸਰਵਿਸ ਵਿੱਚ ਪੰਜ ਫੀ ਸਦੀ ਕਟੌਤੀ ਜਾਂ ਮਹਾਂਮਾਰੀ ਦੇ ਪਹਿਲਾਂ ਵਾਲੇ ਪੱਧਰ ਉੱਤੇ ਆਉਣ ਲਈ ਨੌਂ ਫੀ ਸਦੀ ਕਟੌਤੀ ਦੀ ਗੱਲ ਵੀ ਆਖੀ ਗਈ ਹੈ।ਹਾਲਾਂਕਿ ਬਜਟ ਵਿੱਚ ਸ਼ੈਲਟਰ, ਸਮਰਥਨ ਤੇ ਹਾਊਸਿੰਗ



ਐਡਮਨਿਸਟ੍ਰੇਸ਼ਨ ਵਿੱਚ 6.5 ਫੀ ਸਦੀ ਵਾਧਾ ਕਰਨ ਦੀ ਵੀ ਤਜਵੀਜ਼ ਹੈ। ਸਿਟੀ ਵੱਲੋਂ ਇਹ ਵੀ ਆਖਿਆ ਗਿਆ ਹੈ ਕਿ ਇਸ ਸਾਲ ਉਹ ਆਪਣੀਆਂ ਪੰਜ ਸਾਈਟਸ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਸਕਦੀ ਹੈ।

ਬੁੱਧਵਾਰ ਨੂੰ ਮੀਟਿੰਗ ਦੌਰਾਨ ਕਾਊਂਸਲ ਨੇ 8 ਮਿਲੀਅਨ ਵਾਧੂ ਡਾਲਰ ਖਰਚਣ ਲਈ ਮਨਜ਼ੂਰੀ ਵੀ ਦਿੱਤੀ। ਇਨ੍ਹਾਂ ਵਿੱਚੋਂ ਕੁੱਝ 24/7 ਵਾਰਮਿੰਗ ਸੈਂਟਰਾਂ ਉੱਤੇ ਖਰਚੇ ਜਾਣਗੇ, 519 ਕਮਿਊਨਿਟੀ ਸੈਂਟਰਾਂ ਉੱਤੇ ਖਰਚੇ ਜਾਣਗੇ। ਇਸ ਦੇ ਨਾਲ ਹੀ ਟੀਟੀਸੀ ਉੱਤੇ ਮੈਂਟਲ ਹੈਲਥ ਆਊਟਰੀਚ ਵਰਕਰਜ਼ ਦੀ ਗਿਣਤੀ ਵਧਾਉਣ ਤੇ ਲੋੜਵੰਦਾਂ ਨੂੰ ਕਿਰਾਏ ਵਿੱਚ ਰਾਹਤ ਮੁਹੱਈਆ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ ਹੈ।ਬਜਟ ਉੱਤੇ ਚੱਲ ਰਹੀ ਬਹਿਸ ਮੁਜ਼ਾਹਰਾਕਾਰੀਆਂ ਵੱਲੋਂ ਅੜਿੱਕੇ ਪਾਏ ਜਾਣ ਕਾਰਨ ਕਈ ਵਾਰੀ ਰੁਕੀ। ਆਖਿਰਕਾਰ ਤਿੰਨ ਮੁਜ਼ਾਹਰਾਕਾਰੀਆਂ ਨੂੰ ਸਿਟੀ ਹਾਲ ਵਿੱਚੋਂ ਬਾਹਰ ਕਰਨਾ ਪਿਆ।

ਮੀਟਿੰਗ ਖਾਰਜ ਹੋਣ ਤੋਂ ਬਾਅਦ ਟੋਰੀ ਨੇ ਸਿਟੀ ਕਲਰਕ ਜੌਹਨ ਐਲਵਿੱਜ ਕੋਲ ਆਪਣਾ ਅਸਤੀਫਾ ਜਮ੍ਹਾਂ ਕਰਵਾ ਦਿੱਤਾ। ਇਹ ਅਸਤੀਫਾ 17 ਫਰਵਰੀ ਨੂੰ ਸ਼ਾਮੀਂ 5:00 ਵਜੇ ਪ੍ਰਭਾਵੀ ਹੋ ਜਾਵੇਗਾ।

## ਲਿਬਰਲਾਂ ਤੇ ਕੰਜ਼ਰਵੇਟਿਵਾਂ ਵਿਚ ਚੱਲ ਰਿਹਾ ਹੈ ਫਸਵਾਂ ਮੁਕਾਬਲਾ : ਨੈਨੋਜ਼

ਓਟਵਾ, 16 ਫਰਵਰੀ (ਪੋਸਟ ਬਿਊਰੋ) : ਇਸ ਸਮੇਂ ਫੈਡਰਲ ਹੈਲਥ ਕੇਅਰ ਫੰਡਿੰਗ ਡੀਲ ਸੁਰਖੀਆਂ ਵਿੱਚ ਹੋਣ ਦੇ ਨਾਲ ਨਾਲ ਹੈਲਥ ਕੇਅਰ, ਮਹਿੰਗਾਈ ਤੇ ਅਰਥਚਾਰੇ ਵਰਗੇ ਮਸਲੇ ਪੂਰੇ ਦੇਸ਼ ਲਈ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਅਜਿਹੇ ਵਿੱਚ ਲਿਬਰਲਾਂ ਨੂੰ ਇੱਕ ਵਾਰੀ ਮੁੜ ਵੋਟਰਾਂ ਦਾ ਸਮਰਥਨ ਮਿਲਣ ਕਾਰਨ ਕੰਜ਼ਰਵੇਟਿਵਾਂ ਨਾਲ ਉਨ੍ਹਾਂ ਦਾ ਸਖ਼ਤ ਮੁਕਾਬਲਾ ਚੱਲ ਰਿਹਾ ਹੈ।

ਇੱਕ ਪ੍ਰੋਗਰਾਮ ਵਿੱਚ ਗੱਲ ਕਰਦਿਆਂ ਨੈਨੋਜ਼ ਰਿਸਰਚ ਗਰੁੱਪ ਦੇ ਚੇਅਰਮੈਨ ਨਿੱਕ ਨੈਨੋਜ਼ ਨੇ ਆਖਿਆ ਕਿ ਇਸ ਸਮੇਂ ਹੈਲਥ ਕੇਅਰ ਕੌਮੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਲਿਬਰਲਾਂ ਦੀ ਹੈਲਥ ਕੇਅਰ ਫੰਡਿੰਗ ਡੀਲ ਨੂੰ ਸਵੀਕਾਰਨ ਲਈ ਕੈਨੇਡਾ ਦੇ ਪ੍ਰੀਮੀਅਰਜ਼ ਵੱਲੋਂ ਹਾਮੀ ਭਰੀ ਗਈ ਹੈ। ਪਿਛਲੇ ਇੱਕ ਹਫਤੇ ਤੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਮੁੱਦੇ ਕਾਰਨ ਸਾਰੇ ਪਾਸੇ ਚਰਚਾ ਵਿੱਚ ਹਨ। ਇਸ ਨਾਲ ਪਿਛਲੇ ਚਾਰ ਹਫਤਿਆਂ ਤੋਂ ਹਵਾ ਦਾ ਰੁਖ ਲਿਬਰਲਾਂ ਵੱਲ ਨਜ਼ਰ ਆ ਰਿਹਾ ਹੈ।

ਨੈਨੋਜ਼ ਵੱਲੋਂ ਰੱਖੀ ਜਾ ਰਹੀ ਪਲ ਪਲ ਦੀ ਖਬਰ ਵਿੱਚ ਦਸੰਬਰ ਤੋਂ ਕੰਜ਼ਰਵੇਟਿਵ, ਲਿਬਰਲਾਂ ਤੋਂ ਅੱਗੇ ਚੱਲ ਰਹੇ ਸਨ ਪਰ ਜਨਵਰੀ ਦੇ ਮੱਧ ਤੋਂ ਲਿਬਰਲਾਂ ਨੂੰ ਵੋਟਰਾਂ



ਦਾ ਸਕਾਰਾਤਮਕ ਸਮਰਥਨ ਮਿਲਣ ਲੱਗਿਆ ਜਿਸ ਕਾਰਨ ਹੁਣ ਦੋਵਾਂ ਪਾਰਟੀਆਂ ਵਿੱਚ ਫਰਕ ਬਹੁਤ ਘੱਟ ਰਹਿ ਗਿਆ ਹੈ। ਇਸ ਸਮੇਂ ਹਾਲਾਤ ਇਹ ਹਨ ਕਿ ਦੋਵਾਂ ਪਾਰਟੀਆਂ ਨੂੰ 33 ਫੀ ਸਦੀ ਅੰਕਾਂ ਦਾ ਸਮਰਥਨ ਹਾਸਲ ਹੋ ਰਿਹਾ ਹੈ ਤੇ ਦੋਵਾਂ ਵਿੱਚ ਫਸਵਾਂ ਮੁਕਾਬਲਾ ਚੱਲ ਰਿਹਾ ਹੈ।

ਨੈਨੋਜ਼ ਨੇ ਆਖਿਆ ਕਿ ਕੰਜ਼ਰਵੇਟਿਵ ਆਗੂ ਪਿਏਰ ਪੌਲੀਐਵਰ ਕਿਫਾਇਤੀ ਘਰਾਂ ਤੇ ਕਾਨੂੰਨ ਅਤੇ ਵਿਵਸਥਾ ਵਰਗੇ ਮੁੱਦਿਆਂ ਨੂੰ ਲੈ ਕੇ ਲਿਬਰਲਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰੀ ਰੱਖਦੇ ਹਨ ਪਰ ਹੈਲਥ ਕੇਅਰ ਦੇ ਮੁੱਦੇ ਉੱਤੇ ਉਨ੍ਹਾਂ ਵੱਲੋਂ ਚੁੱਪ ਵੱਟੀ ਹੋਈ ਹੈ। ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਦੇ ਸਮਰਥਨ ਵਿੱਚ ਵੀ ਵਾਧਾ ਵੇਖਣ ਨੂੰ ਮਿਲਿਆ ਹੈ। ਉਨ੍ਹਾਂ ਨੂੰ ਇਸ ਸਮੇਂ 21 ਫੀ ਸਦੀ ਵੋਟਰਾਂ ਦਾ ਸਮਰਥਨ ਹਾਸਲ ਹੋ ਰਿਹਾ ਹੈ। ਇਹ ਲਿਬਰਲਾਂ ਲਈ ਖਤਰੇ ਦੀ ਘੰਟੀ ਹੋ ਸਕਦਾ ਹੈ ਕਿਉਂਕਿ ਉਨ੍ਹਾਂ ਦਾ ਐਨਡੀਪੀ ਨਾਲ ਕੌਨਫੀਡੈਂਸ ਐਂਡ ਸਪਲਾਈ ਸਮਝੌਤਾ ਹੋਇਆ ਪਿਆ ਹੈ।

## ਸਬਵੇਅ ਸਟੇਸ਼ਨ ਉੱਤੇ ਚਾਕੂ ਦੀ ਨੋਕ ਉੱਤੇ ਇੱਕ ਵਿਅਕਤੀ ਲੁੱਟਿਆ

ਟੋਰਾਂਟੋ, 16 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਰਨੀਮੇਡ ਸਬਵੇਅ ਸਟੇਸ਼ਨ ਉੱਤੇ ਚਾਕੂ ਦੀ ਨੋਕ ਉੱਤੇ ਇੱਕ ਵਿਅਕਤੀ ਨੂੰ ਲੁੱਟ ਲਏ ਜਾਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਬੁੱਧਵਾਰ ਨੂੰ ਪਬਲਿਸ਼ ਕੀਤੇ ਗਏ ਟਵੀਟ ਵਿੱਚ ਟੋਰਾਂਟੋ ਪੁਲਿਸ



ਸਰਵਿਸ (ਟੀਪੀਐਸ) ਨੇ ਆਖਿਆ ਕਿ ਇਹ ਘਟਨਾ ਰਾਤੀਂ 10:30 ਦੇ ਨੇੜੇ ਤੇੜੇ ਵਾਪਰੀ।ਜਾਂਚਕਾਰਾਂ ਨੇ ਦੱਸਿਆ ਕਿ ਇੱਕ ਪੁਰਸ਼ ਕੋਲੋਂ ਉਸ ਦਾ ਨਿਜੀ ਸਮਾਨ ਲੁੱਟ ਲਿਆ ਗਿਆ। ਇਸ ਦੌਰਾਨ ਲੋਕਾਂ ਨੂੰ ਚਾਕੂ ਵੀ ਨਜ਼ਰ ਆਇਆ।

ਪੁਲਿਸ ਨੇ ਦੱਸਿਆ ਕਿ ਮਸ਼ਕੂਕ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ ਤੇ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਜਾਣਕਾਰੀ ਨਹੀਂ ਹੈ।


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416-556-6884

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

ਰੈਸਟੋਰੈਂਟ ਪੈਟਿਓ ਫੂਡ ਕਾਊਂਟਰ
Gerrard India Bazar, Toronto
ਗਰਮੀਆਂ ਦੇ ਵਿੱਚ ਪਰਾਫਿਟ ਲਈ ਸੁਨਹਿਰਾ ਮੌਕਾ
1 ਮਈ ਤੋਂ 31 ਅਕਤੂਬਰ ਤੱਕ ਕਾਂਟਰੈਕਟ ਜਾਂ ਲੀਜ਼ ਕਰੋ:
call kumar: 437-925-4585
or email: startup2023abusiness@gmail.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

OURR HOME & APPLIANCES
HURRY NOW
COURR-2302FLYER
LIMITED TIME PROMO CODE
use our code for additional discount*
Best deals on
LUXURY KITCHEN APPLIANCES
100% Satisfaction Guaranteed
Authorized dealer for
ALL MAJOR BRANDS
Unboxed units & new in-box units available
PRICE BEAT guarantee
DELIVERY now available
KitchenAid moffat MAYTAG LG Electrolux JENNAIR GE AMANA BOSCH Whirlpool SAMSUNG FRIGIDAIRE CAPITAL
UNIT #1, 241 CLARENCE ST BRAMPTON, ON L6W 3E7 (416) 551 3343
44 FASKEN DR. #2-9 ETOBICKOKE, ON M9W 5M8 (416) 792-0877
UNIT #6 410 LEWIS RD, STONEY CREEK, ON L8E 5Y7 (905) 643 0818
UNIT #4 -1540 FANSHAWE PARK ROAD WEST, LONDON, ON N6H 5L8 (519) 641-1010
5781 HIGHWAY 7 UNIT 10, VAUGHAN, ON L4L 178 (416) 477 5556
1050 SPEERS ROAD, OAKVILLE, ON, L6L 2X4 (416) 613 0555
416-551-5553
www.ourrhomeappliances.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life / Mortgage/Funeral Insurance
- Disability Insurance
- Critical Illness Insurance
- RESP / RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਫਾਰਮੇਸੀਜ਼ ਨੂੰ ਲੁੱਟਣ ਵਾਲੇ 10 ਵਿਅਕਤੀ ਗ੍ਰਿਫਤਾਰ

ਟੋਰਾਂਟੋ, 16 ਫਰਵਰੀ (ਪੋਸਟ ਬਿਊਰੋ) : ਜੀਟੀਏ ਵਿੱਚ ਹਿੰਸਕ ਡਾਕਿਆਂ ਦੇ ਸਿਲਸਿਲੇ ਤੋਂ ਬਾਅਦ ਫਾਰਮੇਸੀਜ਼ ਨੂੰ ਚੌਕੰਨਾਂ ਰਹਿਣ ਦੀ ਸਲਾਹ ਦਿੱਤੀ ਗਈ ਹੈ।



ਬੁੱਧਵਾਰ ਸਵੇਰੇ ਨਿਊਜ਼ ਕਾਨਫਰੰਸ ਦੌਰਾਨ ਟੋਰਾਂਟੋ ਪੁਲਿਸ ਸਰਵਿਸਿਜ਼ ਦੀ ਹੋਲਡ ਅੱਪ ਸਕੁਐਡ ਦੇ ਇੰਸਪੈਕਟਰ ਰਿਚ ਹੈਰਿਸ ਨੇ ਆਖਿਆ ਕਿ ਜੇ ਸੰਭਵ ਹੋ ਸਕੇ ਤਾਂ ਫਾਰਮੇਸੀਜ਼ ਦੇ ਮਾਲਕਾਂ ਨੂੰ ਚੰਗੇ ਸਰਵੇਲੈਂਸ ਕੈਮਰਿਆਂ, ਪੈਨਿਕ ਅਲਾਰਮਜ਼, ਸੇਫਜ਼ ਆਦਿ ਉੱਤੇ ਖਰਚਾ ਕਰਨਾ ਚਾਹੀਦਾ ਹੈ। ਇਹ ਸਲਾਹ ਉਸ ਸਮੇਂ ਦਿੱਤੀ ਗਈ ਜਦੋਂ ਟੋਰਾਂਟੋ ਪੁਲਿਸ ਵੱਲੋਂ ਜੀਟੀਏ ਦੀਆਂ ਫਾਰਮੇਸੀਜ਼ ਵਿੱਚ ਡਾਕਾ ਮਾਰਨ ਦੀਆਂ 26 ਹਿੰਸਕ ਵਾਰਦਾਤਾਂ ਨੂੰ ਜਨਮ ਦੇਣ ਵਾਲੇ ਛੇ ਨੌਜਵਾਨਾਂ ਸਮੇਤ 10 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਇਹ ਸਾਰੀਆਂ ਘਟਨਾਵਾਂ 8 ਦਸੰਬਰ, 2022 ਤੇ 10 ਫਰਵਰੀ, 2023 ਦਰਮਿਆਨ ਵਾਪਰੀਆਂ। ਪੁਲਿਸ ਨੇ ਆਖਿਆ ਕਿ ਸਾਰੇ ਮਾਮਲਿਆਂ ਵਿੱਚ ਚੋਰੀ ਦੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਕੁੱਝ ਵਿਅਕਤੀਆਂ ਦੇ ਗਰੁੱਪਜ਼ ਵੱਲੋਂ ਫਾਰਮੇਸੀਜ਼ ਨੂੰ ਨਿਸ਼ਾਨਾ ਬਣਾਇਆ ਗਿਆ। ਇਨ੍ਹਾਂ ਡਾਕਿਆਂ ਦੌਰਾਨ ਨਾਰਕੌਟਿਕਸ ਤੇ ਨਕਦੀ ਲੁੱਟੀ ਗਈ। ਕਈ ਮਾਮਲਿਆਂ ਵਿੱਚ ਲੁਟੇਰਿਆਂ ਵੱਲੋਂ ਹੈਂਡਗੰਨਜ਼ ਦੀ ਵਰਤੋਂ ਵੀ ਕੀਤੀ ਗਈ ਤੇ ਕਿਤੇ ਕਿਤੇ ਚਾਕੂ ਦਿਖਾ ਕੇ ਵੀ ਲੁੱਟ ਨੂੰ ਅੰਜਾਮ ਦਿੱਤਾ ਗਿਆ। ਇਸ ਤੋਂ ਇਲਾਵਾ ਕਿਸੇ ਸ਼ਾਪਰ ਜਾਂ ਮੁਲਾਜ਼ਮ ਨੂੰ ਕੰਟਰੋਲ ਕਰਨ ਲਈ ਹਿੰਸਕ ਜ਼ੋਰਅਜ਼ਮਾਇਸ਼ ਤੋਂ ਵੀ ਕੰਮ ਲਿਆ ਗਿਆ।

ਜਾਂਚਕਾਰਾਂ ਨੇ ਦੱਸਿਆ ਕਿ ਪ੍ਰੋਜੈਕਟ ਮੇਅਹਮ ਰਾਹੀਂ ਕਈ ਇਲਾਕਿਆਂ ਦੀ ਪੁਲਿਸ ਨੇ ਰਲ ਕੇ ਚਾਰ ਦਿਨਾਂ ਵਿੱਚ ਕਈ ਲੋਕਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ। ਗ੍ਰਿਫਤਾਰ ਕੀਤੇ ਗਏ ਮਸ਼ਕੂਕਾਂ ਵਿੱਚ 14 ਸਾਲ ਤੋਂ ਲੈ ਕੇ 20 ਸਾਲ ਤੱਕ ਦੇ ਵਿਅਕਤੀ ਸ਼ਾਮਲ ਹਨ।

# ਟੋਰੀ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਨਾ ਦੇਣ ਲਈ ਹੱਲਾਸ਼ੇਰੀ ਦੇ ਰਹੇ ਹਨ ਫੋਰਡ ਤੇ ਫਰੀਲੈਂਡ

ਓਨਟਾਰੀਓ, 16 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਤੇ ਟੋਰਾਂਟੋ ਪੁਲਿਸ ਯੂਨੀਅਨ ਵੱਲੋਂ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੂੰ ਅਸਤੀਫਾ ਨਾ ਦੇਣ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਸ਼ੁੱਕਰਵਾਰ ਨੂੰ ਅਚਨਚੇਤੀ ਕੀਤੇ ਗਏ ਐਲਾਨ ਵਿੱਚ ਟੋਰੀ ਨੇ ਆਪਣੀ ਸਾਬਕਾ ਸਟਾਫਰ ਨਾਲ ਅਫੇਅਰ ਹੋਣ ਦਾ ਖੁਲਾਸਾ ਹੋਣ ਤੋਂ ਬਾਅਦ ਅਸਤੀਫਾ ਦੇਣ ਦੀ ਗੱਲ ਆਖੀ ਸੀ। ਟੋਰੀ ਨੇ ਇਹ ਵੀ ਆਖਿਆ ਕਿ 31 ਸਾਲਾ ਇਸ ਮਹਿਲਾ ਨਾਲ ਉਨ੍ਹਾਂ ਦਾ ਸਬੰਧ 2023 ਦੇ ਸ਼ੁਰੂ ਵਿੱਚ ਹੀ ਆਪਸੀ ਸਹਿਮਤੀ ਤੋਂ ਬਾਅਦ ਖ਼ਤਮ ਹੋ ਗਿਆ ਸੀ। ਉਸ ਸਮੇਂ ਟੋਰੀ ਨੇ ਆਖਿਆ ਕਿ ਉਹ ਆਪਣੀ ਪਤਨੀ ਨਾਲ ਆਪਣੇ ਸਬੰਧ



ਸੁਧਾਰਨ ਵੱਲ ਧਿਆਨ ਦੇਣਾ ਚਾਹੁੰਦੇ ਹਨ। ਬਾਰਬਰਾ ਹੈਕੇਟ ਨਾਲ ਟੋਰੀ ਦਾ ਵਿਆਹ 45 ਸਾਲ ਪਹਿਲਾਂ ਹੋਇਆ ਸੀ। ਟੋਰੀ ਵੱਲੋਂ ਅਸਤੀਫਾ ਦੇਣ ਦਾ ਇਹ ਐਲਾਨ ਉਸ ਸਮੇਂ ਆਇਆ ਹੈ ਜਦੋਂ ਸਿਟੀ ਕਾਊਂਸਲ ਵਿੱਚ ਬਜਟ ਸਬੰਧੀ ਗੱਲਬਾਤ ਚੱਲ ਰਹੀ ਹੈ।

ਕਾਊਂਸਲਰ ਜੇਮਜ਼ ਪਾਸਟਰਨੈਕ ਨੇ ਆਖਿਆ ਕਿ ਬਜਟ ਸਬੰਧੀ ਐਲਾਨ ਤੋਂ ਬਾਅਦ ਵੀ ਟੋਰੀ ਆਪਣੇ ਅਹੁਦੇ ਉੱਤੇ ਬਣੇ ਰਹਿਣਗੇ। ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਉਹ ਬੁੱਧਵਾਰ ਨੂੰ ਮੇਅਰ ਦੇ ਅਹੁਦੇ ਤੋਂ ਅਸਤੀਫਾ ਦੇਣਗੇ ਜਾਂ ਬਜਟ ਪਾਸ ਹੋਣ ਮਗਰੋਂ ਅਸਤੀਫਾ ਦੇਣਗੇ। ਮੇਅਰ ਦੇ ਇੱਕ ਕਰੀਬੀ ਸੂਤਰ ਅਨੁਸਾਰ ਫੋਰਡ, ਫਰੀਲੈਂਡ ਤੇ ਪੁਲਿਸ ਯੂਨੀਅਨ ਵੱਲੋਂ ਟੋਰੀ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਨਾ ਦੇਣ ਲਈ ਆਖਿਆ ਜਾ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਕੁੱਝ ਸਿਟੀ ਕਾਊਂਸਲਰਜ਼ ਵੱਲੋਂ ਵੀ ਟੋਰੀ ਨੂੰ ਅਸਤੀਫਾ ਦੇਣ ਦੇ ਆਪਣੇ ਫੈਸਲੇ ਉੱਤੇ ਮੁੜ ਵਿਚਾਰ ਕਰਨ ਲਈ ਆਖਿਆ ਜਾ ਰਿਹਾ ਹੈ।

ਇਸ ਦੌਰਾਨ ਫਰਮ ਰਿਸਰਚ ਨੇ ਦੱਸਿਆ ਕਿ ਉਸ ਵੱਲੋਂ ਇੱਕ ਸਰਵੇਖਣ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਲੋਕਾਂ ਤੋਂ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਕੀ ਟੋਰੀ ਨੂੰ ਮੇਅਰ ਵਜੋਂ ਦੂਜਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ?

# ਟੋਰੀ ਦੀ ਥਾਂ ਖੱਬੇ ਪੱਖੀ ਸੋਚ ਵਾਲਾ ਮੇਅਰ ਟੋਰਾਂਟੋ ਲਈ ਨਹੀਂ ਹੋਵੇਗਾ ਸਹੀ : ਫੋਰਡ



ਓਨਟਾਰੀਓ, 16 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਜੌਹਨ ਟੋਰੀ ਦੇ ਮੇਅਰ ਵਜੋਂ ਅਸਤੀਫਾ ਦੇਣ ਤੋਂ ਬਾਅਦ ਕਿਸੇ ਖੱਬੇ ਪੱਖੀ ਸੋਚ ਵਾਲੇ ਨੂੰ ਮੇਅਰ ਚੁਣ ਲਿਆ ਜਾਵੇਗਾ ਤੇ ਇਹ ਸਿਟੀ ਲਈ ਕੋਈ ਚੰਗੀ ਗੱਲ ਨਹੀਂ ਹੋਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਲੀਡਰਸ਼ਿਪ ਵਿੱਚ ਤਬਦੀਲੀ ਦਾ ਇਹ ਕੋਈ ਢੁਕਵਾਂ ਸਮਾਂ ਨਹੀਂ ਹੈ।

ਬੁੱਧਵਾਰ ਨੂੰ ਬਰੈਂਪਟਨ ਵਿੱਚ ਇੱਕ ਐਲਾਨ ਕਰਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੋਰਡ ਨੇ ਆਖਿਆ ਕਿ ਜੇ ਖੱਬੇ ਪੱਖੀ ਸੋਚ ਵਾਲਾ ਕੋਈ ਮੇਅਰ ਇਸ ਸਮੇਂ ਬਣਦਾ ਹੈ ਤਾਂ ਬਹੁਤ ਗੜਬੜ ਹੋ ਜਾਵੇਗੀ। ਇਹ ਟਿੱਪਣੀ ਟੋਰੀ ਵੱਲੋਂ ਅਫੇਅਰ ਸਾਹ-ਮਣੇ ਆਉਣ ਤੋਂ ਬਾਅਦ ਅਸਤੀਫਾ ਦੇਣ ਦੇ ਕੀਤੇ ਐਲਾਨ ਮਗਰੋਂ ਕੀਤੀ ਗਈ। ਟੋਰੀ ਵੱਲੋਂ ਅਜੇ ਰਸਮੀ ਤੌਰ ਉੱਤੇ ਅਸਤੀਫਾ ਨਹੀਂ ਦਿਤਾ ਗਿਆ ਹੈ। 2023 ਦੇ ਸਿਟੀ ਬਜਟ ਉੱਤੇ ਵੋਟਾਂ ਪੈਣ ਤੋਂ ਬਾਅਦ ਟੋਰੀ ਵੱਲੋਂ ਅਸਤੀਫਾ ਦੇਣ ਦੀ ਗੱਲ ਆਖੀ ਗਈ ਸੀ।

ਕਈ ਸਾਲਾਂ ਤੋਂ ਫੋਰਡ ਤੇ ਟੋਰੀ ਇੱਕ ਦੂਜੇ ਦੇ ਪੱਕੇ ਸਹਿਯੋਗੀ ਰਹੇ ਹਨ। ਪ੍ਰੋਗਰੈਸਿਵ ਕੰਜ਼ਰਵੇਟਿਵਾਂ ਦੇ ਏਜੰਡੇ ਨੂੰ ਟੋਰੀ ਵੱਲੋਂ ਬਿਨਾਂ ਕਿਸੇ ਬਹੁਤੀ ਨਾਂਹ ਨੁਕਰ ਦੇ ਸਮਰਥਨ ਦਿੱਤਾ ਜਾਂਦਾ ਰਿਹਾ ਹੈ। ਇਸ ਵਿੱਚ ਮੇਅਰ ਨੂੰ ਬਾਇਲਾਅਜ਼ ਵਿੱਚ ਸੋਧ ਕਰਨ ਤੇ ਬਜਟ ਪਾਸ ਕਰਨ ਸਮੇਤ ਹੋਰ ਸ਼ਕਤੀਆਂ ਦੇਣ ਦਾ ਮਾਮਲਾ ਵੀ ਸ਼ਾਮਲ ਹੈ। ਟੋਰੀ ਦੇ ਅਫੇਅਰ ਦੇ ਮਾਮਲੇ ਵਿੱਚ ਫੋਰਡ ਨੇ ਆਖਿਆ ਕਿ ਉਹ ਇਸ ਬਾਰੇ ਕੁੱਝ ਨਹੀਂ ਆਖਣਗੇ ਕਿਉਂਕਿ ਇਹ ਉਨ੍ਹਾਂ ਦਾ ਨਿਜੀ ਮਸਲਾ ਹੈ। ਪਰ ਇਸ ਦੌਰਾਨ ਫੋਰਡ ਨੇ ਟੋਰੀ ਦੀਆਂ ਪ੍ਰਾਪਤੀਆਂ ਬਾਰੇ ਕਾਫੀ ਜਾਣਕਾਰੀ ਦਿੱਤੀ।

# ਕੀਵ ਵਿੱਚ ਜੋਲੀ ਨੇ ਜ਼ੈਲੈਂਸਕੀ ਨਾਲ ਕੀਤੀ ਮੁਲਾਕਾਤ

ਕੀਵ, 16 ਫਰਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੋਲੀ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨਾਲ ਮੁਲਾਕਾਤ ਕਰਨ ਲਈ ਕੀਵ ਪਹੁੰਚੀ।



ਜ਼ੈਲੈਂਸਕੀ ਦੇ ਆਫਿਸ ਵੱਲੋਂ ਮੰਗਲਵਾਰ ਨੂੰ ਸਾਂਝੇ ਕੀਤੇ ਗਏ ਵੀਡੀਓ ਵਿੱਚ ਜੋਲੀ ਨੂੰ ਜ਼ੈਲੈਂਸਕੀ ਨਾਲ ਹੱਥ ਮਿਲਾਉਂਦਿਆਂ ਤੇ ਮੀਟਿੰਗ ਲਈ ਸਮਾਂ ਕੱਢਣ ਵਾਸਤੇ ਧੰਨਵਾਦ ਕਰਦਿਆਂ ਵਿਖਾਇਆ ਗਿਆ ਹੈ। ਇਸ ਮੌਕੇ ਹੋਰਨਾਂ ਅਧਿਕਾਰੀਆਂ ਤੋਂ ਇਲਾਵਾ ਕੈਨੇਡਾ ਵਿੱਚ ਯੂਕਰੇਨ ਦੇ ਅੰਬੈਸਡਰ ਯੂਲੀਆ ਕੋਵਾਲਿਵ ਵੀ ਹਾਜ਼ਰ ਸਨ। ਜ਼ੈਲੈਂਸਕੀ ਦੇ ਆਫਿਸ ਵੱਲੋਂ ਜਾਰੀ ਕੀਤੀ ਗਈ ਰਲੀਜ਼ ਅਨੁਸਾਰ ਰਾਸ਼ਟਰਪਤੀ ਵੱਲੋਂ ਜੰਗ ਦੌਰਾਨ ਮਦਦ ਕਰਨ ਲਈ ਕੈਨੇਡੀਅਨ ਸਰਕਾਰ ਤੇ ਕੈਨੇਡਾ ਦੇ ਲੋਕਾਂ ਦਾ ਧੰਨਵਾਦ ਕੀਤਾ ਗਿਆ। ਲੈਪਰਡ 2 ਟੈਂਕਾਂ ਦੇ ਨਾਲ ਨਾਲ ਵਿੱਤੀ ਤੇ ਮਿਲਟਰੀ ਮਦਦ ਵਾਸਤੇ ਵੀ ਯੂਕਰੇਨੀ ਸਰਕਾਰ ਨੇ ਕੈਨੇਡੀਅਨ ਸਰਕਾਰ ਦਾ ਧੰਨਵਾਦ ਕੀਤਾ।

ਦੋਵਾਂ ਆਗੂਆਂ ਨੇ ਯੂਕਰੇਨ ਦੇ ਸ਼ਾਂਤੀ ਸਬੰਧੀ ਫਾਰਮੂਲੇ ਦੇ ਪ੍ਰਸਤਾਵ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ। ਇਸ ਦੇ ਨਾਲ ਹੀ ਕੈਨੇਡਾ ਵੱਲੋਂ ਗਲੋਬਲ ਸ਼ਾਂਤੀ ਸਿਖਰ ਵਾਰਤਾ ਕਰਵਾਏ ਜਾਣ ਤੇ ਸਾਲ ਤੋਂ ਯੂਕਰੇਨ ਉੱਤੇ ਕੀਤੀ ਚੜ੍ਹਾਈ ਲਈ ਰੂਸ ਦੀ ਜਵਾਬਦੇਹੀ ਤੈਅ ਕਰਨ ਵਰਗੇ ਮੁੱਦੇ ਵੀ ਵਿਚਾਰੇ ਗਏ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਜੋਲੀ ਯੂਕਰੇਨ ਵਿੱਚ ਹੀ ਹਨ ਜਾਂ ਨਹੀਂ। ਜੋਲੀ ਦੇ ਆਫਿਸ ਵੱਲੋਂ ਵੀ ਇਸ ਦੌਰੇ ਬਾਰੇ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

# ਟੋਰੀ ਦਾ ਮੇਅਰ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਬਿਲਕੁਲ ਸਹੀ : ਫਰੀਲੈਂਡ

ਟੋਰਾਂਟੋ, 16 ਫਰਵਰੀ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਆਪਣੀ ਸਟਾਫ ਮੈਂਬਰ ਦੇ ਨਾਲ ਪਿੱਛੇ ਜਿਹੇ ਮੁੱਕੇ ਅਫੇਅਰ ਦੀ ਗੱਲ ਸਵੀਕਾਰਨ ਤੋਂ ਬਾਅਦ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਵੱਲੋਂ ਅਸਤੀਫਾ ਦੇਣ ਦਾ ਫੈਸਲਾ ਬਿਲਕੁਲ ਸਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸ਼ੁੱਕਰਵਾਰ ਨੂੰ ਦੇਰ ਰਾਤ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਟੋਰੀ ਨੇ ਐਲਾਨ ਕੀਤਾ ਕਿ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਰਹੇ ਹਨ। ਫਰੀਲੈਂਡ ਨੇ ਬੁੱਧਵਾਰ ਨੂੰ ਆਖਿਆ ਕਿ ਕਈ ਹੋਰਨਾਂ ਟੋਰਾਂਟੋ ਵਾਸੀਆਂ ਵਾਂਗ ਹੀ ਇਹ ਖਬਰ ਸੁਣ ਕੇ ਉਨ੍ਹਾਂ ਨੂੰ ਕਾਫੀ ਹੈਰਾਨੀ ਹੋਈ।



ਯੂਨੀਵਰਸਿਟੀ-ਰੋਜ਼ਡੇਲ, ਓਨਟਾਰੀਓ ਦੀ ਨੁਮਾਇੰਦਗੀ ਕਰਨ ਵਾਲੀ ਫਰੀਲੈਂਡ ਨੇ ਆਖਿਆ ਕਿ ਆਪਣੇ ਵੱਲੋਂ ਕੀਤੀ ਗਈ ਗਲਤੀ ਨੂੰ ਸਵੀਕਾਰ ਕੇ ਤੇ ਉਸ ਭੁੱਲ ਲਈ ਅਹੁਦਾ ਛੱਡਣ ਦਾ ਫੈਸਲਾ ਲੈ ਕੇ ਟੋਰੀ ਵੱਲੋਂ ਸਹੀ ਕਦਮ ਚੁੱਕਿਆ ਜਾ ਰਿਹਾ ਹੈ।

ਸ਼ੁੱਕਰਵਾਰ ਨੂੰ ਟੋਰੀ ਨੇ ਆਪਣੀ ਕੀਤੀ ਗਲਤੀ ਲਈ ਮੁਆਫੀ ਮੰਗ ਕੇ ਅਸਤੀਫਾ ਦੇਣ ਦਾ ਐਲਾਨ ਕੀਤਾ ਸੀ ਪਰ ਅਜੇ ਉਨ੍ਹਾਂ ਵੱਲੋਂ ਅਸਤੀਫਾ ਦਿੱਤਾ ਨਹੀਂ ਗਿਆ ਹੈ। ਇਸ ਦੌਰਾਨ ਫਰੀਲੈਂਡ ਨੇ ਉਨ੍ਹਾਂ ਖਬਰਾਂ ਦਾ ਖੰਡਨ ਵੀ ਕੀਤਾ ਜਿਨ੍ਹਾਂ ਵਿੱਚ ਇਹ ਆਖਿਆ ਗਿਆ ਸੀ ਕਿ ਟੋਰੀ ਨੂੰ ਅਸਤੀਫਾ ਦੇਣ ਤੋਂ ਰੋਕਣ ਲਈ ਸਿਆਸੀ ਆਗੂਆਂ ਵੱਲੋਂ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਤੇ ਫਰੀਲੈਂਡ ਵੀ ਉਨ੍ਹਾਂ ਵਿੱਚੋਂ ਇੱਕ ਹੈ। ਬੁੱਧਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਲਿਬਰਲ ਕਾਕਸ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਜਾਂਦੇ ਸਮੇਂ ਫਰੀਲੈਂਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਜੇ ਉਨ੍ਹਾਂ ਨੂੰ ਕਿਸੇ ਗੱਲ ਬਾਰੇ ਆਪਣੀ ਸਥਿਤੀ ਸਪਸ਼ਟ ਕਰਨੀ ਹੋਵੇ ਤਾਂ ਉਨ੍ਹਾਂ ਨੂੰ ਆਪ ਉਹ ਗੱਲ ਆਖਣ ਵਿੱਚ ਕੋਈ ਦਿੱਕਤ ਨਹੀਂ ਹੈ।

# ਕੈਮੀਕਲ ਦੇ ਸੰਪਰਕ ਵਿੱਚ ਆਉਣ ਕਾਰਨ ਇੱਕ ਜ਼ਖ਼ਮੀ

ਇਟੋਬੀਕੋ, 13 ਫਰਵਰੀ (ਪੋਸਟ ਬਿਊਰੋ) : ਇਟੋਬੀਕੋ ਦੇ ਪੁਰੋਲੇਟਰ ਵੇਅਰਹਾਊਸ ਵਿੱਚ ਕੈਮੀਕਲ ਦੀ ਗੰਧ ਚੜ੍ਹਨ ਤੇ ਇਸ ਦੇ ਸੰਪਰਕ ਵਿੱਚ ਆਉਣ ਕਾਰਨ ਜ਼ਖ਼ਮੀ ਹੋਏ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਸੋਮਵਾਰ ਸ਼ਾਮੀਂ 6:00 ਵਜੇ ਤੋਂ ਬਾਅਦ ਹੰਬਰ ਕਾਲਜ ਬੁਲੇਵਾਰਡ ਉੱਤੇ ਸਥਿਤ ਪੁਰੋਲੇਟਰ ਵੇਅਰਹਾਊਸ ਵਿੱਚ ਇਹ ਹਾਦਸਾ ਵਾਪਰਨ ਮਗਰੋਂ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਦੋ ਹੋਰਨਾਂ ਵਿਅਕਤੀਆਂ ਦੀ ਵੀ ਮੌਕੇ ਉੱਤੇ ਹੀ ਜਾਂਚ ਕੀਤੀ ਗਈ ਪਰ ਪੈਰਾਮੈਡਿਕਸ ਵੱਲੋਂ ਉਨ੍ਹਾਂ ਨੂੰ ਸਹੀ ਸਲਾਮਤ ਦੱਸਿਆ ਗਿਆ। ਇੱਕ ਹੋਰ ਚੌਥੇ ਵਿਅਕਤੀ ਨੂੰ ਵੀ ਕੈਮੀਕਲ ਦੇ ਸੰਪਰਕ ਵਿੱਚ ਆਉਣ ਕਾਰਨ ਸਰੀਰਕ ਨੁਕਸਾਨ ਹੋਇਆ ਦੱਸਿਆ ਜਾਂਦਾ ਹੈ। ਟੋਰਾਂਟੋ ਫਾਇਰ ਵੱਲੋਂ ਅਜੇ ਇਹ ਪਤਾ ਲਗਾਇਆ ਜਾਣਾ ਹੈ ਕਿ ਇਹ ਘਟਨਾ ਕਿਉਂ ਵਾਪਰੀ। ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਏਅਰ ਮੌਨੀਟਰਿੰਗ ਵੀ ਕੀਤੀ ਜਾ ਰਹੀ ਹੈ ਤੇ ਕ੍ਰਿਊ ਵੱਲੋਂ ਵਿਸ਼ੇਸ਼ ਇਕਿਉਪਮੈਂਟ ਦੀ ਮਦਦ ਨਾਲ ਕਈ ਪੈਕੇਜਿਜ਼ ਦੀ ਜਾਂਚ ਕੀਤੀ ਜਾ ਰਹੀ ਹੈ।






# ਘਰ ਵਿੱਚ ਡਾਕਾ ਮਾਰਨ ਦੀ ਕੋਸ਼ਿਸ਼ ਦੌਰਾਨ ਤਿੰਨ ਵਿਅਕਤੀ ਜ਼ਖ਼ਮੀ, 3 ਮਸ਼ਕੂਕ ਫਰਾਰ



ਓਨਟਾਰੀਓ, 16 ਫਰਵਰੀ (ਪੋਸਟ ਬਿਊਰੋ) : ਲੰਘੇ ਸੋਮਵਾਰ ਸ਼ਾਮ ਨੂੰ ਥੌਰਨਹਿੱਲ ਵਿੱਚ ਇੱਕ ਘਰ ਵਿੱਚ ਹਥਿਆਰਬੰਦ ਵਿਅਕਤੀਆਂ ਵੱਲੋਂ ਚੋਰੀ ਛਿਪੇ ਦਾਖਲ ਹੋ ਕੇ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿੱਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਇਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਯੌਰਕ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 8:00 ਵਜੇ ਬਾਥਰਸਟ ਸਟਰੀਟ ਤੇ ਫਲੈਮਿੰਗੋ ਰੋਡ ਇਲਾਕੇ ਵਿੱਚ ਸਥਿਤ ਇੱਕ ਘਰ ਵਿੱਚ ਕੁੱਝ ਵਿਅਕਤੀਆਂ ਦੇ ਦਾਖਲ ਹੋਣ ਦੀ ਖਬਰ ਦੇ ਕੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਤਿੰਨ ਨਕਾਬਪੋਸ਼ ਵਿਅਕਤੀ ਜ਼ਬਰਦਸਤੀ ਇੱਕ ਘਰ ਵਿੱਚ ਦਾਖਲ ਹੋ ਗਏ ਤੇ ਉਨ੍ਹਾਂ ਘਰ ਵਿੱਚ ਮੌਜੂਦ ਤਿੰਨ ਵਿਅਕਤੀਆਂ ਉੱਤੇ ਹਮਲਾ ਕਰ ਦਿੱਤਾ। ਇਨ੍ਹਾਂ ਵਿਅਕਤੀਆਂ ਨੂੰ ਬਾਅਦ ਵਿੱਚ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਯੌਰਕ ਰੀਜਨਲ ਪੁਲਿਸ ਦੇ ਸਟਾਫ ਸਾਰਜੈਂਟ ਮਾਰਕ ਲਾਊ ਅਨੁਸਾਰ ਮਸ਼ਕੂਕਾਂ ਵਿੱਚੋਂ ਇੱਕ ਕੋਲ ਗੰਨ ਸੀ ਪਰ ਕਿਸੇ ਵੱਲੋਂ ਗੋਲੀ ਨਹੀਂ ਚਲਾਈ ਗਈ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਉੱਥੋਂ ਫਰਾਰ ਹੋ ਗਏ ਤੇ ਕਿਸੇ ਵੀ ਮਸ਼ਕੂਕ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

# ਹਾਈਵੇਅ ਉੱਤੇ ਗੱਡੀ ਪਲਟਣ ਮਗਰੋਂ ਲੱਗੀ ਅੱਗ, 2 ਹਲਾਕ, 2 ਜ਼ਖ਼ਮੀ



ਇਟਬੀਕੋ, 16 ਫਰਵਰੀ (ਪੋਸਟ ਬਿਊਰੋ) : ਇਟੋਬੀਕੋ ਵਿੱਚ ਹਾਈਵੇਅ ਰੈਂਪ ਉੱਤੇ ਹੋਏ ਹਾਦਸੇ ਵਿੱਚ ਦੋ ਵਿਅਕਤੀ ਮਾਰੇ ਗਏ ਜਦਕਿ ਦੋ ਹੋਰ ਜ਼ਖ਼ਮੀ ਹੋ ਗਏ। ਇਹ ਹਾਦਸਾ ਸੋਮਵਾਰ ਰਾਤ ਨੂੰ 11:30 ਵਜੇ ਦੇ ਨੇੜੇ ਤੇੜੇ ਡੰਡਾਸ ਸਟਰੀਟ ਨੂੰ ਜਾਣ ਵਾਲੇ ਹਾਈਵੇਅ 427 ਦੀ ਦੱਖਣ ਵਾਲੀਆਂ ਲੇਨਜ਼ ਵਿੱਚ ਵਾਪਰਿਆ। ਇੱਕ ਗੱਡੀ ਦੇ ਪਲਟ ਜਾਣ ਤੇ ਉਸ ਵਿੱਚ ਅੱਗ ਲੱਗ ਜਾਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਮੌਕੇ ਉੱਤੇ ਸੱਦਿਆ ਗਿਆ।ਪੁਲਿਸ ਨੇ ਦੱਸਿਆ ਕਿ ਇੱਕ ਕਾਰ ਬੜੀ ਤੇਜ਼ ਰਫਤਾਰ ਨਾਲ ਰੈਂਪ ਉੱਤੇ ਜਾ ਰਹੀ ਸੀ ਕਿ ਅਚਾਨਕ ਪਲਟ ਗਈ ਤੇ ਉਸ ਵਿੱਚ ਅੱਗ ਲੱਗ ਗਈ। ਫਾਇਰਫਾਈਟਰਜ਼ ਨੇ ਅੱਗ ਉੱਤੇ ਕਾਬੂ ਪਾਉਣ ਤੋਂ ਬਾਅਦ ਦੋ ਵਿਅਕਤੀਆਂ ਨੂੰ ਬੜੀ ਮੁਸ਼ਕਲ ਨਾਲ ਗੱਡੀ ਵਿੱਚੋਂ ਕੱਢਿਆ ਤੇ ਉਨ੍ਹਾਂ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪਰ ਦੋ ਵਿਅਕਤੀਆਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮੈਡੀਕਲ ਸਹਾਇਤਾ ਨਾਲ ਮੌਤ ਨੂੰ ਗ਼ਲ ਲਾਉਣ ਵਾਲੇ ਬਿੱਲ ਦੇ ਪਸਾਰ ਵਿੱਚ ਦੇਰ ਲਈ ਵੱਡੀਆਂ ਪਾਰਟੀਆਂ ਸਹਿਮਤ!



ਓਟਵਾ, 16 ਫਰਵਰੀ (ਪੋਸਟ ਬਿਊਰੋ) : ਹਾਊਸ ਆਫ ਕਾਮਨਜ਼ ਦੀਆਂ ਸਾਰੀਆਂ ਵੱਡੀਆਂ ਪਾਰਟੀਆਂ ਵੱਲੋਂ ਇਹ ਸੰਕੇਤ ਦਿੱਤਾ ਜਾ ਰਿਹਾ ਹੈ ਕਿ ਮਾਨਸਿਕ ਪਰੇਸ਼ਾਨੀ ਕਾਰਨ ਮੌਤ ਨੂੰ ਗ਼ਲ ਲਾਉਣ ਲਈ ਮੈਡੀਕਲ ਸਹਾਇਤਾ ਦੇ ਪਸਾਰ ਵਿੱਚ ਦੇਰ ਕਰਨ ਬਾਰੇ ਲਿਬਰਲ ਸਰਕਾਰ ਵੱਲੋਂ ਲਿਆਂਦੇ ਗਏ ਬਿੱਲ ਦਾ ਉਹ ਸਮਰਥਨ ਕਰਨਗੀਆਂ।

ਇਸ ਹਫਤੇ ਇਸ ਬਿੱਲ ਉੱਤੇ ਐਮਪੀਜ਼ ਵੱਲੋਂ ਬਹਿਸ ਸ਼ੁਰੂ ਹੋ ਜਾਵੇਗੀ ਤੇ ਇਸ ਦੇ ਜਲਦ ਹੀ ਪਾਸ ਹੋਣ ਦੀ ਸੰਭਾਵਨਾ ਹੈ। ਇਹ ਬਿੱਲ ਮਿਥੀ ਗਈ ਡੈੱਡਲਾਈਨ, ਮਾਰਚ ਦੇ ਅੱਧ ਤੋਂ ਪਹਿਲਾਂ ਹੀ ਪਾਸ ਹੋ ਸਕਦਾ ਹੈ। ਮਾਰਚ 2021 ਵਿੱਚ ਪਾਸ ਹੋਏ ਮੈਡੀਕਲ ਸਹਾਇਤਾ ਨਾਲ ਮੌਤ ਨੂੰ ਗ਼ਲ ਲਾਉਣ ਸਬੰਧੀ ਬਿੱਲ ਵਿੱਚ ਇਹ ਪ੍ਰਬੰਧ ਸੀ ਕਿ ਸਿਰਫ ਮਾਨਸਿਕ ਪਰੇਸ਼ਾਨੀਆਂ ਵਾਲੇ ਮਰੀਜ਼ਾਂ ਦੀ ਇਸ ਮੰਗ ਵਿੱਚ ਪਸਾਰ ਕੀਤਾ ਜਾ ਸਕਦਾ ਹੈ। ਪਰ ਹੁਣ ਨਿਆਂ ਮੰਤਰੀ ਡੇਵਿਡ ਲਾਮੇਟੀ ਇਸ ਵਿੱਚ ਹੋਰ ਪਸਾਰ ਕਰਨਾ ਚਾਹੁੰਦੇ ਹਨ ਤਾਂ ਕਿ ਇਸ ਤਰ੍ਹਾਂ ਦੇ ਮਰੀਜ਼ਾਂ ਦੇ ਮਾਮਲਿਆਂ ਨੂੰ ਸਾਂਭਣ ਲਈ ਹੋਰ ਸਲਾਹ ਮਸ਼ਵਰਾ ਕੀਤਾ ਜਾ ਸਕੇ ਤੇ ਹੈਲਥ ਕੇਅਰ ਸਿਸਟਮ ਨੂੰ ਬਿਹਤਰ ਢੰਗ ਨਾਲ ਤਿਆਰ ਕੀਤਾ ਜਾ ਸਕੇ। ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਉਹ ਇਸ ਬਿੱਲ ਦਾ ਸਮਰਥਨ ਕਰਦੇ ਹਨ। ਇਸ ਦੌਰਾਨ ਐਨਡੀਪੀ ਤੇ ਬਲਾਕ ਕਿਊਬਿਕੁਆ ਵੱਲੋਂ ਵੀ ਇਸ ਬਿੱਲ ਦੀ ਹਮਾਇਤ ਦਾ ਸੰਕੇਤ ਦਿੱਤਾ ਗਿਆ ਹੈ।

# ਸਪੈਡੀਨਾ ਸਬਵੇਅ ਸਟੇਸ਼ਨ ਉੱਤੇ ਮਹਿਲਾ ਦੇ ਮੂੰਹ ਉੱਤੇ ਚਾਕੂ ਨਾਲ ਵਾਰ ਕਰਨ ਵਾਲੇ 3 ਟੀਨੇਜਰਜ਼ ਗ੍ਰਿਫਤਾਰ



ਟੋਰਾਂਟੋ, 16 ਫਰਵਰੀ (ਪੋਸਟ ਬਿਊਰੋ) : ਪਿਛਲੇ ਵੀਕੈਂਡ ਸਪੈਡੀਨਾ ਸਬਵੇਅ ਸਟੇਸ਼ਨ ਉੱਤੇ ਇੱਕ ਮਹਿਲਾ ਦੇ ਮੂੰਹ ਉੱਤੇ ਚਾਕੂ ਨਾਲ ਵਾਰ ਕਰਨ ਦੇ ਮਾਮਲੇ ਵਿੱਚ ਟੋਰਾਂਟੋ ਪੁਲਿਸ ਵੱਲੋਂ ਤਿੰਨ ਟੀਨੇਜਰਜ਼ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

12 ਫਰਵਰੀ ਦਿਨ ਐਤਵਾਰ ਨੂੰ ਸ਼ਾਮੀਂ 6:34 ਉੱਤੇ ਪੁਲਿਸ ਅਧਿਕਾਰੀਆਂ ਨੂੰ ਸਟੇਸ਼ਨ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਕਿਸੇ ਗੱਲ ਨੂੰ ਲੈ ਕੇ ਤਿੰਨ ਮਸ਼ਕੂਕਾਂ ਦੀ ਇੱਕ ਮਹਿਲਾ ਨਾਲ ਬਹਿਸ ਹੋ ਗਈ। ਇਨ੍ਹਾਂ ਵਿੱਚੋਂ ਇੱਕ ਮਸ਼ਕੂਕ ਨੇ ਮਹਿਲਾ ਦੇ ਮੂੰਹ ਉੱਤੇ ਥੁੱਕਿਆ ਤੇ ਉਸ ਨੂੰ ਵਾਰੀ ਵਾਰੀ ਧੱਕਾ ਵੀ ਦਿੱਤਾ।ਐਨੇ ਨੂੰ ਇੱਕ ਹੋਰ ਮਸ਼ਕੂਕ ਨੇ ਚਾਕੂ ਨਾਲ ਮਹਿਲਾ ਦੇ ਮੂੰਹ ਉੱਤੇ ਵਾਰ ਕਰ ਦਿੱਤਾ। ਪੁਲਿਸ ਦੇ ਦੱਸਣ ਮੁਤਾਬਕ ਉਸ ਮਹਿਲਾ ਨੂੰ ਗੰਭੀਰ ਸੱਟ ਨਹੀਂ ਲੱਗੀ। ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਤਿੰਨੇ ਮਸ਼ਕੂਕ ਮੌਕੇ ਤੋਂ ਫਰਾਰ ਹੋ ਗਏ।

ਪਰ ਉਨ੍ਹਾਂ ਨੂੰ ਅਗਲੇ ਦਿਨ 13 ਫਰਵਰੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਆਖਿਆ ਕਿ ਇਨ੍ਹਾਂ ਮਸ਼ਕੂਕਾਂ ਵੱਲੋਂ ਕੁਲਹਾੜੀ ਨਾਲ ਇੱਕ ਪੁਲਿਸ ਅਧਿਕਾਰੀ ਉੱਤੇ ਹਮਲਾ ਕੀਤਾ ਗਿਆ। ਇਸ ਮਾਮਲੇ ਵਿੱਚ ਪੁਲਿਸ ਨੂੰ ਇਟੋਬੀਕੋ ਦੇ ਲਾਂਗ ਬ੍ਰਾਂਚ ਐਵਨਿਊ ਤੇ ਲੇਕ ਪ੍ਰੌਮਨੇਡ ਇਲਾਕੇ ਵਿੱਚ ਇੱਕ ਰਿਹਾਇਸ਼ੀ ਇਮਾਰਤ ਵਿੱਚ ਸੱਦਿਆ ਗਿਆ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਇੱਕ ਲੜਕੇ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤੇ ਇੱਕ ਹੋਰ ਲੜਕੇ ਤੇ ਲੜਕੀ ਨੂੰ ਵੀ ਚੌਕਸ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਇੱਕ ਲੜਕੇ ਨੇ ਪੁਲਿਸ ਅਧਿਕਾਰੀ ਨੂੰ ਕੁਹਾੜੀ ਨਾਲ ਵੀ ਧਮਕਾਇਆ।

16 ਤੇ 15 ਸਾਲਾਂ ਦੇ ਦੋ ਲੜਕਿਆਂ ਤੇ ਇੱਕ 15 ਸਾਲਾ ਲੜਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਨ੍ਹਾਂ ਉੱਤੇ ਹਮਲਾ ਕਰਨ, ਹਥਿਆਰ ਨਾਲ ਹਮਲਾ ਕਰਨ ਤੇ ਪੁਲਿਸ ਅਧਿਕਾਰੀ ਉੱਤੇ ਹਮਲਾ ਕਰਨ ਦੇ ਨਾਲ ਨਾਲ ਹਥਿਆਰ ਰੱਖਣ ਸਬੰਧੀ ਚਾਰਜ ਲਾਏ ਗਏ ਹਨ।

# ਚੱਲਦੀ ਗੱਡੀ ਵਿੱਚੋਂ 13 ਗੋਲੀਆਂ ਚਲਾ ਕੇ ਬਜ਼ੁਰਗ ਨੂੰ ਜ਼ਖ਼ਮੀ ਕਰਨ ਵਾਲਿਆਂ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 16 ਫਰਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਕਿੰਗ ਟਾਊਨਸ਼ਿਪ ਵਿੱਚ ਚੱਲਦੀ ਗੱਡੀ ਵਿੱਚੋਂ ਗੋਲੀਆਂ ਚਲਾ ਕੇ ਇੱਕ ਵਿਅਕਤੀ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰਨ ਵਾਲੇ ਮਸ਼ਕੂਕਾਂ ਦੀ ਯੌਰਕ ਰੀਜਨਲ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਐਤਵਾਰ ਨੂੰ ਸਵੇਰੇ 8:40 ਦੇ ਨੇੜੇ ਤੇੜੇ ਡਾਊਨਟਾਊਨ ਟੋਰਾਂਟੋ ਤੋਂ 50 ਕਿਲੋਮੀਟਰ ਨੌਰਥਵੈਸਟ ਵੱਲ ਸ਼ੌਮਬਰਗ ਨੇੜੇ ਵਾਪਰੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ 65 ਸਾਲਾ ਵਿਅਕਤੀ ਗੋਲੀਆਂ ਲੱਗਣ ਕਾਰਨ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਇਲਾਜ ਲਈ ਫੌਰੀ ਤੌਰ ਉੱਤੇ ਹਸਪਤਾਲ ਲਿਜਾਇਆ ਗਿਆ।ਇੰਸਪੈਕਟਰ ਜਿੰਮ ਕਿਲਬਾਇ ਨੇ ਆਖਿਆ ਕਿ ਕਿਸੇ ਆਮ ਵਿਅਕਤੀ ਖਿਲਾਫ ਇਸ ਕਾਇਰਾਨਾ ਹਿੰਸਕ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਇਹ ਵਿਅਕਤੀ ਸਵੇਰ ਦਾ ਆਨੰਦ ਮਾਣ ਰਿਹਾ ਸੀ ਤੇ ਹੋਰ ਕੁੱਝ ਨਹੀਂ ਸੀ ਕਰ ਰਿਹਾ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀ ਹਿੰਸਕ ਘਟਨਾ ਕਾਰਨ ਅਸੀਂ ਵੀ ਹੈਰਾਨ ਹਾਂ।

ਜਾਂਚਕਾਰਾਂ ਨੇ ਦੱਸਿਆ ਕਿ ਇਹ ਬਜ਼ੁਰਗ ਵਿਅਕਤੀ ਸੈਂਟਰ ਤੇ ਚਰਚ ਸਟਰੀਟ ਇਲਾਕੇ ਵਿੱਚ ਆਪਣੇ ਕੁੱਤੇ ਨੂੰ ਘੁਮਾ ਰਿਹਾ ਸੀ ਜਦੋਂ ਇੱਕ ਐਸਯੂਵੀ ਬੜੀ ਹੀ ਤੇਜ਼ ਰਫਤਾਰ ਨਾਲ ਉੱਥੋਂ ਲੰਘੀ। ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਨੇ ਹੈਰਾਨੀ ਨਾਲ ਐਨੀ ਤੇਜ਼ ਰਫਤਾਰ ਗੱਡੀ ਨੂੰ ਵੇਖਿਆ ਤੇ ਸਿਰ ਝਟਕਾਇਆ, ਥੋੜ੍ਹੀ ਦੇਰ ਬਾਅਦ ਗੱਡੀ ਘੁੰਮ ਕੇ ਉਸ ਦੇ ਦੁਆਲੇ ਹੀ ਆ ਗਈ। ਫਿਰ ਐਸਯੂਵੀ ਦੀ ਸਾਹਮਣੇ ਵਾਲੀ ਪੈਸੈਂਜਰ ਸੀਟ ਉੱਤੇ ਬੈਠੇ ਵਿਅਕਤੀ ਨੇ ਉਸ ਵਿਅਕਤੀ ਉੱਤੇ ਕਈ ਗੋਲੀਆਂ ਦਾਗ ਦਿੱਤੀਆਂ। ਪੁਲਿਸ ਨੇ ਦੱਸਿਆ ਕਿ 13 ਗੋਲੀਆਂ ਦਾਗੀਆਂ ਗਈਆਂ ਪਰ ਉਸ ਵਿਅਕਤੀ ਨੂੰ ਕਿੰਨੀਆਂ ਗੋਲੀਆਂ ਲੱਗੀਆਂ ਇਸ ਬਾਰੇ ਅਜੇ ਕੁੱਝ ਸਪਸ਼ਟ ਨਹੀਂ ਹੋ ਸਕਿਆ ਹੈ।

ਕਿੱਲਬਾਇ ਨੇ ਆਖਿਆ ਕਿ ਜ਼ਖ਼ਮੀ ਬਜ਼ੁਰਗ ਦੀ ਹਾਲਤ ਕਾਫੀ ਨਾਜ਼ੁਕ ਹੈ ਤੇ ਹਸਪਤਾਲ ਵਿੱਚ ਉਹ ਜੇਰੇ ਇਲਾਜ ਹੈ। ਜਾਂਚਕਾਰਾਂ ਨੇ ਦੱਸਿਆ ਕਿ ਮਸ਼ਕੂਕ ਤੇ ਜ਼ਖ਼ਮੀ ਵਿਅਕਤੀ ਵਿੱਚ ਕੋਈ ਸਬੰਧ ਵੀ ਨਹੀਂ ਹੈ। ਪੁਲਿਸ ਚਿੱਟੇ ਰੰਗ ਦੀ ਐਸਯੂਵੀ ਦੀ ਭਾਲ ਕਰ ਰਹੀ ਹੈ। ਸ਼ੂਟਰ ਕਨਕਵਿੰਨ੍ਹਾਂ ਦੱਸਿਆ ਜਾਂਦਾ ਹੈ। ਇਸ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਮਸ਼ਕੂਕ ਗੱਡੀ ਪੱਛਮ ਵੱਲ ਭਜਾ ਕੇ ਲੈ ਗਏ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਿਡਟਾਊਨ ਟੋਰਾਂਟੋ ਦੇ 5000 ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਹੋਈ ਗੁੱਲ




ਟੋਰਾਂਟੋ, 16 ਫਰਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਇਕਿਊਪਮੈਂਟ ਨਾਲ ਸਬੰਧਤ ਇੱਕ ਬਹੁਤ ਹੀ ਗੁੰਝਲਦਾਰ ਮਾਮਲਾ ਖੜ੍ਹਾ ਹੋਣ ਤੋਂ ਬਾਅਦ ਮਿਡਟਾਊਨ ਟੋਰਾਂਟੋ ਵਿੱਚ ਮੰਗਲਵਾਰ ਸਵੇਰੇ 5000 ਤੋਂ ਵੀ ਵੱਧ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਸਪਲਾਈ ਠੱਪ ਹੋ ਗਈ।

ਟੋਰਾਂਟੋ ਹਾਈਡਰੋ ਅਨੁਸਾਰ ਜ਼ਮੀਨਦੋਜ਼ ਇਕਿਊਪਮੈਂਟ ਦੇ ਫੇਲ੍ਹ ਹੋ ਜਾਣ ਕਾਰਨ ਉਸ ਦੀ ਤੁਰੰਤ ਮੁਰੰਮਤ ਦੀ ਲੋੜ ਪਈ ਤੇ ਇਸ ਕਾਰਨ ਰਾਤੀਂ 9:30 ਵਜੇ ਤੋਂ ਠੀਕ ਪਹਿਲਾਂ ਵੱਡੇ ਇਲਾਕੇ ਦੀ ਬਿਜਲੀ ਗੁੱਲ ਹੋ ਗਈ। ਇਸ ਕਾਰਨ ਸੇਂਟ ਕਲੇਅਰ ਐਵਨਿਊ ਦੇ ਦੱਖਣ ਵਿੱਚ ਗਲੈਨਕੇਅਰਨ ਐਵਨਿਊ ਤੇ ਮਾਊਂਟ ਪਲੈਜ਼ੈਂਟ ਰੋਡ ਦੇ ਪੂਰਬ ਵਿੱਚ ਬਾਥਰਸਟ ਸਟਰੀਟ ਇਲਾਕੇ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ।

ਟੋਰਾਂਟੋ ਹਾਈਡਰੋ ਦਾ ਕਹਿਣਾ ਹੈ ਕਿ ਇਸ ਖਰਾਬ ਹੋਏ ਇਕਿਊਪਮੈਂਟ ਨੂੰ ਠੀਕ ਕਰਨ ਲਈ ਅਮਲੇ ਵੱਲੋਂ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਤਾਜ਼ਾ ਅਪਡੇਟ ਅਨੁਸਾਰ ਇਸ ਦੀ ਮੁਰੰਮਤ ਦਾ ਕੰਮ ਗੁੰਝਲਦਾਰ ਹੈ ਤੇ ਇਸ ਨੂੰ ਮੁਕੰਮਲ

# ਨਵੀਂ ਹੈਲਥ ਫੰਡਿੰਗ ਸਬੰਧੀ ਫੈਡਰਲ ਸਰਕਾਰ ਦੀ ਪੇਸ਼ਕਸ਼ ਸਵੀਕਾਰਨ ਲਈ ਪ੍ਰੋਵਿੰਸ ਤਿਆਰ



ਓਟਵਾ, 16 ਫਰਵਰੀ (ਪੋਸਟ ਬਿਊਰੋ) : ਹੈਲਥ ਕੇਅਰ ਫੰਡਿੰਗ ਲਈ ਫੈਡਰਲ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਕਈ ਬਿਲੀਅਨ ਡਾਲਰ ਦੀ ਵਿੱਤੀ ਮਦਦ ਨੂੰ ਕੈਨੇਡਾ ਦੇ ਪ੍ਰੀਮੀਅਰਜ਼ ਵੱਲੋਂ ਰਸਮੀ ਤੌਰ ਉੱਤੇ ਸਵੀਕਾਰ ਕਰਨ ਦਾ ਮਨ ਬਣਾਇਆ ਗਿਆ ਹੈ। ਪਰ ਪ੍ਰੀਮੀਅਰਜ਼ ਦਾ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਇਹ ਫੰਡ 10 ਸਾਲਾਂ ਤੋਂ ਵੱਧ ਸਮੇਂ ਲਈ ਮਿਲਦੇ ਰਹਿਣ।

ਇਸ ਨਵੀਂ ਡੀਲ ਵਿੱਚ ਓਟਵਾ ਵੱਲੋਂ ਇੱਕ ਦਹਾਕੇ ਵਿੱਚ 46 ਬਿਲੀਅਨ ਡਾਲਰ ਦੀ ਰਕਮ ਪ੍ਰੋਵਿੰਸਾਂ ਨੂੰ ਹੈਲਥ ਕੇਅਰ ਲਈ ਦੇਣ ਦਾ ਫੈਸਲਾ ਕੀਤਾ ਗਿਆ ਹੈ। ਪ੍ਰੋਵਿੰਸਾਂ ਨੂੰ ਇਹ ਰਕਮ ਕੁੱਝ ਸ਼ਰਤਾਂ ਪੂਰੀਆਂ ਕਰਨ ਉੱਤੇ ਮਿਲੇਗੀ ਜਿਵੇਂ ਕਿ ਇਹ ਰਕਮ ਕਿੱਥੇ ਖਰਚੀ ਜਾਵੇਗੀ ਤੇ ਪ੍ਰੋਵਿੰਸਾਂ ਨੂੰ ਇਹ ਵੀ ਦੱਸਣਾ ਹੋਵੇਗਾ ਕਿ ਇਸ ਰਕਮ ਨਾਲ ਹੈਲਥ ਕੇਅਰ ਸਿਸਟਮ ਵਿੱਚ ਕਿਵੇਂ ਸੁਧਾਰ ਹੋਇਆ।ਪ੍ਰੀਮੀਅਰਜ਼ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਫੈਡਰਲ ਸਰਕਾਰ ਨਾਲ ਹੋਈ ਉਨ੍ਹਾਂ ਦੀ ਮੀਟਿੰਗ ਵਿੱਚ ਐਲਾਨੀ ਗਈ ਇਹ ਰਕਮ ਉਸ ਰਕਮ ਦੇ ਨੇੜੇ ਤੇੜੇ ਵੀ ਨਹੀਂ ਹੈ ਜਿਹੜੀ ਉਨ੍ਹਾਂ ਵੱਲੋਂ ਮੰਗੀ ਗਈ ਸੀ।ਪਰ ਪ੍ਰੀਮੀਅਰਜ਼ ਦਾ ਇਹ ਵੀ ਆਖਣਾ ਹੈ ਕਿ ਜੋ ਮਿਲ ਰਿਹਾ ਹੈ ਉਸ ਨੂੰ ਮੋੜਿਆ ਨਹੀਂ ਜਾ ਸਕਦਾ।

ਸੋਮਵਾਰ ਦੁਪਹਿਰ ਨੂੰ ਸਾਰੇ ਪ੍ਰੀਮੀਅਰਜ਼ ਵੱਲੋਂ ਕੀਤੀ ਗਈ ਵਰਚੂਅਲ ਮੀਟਿੰਗ ਤੋਂ ਬਾਅਦ ਇੱਕ ਇੰਟਰਵਿਊ ਵਿੱਚ ਮੈਨੀਟੋਬਾ ਦੀ ਪ੍ਰੀਮੀਅਰ ਹੈਦਰ ਸਟੀਫਨਸਨ ਨੇ ਆਖਿਆ ਕਿ ਅਸੀਂ ਫੈਡਰਲ ਫੰਡਿੰਗ ਨੂੰ ਸਵੀਕਾਰਨ ਦਾ ਫੈਸਲਾ ਕੀਤਾ ਹੈ। ਸਾਨੂੰ ਲੱਗਦਾ ਹੈ ਕਿ ਇਹ ਸਹੀ ਦਿਸ਼ਾ ਵੱਲ ਚੁੱਕਿਆ ਜਾਣ ਵਾਲਾ ਕਦਮ ਹੈ। ਉਨ੍ਹਾਂ ਆਖਿਆ ਕਿ ਸਾਰੇ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਹੈਲਥ ਕੇਅਰ ਨਾਲ ਸਬੰਧਤ ਫੰਡਿੰਗ ਬਾਬਤ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਸ ਲਈ ਇਹ ਰਕਮ ਕਾਫੀ ਨਹੀਂ ਹੋਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਇਸ ਸਮੇਂ ਸਟੀਫਨਸਨ ਪ੍ਰੀਮੀਅਰਜ਼ ਦੇ ਗਰੁੱਪ, ਜਿਸ ਨੂੰ ਕਾਊਂਸਲ ਆਫ ਦ ਫੈਡਰੇਸ਼ਨ ਵਜੋਂ ਵੀ ਜਾਣਿਆ ਜਾਂਦਾ ਹੈ, ਦੀ ਚੇਅਰ ਤੇ ਤਰਜ਼ਮਾਨ ਹੈ।

ਪਿਛਲੇ ਹਫਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤੀ ਗਈ ਪੇਸ਼ਕਸ਼ ਵਿੱਚ ਕੈਨੇਡਾ ਹੈਲਥ ਟਰਾਂਸਫਰ ਲਈ 2 ਬਿਲੀਅਨ ਡਾਲਰ ਫਰੀ ਦਿੱਤੇ ਜਾਣਗੇ, ਅਗਲੇ ਪੰਜ ਸਾਲਾਂ ਲਈ ਹਰੇਕ ਸਾਲ ਪੰਜ ਫੀ ਸਦੀ ਦਾ ਵਾਧਾ ਕੀਤਾ ਜਾਵੇਗਾ ਤੇ ਅਗਲੇ 10 ਸਾਲਾਂ ਲਈ ਤਰਜੀਹੀ ਖੇਤਰਾਂ ਜਿਵੇਂ ਕਿ ਮੈਂਟਲ ਹੈਲਥ, ਡਾਟਾ ਕੁਲੈਕਸ਼ਨ, ਫੈਮਿਲੀ ਮੈਡੀਸਿਨ, ਸਰਜੀਕਲ ਬੈਕਲਾਗ ਤੇ ਹੈਲਥ ਹਿਊਮਨ ਰਿਸੋਰਸਿਜ਼, ਲਈ 25 ਬਿਲੀਅਨ ਡਾਲਰ ਦਿੱਤੇ ਜਾਣਗੇ।ਓਟਵਾ ਹਰੇਕ ਪ੍ਰੋਵਿੰਸ ਤੇ ਟੈਰੇਟਰੀ ਨਾਲ ਉਸ ਦੀਆਂ ਵਿਲੱਖਣ ਲੋੜਾਂ ਦੇ ਹਿਸਾਬ ਨਾਲ ਸਮਝੌਤੇ ਉੱਤੇ ਦਸਤਖ਼ਤ ਕਰਨੇ ਚਾਹੁੰਦਾ ਹੈ। ਸਿਹਤ ਮੰਤਰੀ ਜੀਨ ਯਵੇਸ ਡਕਲਸ ਤੇ ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲਾਂਕ ਵੱਲੋਂ ਪਹਿਲਾਂ ਹੀ ਓਨਟਾਰੀਓ, ਨੋਵਾ ਸਕੋਸ਼ੀਆ ਤੇ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਨਾਲ ਇਸ ਸਮਝੌਤੇ ਉੱਤੇ ਸਹੀ ਪਾਉਣ ਲਈ ਮੁਲਾਕਾਤ ਕੀਤੀ ਜਾ ਚੁੱਕੀ ਹੈ।

# ਸਕਾਰਬਰੋ ਵਿੱਚ ਛੁਰੇਬਾਜ਼ੀ ਵਿੱਚ ਦੋ ਜ਼ਖ਼ਮੀ



ਸਕਾਰਬਰੋ, 16 ਫਰਵਰੀ (ਪੋਸਟ ਬਿਊਰੋ) : ਸਕਾਰਬਰੋ ਵਿੱਚ ਛੁਰੇਬਾਜ਼ੀ ਤੋਂ ਬਾਅਦ ਦੋ ਵਿਅਕਤੀ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਜਿੱਥੇ ਇੱਕ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਸੋਮਵਾਰ ਨੂੰ ਸਵੇਰੇ 6:00 ਵਜੇ ਤੋਂ ਬਾਅਦ ਐਲਸਮੇਅਰ ਰੋਡ ਨੇੜੇ ਬੈਲਾਮੀ ਰੋਡ ਨੌਰਥ ਤੇ ਐਂਬਰਜੈਕ ਬੁਲੇਵਾਰਡ ਏਰੀਆ ਵਿੱਚ ਵਾਪਰੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਟੋਰਾਂਟੋ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਘਰ ਵਿੱਚ ਮੌਜੂਦ ਦੋ ਵਿਅਕਤੀਆਂ ਵਿੱਚ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਿਆ ਤੇ ਇਸ ਤੋਂ ਬਾਅਦ ਹੀ ਇੱਕ ਵੱਲੋਂ ਦੂਜੇ ਨੂੰ ਚਾਕੂ ਮਾਰ ਦਿੱਤਾ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਇੱਕ ਹੋਰ ਵਿਅਕਤੀ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਕਿਸੇ ਨੂੰ ਗ੍ਰਿਫਤਾਰ ਕੀਤੇ ਜਾਣ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਮੱਲ ਸਿੰਘ ਬਾਸੀ ਦਾ 84ਵੇਂ ਜਨਮ ਦਿਨ 'ਤੇ ਹੋਇਆ ਵਿਸ਼ੇਸ਼ ਸਨਮਾਨ

ਟੋਰਾਂਟੋਂ, 16 ਫਰਵਰੀ (ਹਰਜੀਤ ਸਿੰਘ ਬਾਜਵਾ): ਬੀਤੇ ਦਿਨੀ 84ਸਾਲ ਦੇ ਗੱਭਰੂ ਵੱਜੋਂ ਜਾਣੇ ਜਾਂਦੇ ਉੱਘੇ ਸਮਾਜ ਸੇਵਕ, ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਅਤੇ ਕੋਚ, ਸੀਨੀਅਰਜ਼ ਪੈਨਸ਼ਨਰਾਂ ਦੇ ਅਧਿਕਾਰਾਂ ਲਈ ਯਤਨਸ਼ੀਲ ਸਮਾਜਿਕ ਆਗੂ ਸ. ਮੱਲ ਸਿੰਘ ਬਾਸੀ ਦਾ 84ਵਾਂ ਜਨਮ ਦਿਨ ਉਹਨਾਂ ਦੇ ਸ਼ੁਭ ਚਿੰਤਕਾਂ ਦੀ ਹਾਜ਼ਰੀ ਵਿੱਚ ਮਨਾਇਆ ਗਿਆ ਇਸ ਮੌਕੇ ਜਿੱਥੇ ਅੰਕਲ ਬਾਸੀ ਕਰਕੇ ਜਾਂਣੇ ਜਾਦੇ ਸ. ਮੱਲ ਸਿੰਘ ਬਾਸੀ ਨੂੰ ਮੈਂਬਰ-ਪਾਰਲੀਮੈਂਟ ਸ. ਮਨਿੰਦਰ ਸਿੱਧੂ ਨੇ ਕਨੇਡਾ ਸਰਕਾਰ ਵੱਲੋਂ ਉਹਨਾਂ ਦੇ ਜਨਮ ਦਿਨ ਤੇ' ਉਹਨਾਂ ਦੀਆਂ ਸੇਵਾਵਾਂ ਬਦਲੇ ਸਨਮਾਨ ਚਿੰਨ ਅਤੇ ਪ੍ਰਸੰਸਾ ਪੱਤਰ ਪ੍ਰਦਾਨ ਕੀਤਾ ਅਤੇ ਉਹਨਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ ਇਸ ਮੌਕੇ ਭਾਈਚਾਰੇ ਦੇ ਹੋਰ ਵੀ ਬਹੁਤ ਸਾਰੇ ਸੱਜਣ ਮੌਜੂਦ ਸਨ।



# ਗੈਸ ਲੀਕ ਹੋਣ ਕਾਰਨ ਓਟਵਾ ਵਿੱਚ ਉਸਾਰੀ ਅਧੀਨ ਕਈ ਘਰ ਹੋਏ ਤਬਾਹ

ਓਟਵਾ, 16 ਫਰਵਰੀ (ਪੋਸਟ ਬਿਊਰੋ) :ਬੀਤੇ ਦਿਨੀਂ ਪੂਰਬੀ ਓਟਵਾ ਵਿੱਚ ਗੈਸ ਲੀਕ ਹੋਣ ਕਾਰਨ ਲੱਗੀ ਅੱਗ ਕਾਰਨ ਉਸਾਰੀ ਅਧੀਨ ਕਈ ਘਰ ਤਬਾਹ ਹੋ ਗਏ ਤੇ ਇੱਕ ਵਿਅਕਤੀ ਇਨ੍ਹਾਂ ਘਰਾਂ ਦੇ ਮਲਬੇ ਹੇਠ ਦੱਬ ਗਿਆ। ਬਾਅਦ ਵਿੱਚ ਉਸ ਨੂੰ ਮਲਬੇ ਵਿੱਚੋਂ ਕੱਢਿਆ ਗਿਆ। ਇਹ ਜਾਣਕਾਰੀ ਫਾਇਰ ਕ੍ਰਿਊ ਵੱਲੋਂ ਦਿੱਤੀ ਗਈ। ਓਟਵਾ ਫਾਇਰ ਸਰਵਿਸਿਜ਼ ਦਾ ਕਹਿਣਾ ਹੈ ਕਿ ਇਹ ਧਮਾਕਾ ਸੋਮਵਾਰ ਨੂੰ ਓਰਲੀਅਨਜ਼ ਸਬਅਰਬ ਵਿੱਚ ਹੋਇਆ। ਪੈਰਾਮੈਡਿਕਸ ਨੇ ਦੱਸਿਆ ਕਿ ਇਸ ਸਮੇਂ ਉਹ ਅੱਠ ਵਿਅਕਤੀਆਂ ਦਾ ਇਲਾਜ ਕਰ ਰਹੇ ਹਨ। ਇੱਕ ਵਿਅਕਤੀ ਨੂੰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਵੀ ਦੱਸਿਆ ਗਿਆ ਕਿ ਕਿਸੇ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ ਹਨ।



ਫਾਇਰ ਅਮਲੇ ਨੇ ਦੱਸਿਆ ਕਿ ਗੈਸ ਸਵੇਰੇ 7:00 ਵਜੇ ਤੋਂ ਬਾਅਦ ਵੀ ਲੀਕ ਹੋ ਰਹੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਨੂੰ ਮਲਬੇ ਵਿੱਚੋਂ ਕੱਢਣ ਲਈ ਫਾਇਰਫਾਈਟਰਜ਼ ਨੂੰ ਚੇਨਸਾਅ ਦੀ ਵਰਤੋਂ ਕਰਨੀ ਪਈ। ਉਸ ਵਿਅਕਤੀ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਓਟਵਾ ਪੁਲਿਸ ਨੇ ਦੱਸਿਆ ਕਿ ਇਸ ਇਲਾਕੇ ਦੀਆਂ ਸਾਰੀਆਂ ਸੜਕਾਂ ਬੰਦ ਕਰ ਦਿੱਤੀਆਂ ਗਈਆਂ। ਧਮਾਕੇ ਕਾਰਨ ਬੇਘਰ ਹੋਏ ਲੋਕਾਂ ਨੂੰ ਪੁਲਿਸ ਵੱਲੋਂ ਨੇੜੇ ਹੀ ਸਥਿਤ ਇੱਕ ਮੀਟਿੰਗ ਪੁਆਇੰਟ ਉੱਤੇ ਭੇਜਿਆ ਗਿਆ।

# ਪਤਨੀ ਤੋਂ 12 ਕਰੋੜ ਦੀ ਜਿੱਤੀ ਲਾਟਰੀ ਲੁਕਾਈ, ਸਾਬਕਾ ਪਤਨੀ ਲਈ ਖਰੀਦਿਆ ਫਲੈਟ, ਹੁਣ ਹੋਈ ਕਾਰਵਾਈ

ਬੀਜਿੰਗ, 16 ਫਰਵਰੀ (ਪੋਸਟ ਬਿਊਰੋ) - ਇਕ ਚੀਨੀ ਵਿਅਕਤੀ ਜਿਸ ਨੇ 10 ਮਿਲੀਅਨ ਯੁਆਨ (12.13 ਕਰੋੜ ਰੁਪਏ) ਦੀ ਲਾਟਰੀ ਜਿੱਤੀ ਅਤੇ ਆਪਣੀ ਪਤਨੀ ਤੋਂ ਆਪਣੀ ਜਿੱਤ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ, ਨੂੰ ਮੁਆਵਜ਼ੇ ਵਜੋਂ ਲੱਖਾਂ ਯੁਆਨ ਦੇਣ ਦਾ ਹੁਕਮ ਦਿੱਤਾ ਗਿਆ ਹੈ। ਸਾਊਥ ਚਾਈਨਾ ਮਾਰਨਿੰਗ ਪੋਸਟ ਦੀ ਰਿਪੋਰਟ ਮੁਤਾਬਕ ਝੂ ਨਾਂ ਦੇ ਵਿਅਕਤੀ ਨੇ ਦੋ ਸਾਲ ਪਹਿਲਾਂ 10 ਮਿਲੀਅਨ ਯੁਆਨ ਦੀ ਲਾਟਰੀ ਜਿੱਤੀ ਸੀ ਅਤੇ ਟੈਕਸ ਕੱਟ ਕੇ 8.43 ਮਿਲੀਅਨ ਯੁਆਨ (10.22 ਕਰੋੜ ਰੁਪਏ) ਪ੍ਰਾਪਤ ਕੀਤੇ ਸਨ।



ਹਾਲਾਂਕਿ, ਉਸਨੇ ਆਪਣੀ ਪਤਨੀ, ਉਪਨਾਮ ਲਿਨ ਤੋਂ ਜਾਣਕਾਰੀ ਨੂੰ ਲੁਕਾਇਆ ਸੀ। ਝੌ ਨੇ ਇਨਾਮੀ ਰਕਮ ਦਾ ਇੱਕ ਹਿੱਸਾ ਆਪਣੀ ਵੱਡੀ ਭੈਣ ਨੂੰ ਦੇਣ ਅਤੇ ਆਪਣੀ ਸਾਬਕਾ ਪਤਨੀ ਨੂੰ ਇੱਕ ਫਲੈਟ ਖਰੀਦਣ ਵਿੱਚ ਮਦਦ ਕਰਨ ਬਾਰੇ ਖਰਚਣ ਦਾ ਫੈਸਲਾ ਕੀਤਾ। ਜਦੋਂ ਉਸਦੀ ਮੌਜੂਦਾ ਪਤਨੀ ਨੂੰ ਉਸਦੇ ਧੋਖੇ ਦਾ ਪਤਾ ਲੱਗਿਆ ਤਾਂ ਉਸਨੇ ਤਲਾਕ ਲਈ ਅਰਜ਼ੀ ਦਿੱਤੀ ਅਤੇ ਜੋੜੇ ਦੀ ਸਾਂਝੀ ਜਾਇਦਾਦ ਨੂੰ ਬਰਾਬਰ ਵੰਡਣ ਦੀ ਮੰਗ ਕੀਤੀ। ਉਸਨੇ ਅਦਾਲਤ ਨੂੰ ਇਹ ਵੀ ਬੇਨਤੀ ਕੀਤੀ ਕਿ ਉਸਦੇ ਪਤੀ ਨੂੰ ਉਸ ਦੀ ਭੈਣ ਅਤੇ ਸਾਬਕਾ ਪਤਨੀ 'ਤੇ ਖਰਚ ਕੀਤੇ ਗਏ 2.7 ਮਿਲੀਅਨ ਯੁਆਨ (3,27,92,822 ਰੁਪਏ) ਦਾ ਦੋ ਤਿਹਾਈ ਹਿੱਸਾ ਵਾਪਸ ਕਰਨ ਦਾ ਹੁਕਮ ਦਿੱਤਾ ਜਾਵੇ।

ਕੇਸ ਦੀ ਸੁਣਵਾਈ ਕਰਦਿਆਂ, ਪੂਰਬੀ ਚੀਨ ਦੇ ਝੇਜਿਆਂਗ ਪ੍ਰਾਂਤ ਦੀ ਇਕ ਅਦਾਲਤ ਨੇ ਪਾਇਆ ਕਿ ਲਾਟਰੀ ਜਿੱਤਣ ਲਈ ਝੂ ਨੇ ਆਪਣੀ ਭੈਣ ਅਤੇ ਸਾਬਕਾ ਪਤਨੀ ਨੂੰ ਜੋ ਪੈਸਾ ਦਿੱਤਾ ਸੀ, ਉਹ ਜੋੜੇ ਦੀ ਸਾਂਝੀ ਜਾਇਦਾਦ ਦਾ ਹਿੱਸਾ ਸੀ। ਅਦਾਲਤ ਨੇ ਅੱਗੇ ਕਿਹਾ ਕਿ ਇਨਾਮੀ ਰਕਮ ਨੂੰ ਉਸਦੀ ਪਤਨੀ ਤੋਂ ਛੁਪਾਉਣਾ ਜੋੜੇ ਦੀ ਸਾਂਝੀ ਜਾਇਦਾਦ ਦਾ ਗਬਨ ਕਰਨ ਦੇ ਬਰਾਬਰ ਹੈ। ਜ਼ੌ ਨੂੰ ਬਾਅਦ ਵਿੱਚ ਆਪਣੀ ਪਤਨੀ ਲਿਨ ਨੂੰ ਲੁਕਵੀਂ ਜਿੱਤ ਦਾ 60 ਪ੍ਰਤੀਸ਼ਤ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ ਸੀ।

ਚੀਨ ਦੀ ਇਹ ਕਹਾਣੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ, ਜਿਸ 'ਤੇ ਕਈ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਆ ਰਹੀਆਂ ਹਨ, ਜਿਸ 'ਚ ਲੋਕ ਆਪਣੇ ਸਵਾਰਥ ਲਈ ਪਤੀ ਦੀ ਆਲੋਚਨਾ ਕਰ ਰਹੇ ਹਨ।

# ਤਾਜਿਕਸਤਾਨ ਵਿੱਚ ਫਸੇ ਦਰਜਨਾਂ ਭਾਰਤੀ, ਕਿਹਾ ਬਰਫ਼ ਪਿਘਲਾ ਕੇ ਪੀ ਰਹੇ ਪਾਣੀ

ਨਵੀਂ ਦਿੱਲੀ, 16 ਫਰਵਰੀ (ਪੋਸਟ ਬਿਊਰੋ) - ਭਾਰਤ ਤੋਂ ਦਰਜਨਾਂ ਲੋਕ ਤਜ਼ਾਕਿਸਤਾਨ ਜਾਣ ਤੋਂ ਬਾਅਦ ਬੁਰੀ ਹਾਲਤ ਵਿੱਚ ਫਸ ਗਏ ਹਨ। ਉਹ ਭਾਰਤ ਸਰਕਾਰ ਨੂੰ ਆਪਣੇ ਵਤਨ ਪਰਤਣ ਦੀ ਅਪੀਲ ਕਰ ਰਹੇ ਹਨ। ਇਹ ਲੋਕ ਇੱਕ ਏਜੰਟ ਰਾਹੀਂ ਨੌਕਰੀ ਲਈ ਤਜ਼ਾਕਿਸਤਾਨ ਗਏ ਸਨ। ਤਜ਼ਾਕਿਸਤਾਨ ਦੇ ਕੁਝ ਲੋਕਾਂ ਨੇ ਦੱਸਿਆ ਕਿ ਇੱਥੇ ਕਰੀਬ 200 ਲੋਕ ਫਸੇ ਹੋਏ ਹਨ ਅਤੇ ਇਨ੍ਹਾਂ 'ਚੋਂ ਜ਼ਿਆਦਾਤਰ ਡਰਾਈਵਰ ਹਨ। ਇਹ ਲੋਕ ਯੂਪੀ, ਬਿਹਾਰ, ਝਾਰਖੰਡ ਦੇ ਵਸਨੀਕ ਹਨ।



ਰਿਪੋਰਟ ਮੁਤਾਬਕ ਝਾਰਖੰਡ ਦੇ ਘੱਟੋ-ਘੱਟ 36 ਮਜ਼ਦੂਰ ਪਿਛਲੇ ਦੋ ਮਹੀਨਿਆਂ ਤੋਂ ਇੱਥੇ ਫਸੇ ਹੋਏ ਹਨ। ਹਜ਼ਾਰੀਬਾਗ ਦੀ ਡਿਪਟੀ ਕਮਿਸ਼ਨਰ ਨੈਂਸੀ ਸਹਾਏ ਨੇ ਕਿਹਾ ਕਿ ਸਾਨੂੰ ਇਨ੍ਹਾਂ ਮਜ਼ਦੂਰਾਂ ਦੇ ਕਈ ਰਿਸ਼ਤੇਦਾਰਾਂ ਤੋਂ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਤਾਜਿਕ-ਸਤਾਨ ਵਿੱਚ ਫਸੇ ਇਹ ਲੋਕ ਬੰਧੂਆ ਮਜ਼ਦੂਰਾਂ ਵਜੋਂ ਕੰਮ ਕਰਨ ਲਈ ਮਜਬੂਰ ਹਨ।

ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਤਜ਼ਾਕਿਸਤਾਨ ਪਹੁੰਚਦੇ ਹੀ ਉਨ੍ਹਾਂ ਨੂੰ ਧੋਖੇ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਲੋਕਾਂ ਨੂੰ ਵਾਅਦੇ ਮੁਤਾਬਕ ਸਹੂਲਤਾਂ ਨਹੀਂ ਮਿਲੀਆਂ। ਡਰਾਈਵਰਾਂ ਤੋਂ ਉਹ ਕੰਮ ਕਰਵਾਏ, ਜੋ ਉਨ੍ਹਾਂ ਨੂੰ ਪਹਿਲਾਂ ਨਹੀਂ ਦੱਸਿਆ ਗਿਆ ਸੀ। ਇਹ ਸਾਰੇ ਡਰਾਈਵਰ ਅੱਤ ਦੀ ਠੰਢ ਵਿੱਚ ਕੰਮ ਕਰ ਰਹੇ ਹਨ। ਕਈ ਵਾਰ ਇੱਥੇ ਤਾਪਮਾਨ ਮਾਈਨਸ ਤੱਕ ਪਹੁੰਚ ਜਾਂਦਾ ਹੈ। ਇਨ੍ਹਾਂ ਡਰਾਈਵਰਾਂ ਦੀਆਂ ਬਣਾਈਆਂ ਕਈ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ।

# ਟੀਟੀਪੀ ਖਿਲਾਫ ਪਾਕਿ ਫੌਜ ਦੀ ਵੱਡੀ ਕਾਰਵਾਈ, 7 ਅੱਤਵਾਦੀ ਢੇਰ

ਇਸਲਾਮਾਬਾਦ, 16 ਫਰਵਰੀ (ਪੋਸਟ ਬਿਊਰੋ) - ਪਾਕਿਸਤਾਨ ਦੇ ਖੈਬਰ ਪਖਤੂਨਖਵਾ 'ਚ ਸੁਰੱਖਿਆ ਬਲਾਂ ਨੇ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦੇ 7 ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਮਾਰੇ ਗਏ ਲੋਕਾਂ ਵਿਚ ਤਿੰਨ ਅੰਡਰ ਟਰਾਇਲ ਕੈਦੀ ਵੀ ਹਨ।

ਟੀਟੀਪੀ ਦੇ ਹਿਰਾਸਤ ਵਿਚ ਲਏ ਗਏ ਅੱਤਵਾਦੀਆਂ ਨੂੰ ਲੈ ਕੇ ਜਾ ਰਹੀ ਪਾਕਿਸਤਾਨੀ ਸੁਰੱਖਿਆ ਬਲਾਂ ਦੀ ਕਾਊਂਟਰ ਟੈਰੋਰਿਜ਼ਮ ਡਿਪਾਰਟਮੈਂਟ (ਸੀਟੀਡੀ) ਟੀਮ 'ਤੇ ਹਮਲਾ ਕੀਤਾ ਗਿਆ, ਜਿਸ ਤੋਂ ਬਾਅਦ ਜਵਾਬੀ ਕਾਰਵਾਈ ਵਿਚ ਸੱਤ ਅੱਤਵਾਦੀ ਮਾਰੇ ਗਏ। ਮਾਰੇ ਗਏ ਅੱਤਵਾਦੀਆਂ 'ਚ ਤਿੰਨ ਕੈਦੀ ਵੀ ਸ਼ਾਮਲ ਹਨ ਜਦਕਿ ਬਾਕੀ ਭੱਜ ਗਏ।

ਟੀਟੀਪੀ ਦੇ ਅੱਤਵਾਦੀਆਂ ਨੇ ਇਹ ਹਮਲਾ ਅਜਿਹੇ ਸਮੇਂ ਕੀਤਾ ਜਦੋਂ ਸੀਟੀਡੀ ਇਨ੍ਹਾਂ ਅੱਤਵਾਦੀਆਂ ਨੂੰ ਬੰਨੂ ਸੂਬੇ ਲੈ ਜਾ ਰਹੀ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਅੱਤਵਾਦੀਆਂ ਨੂੰ ਮਾਰਿਆ ਗਿਆ ਹੈ। ਇਹ ਪਹਿਲਾਂ ਸੁਰੱਖਿਆ ਬਲਾਂ 'ਤੇ ਹੋਏ ਹਮਲਿਆਂ 'ਚ ਵੀ ਸ਼ਾਮਲ ਸਨ। ਪਾਕਿਸਤਾਨ ਦੀ ਬੰਨੂ ਛਾਉਣੀ ਪੁਲਿਸ



'ਤੇ ਹਮਲੇ 'ਚ ਇਨ੍ਹਾਂ ਦੀ ਭਾਲ ਕੀਤੀ ਜਾ ਰਹੀ ਸੀ। ਇਸ ਘਟਨਾ ਤੋਂ ਬਾਅਦ ਭਾਰੀ ਪੁਲਿਸ ਬਲ ਤਾਇਨਾਤ ਕਰ ਦਿੱਤਾ ਗਿਆ ਅਤੇ ਫਰਾਰ ਅੱਤਵਾਦੀਆਂ ਨੂੰ ਫੜਨ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਗਈ।

ਤਾਲਿਬਾਨ ਨੇ ਪਿਛਲੇ ਸਾਲ ਅਗਸਤ 'ਚ ਅਫਗਾਨ ਸੱਤਾ 'ਤੇ ਮੁੜ ਕਬਜ਼ਾ ਕਰ ਲਿਆ ਸੀ। ਟੀਟੀਪੀ ਇੱਕ ਕੱਟੜਪੰਥੀ ਇਸਲਾਮੀ ਸੰਗਠਨ ਹੈ ਅਤੇ ਇਸ ਦੇ ਤਾਲਿਬਾਨ ਨਾਲ ਸਬੰਧ ਹਨ। ਨਵੰਬਰ 2022 ਵਿੱਚ ਅਫਗਾਨ ਤਾਲਿਬਾਨ ਦੇ ਜੰਗਬੰਦੀ ਨੂੰ ਖਤਮ ਕਰਨ ਦੇ ਐਲਾਨ ਤੋਂ ਬਾਅਦ ਟੀਟੀਪੀ ਨੇ ਪਾਕਿਸਤਾਨ ਵਿੱਚ ਹਮਲੇ ਤੇਜ਼ ਕਰ ਦਿੱਤੇ ਹਨ। ਇਸਲਾਮਾਬਾਦ ਸਥਿਤ ਇੱਕ ਥਿੰਕ-ਟੈਂਕ ਨੇ ਟੀਟੀਪੀ ਦੇ ਉਭਾਰ ਨੂੰ ਦੇਸ਼ ਲਈ ਸਭ ਤੋਂ ਵੱਡਾ ਖ਼ਤਰਾ ਦੱਸਿਆ ਹੈ। ਪਿਛਲੇ ਦਹਾਕੇ ਦੇ ਮੁਕਾਬਲੇ ਸਾਲ 2022 ਪਾਕਿਸਤਾਨੀ ਸੁਰੱਖਿਆ ਕਰਮੀਆਂ ਲਈ ਸਭ ਤੋਂ ਚੁਣੌਤੀਪੂਰਨ ਸਾਬਤ ਹੋਇਆ ਹੈ।

# ਭੂਚਾਲ ਦੇ ਨਾਲ ਕੜਾਕੇ ਦੀ ਠੰਢ ਨਾਲ ਜੂਝ ਰਿਹਾ ਤੁਰਕੀ, ਭਾਰਤੀ ਡਾਕਟਰ ਬਣੇ ਉਮੀਦ ਦੀ ਕਿਰਨ

ਅੰਕਾਰਾ, 16 ਫਰਵਰੀ (ਪੋਸਟ ਬਿਊਰੋ) - ਤੁਰਕੀ ਵਿਚ ਆਏ ਭਿਆਨਕ ਭੂਚਾਲ ਨੇ ਭਾਰੀ ਤਬਾਹੀ ਮਚਾਈ ਹੈ। ਤੁਰਕੀ 'ਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 28 ਹਜ਼ਾਰ ਨੂੰ ਪਾਰ ਕਰ ਗਈ ਹੈ। ਭਾਰਤੀ ਫੌਜ ਅਤੇ ਦੀਆਂ ਟੀਮਾਂ ਤੁਰਕੀ ਵਿੱਚ ਬਚਾਅ ਅਤੇ ਰਾਹਤ ਕਾਰਜਾਂ ਵਿਚ ਲੱਗੀਆਂ ਹੋਈਆਂ ਹਨ। ਭਾਰਤੀ ਫੌਜ ਨੇ ਤੁਰਕੀ ਦੇ ਹਤਾਏ ਸੂਬੇ ਦੇ ਇਸਕੇਂਡਰੁਨ ਸ਼ਹਿਰ ਵਿੱਚ ਇੱਕ ਫੀਲਡ ਹਸਪਤਾਲ ਸਥਾਪਿਤ ਕੀਤਾ ਹੈ।

ਤੁਰਕੀ ਦਾ ਹਤਾਏ ਪ੍ਰਾਂਤ ਸਭ ਤੋਂ ਵੱਧ ਭੂਚਾਲ ਪ੍ਰਭਾਵਿਤ ਸੂਬਿਆਂ ਵਿੱਚੋਂ ਇੱਕ ਹੈ। ਇੱਥੇ ਭਾਰਤੀ ਫੌਜ ਦੇ ਫੀਲਡ ਹਸਪਤਾਲ ਵਿਚ ਲੋਕਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਲੈਫਟੀਨੈਂਟ ਯਾਦਵੀਰ ਸਿੰਘ ਨੇ ਦੱਸਿਆ ਕਿ ਹੁਣ ਤੱਕ 800 ਮਰੀਜ਼ਾਂ ਦੀ ਜਾਨ ਬਚਾਈ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਤੁਰਕੀ ਨੂੰ ਸਾਡੀ ਲੋੜ ਹੈ, ਅਸੀਂ ਇੱਥੇ ਰਹਾਂਗੇ।

ਇਸ ਦੇ ਨਾਲ ਹੀ ਇਕ ਹੋਰ ਫੌਜੀ ਅਧਿਕਾਰੀ ਨੇ ਕਿਹਾ ਕਿ ਅਸੀਂ ਰੋਜਾਨਾ 10 ਤੋਂ 12 ਸਰਜਰੀਆਂ ਕਰ



ਰਹੇ ਹਾਂ। ਉਨ੍ਹਾਂ ਦੱਸਿਆ ਕਿ 96 ਘੰਟੇ ਬਾਅਦ ਇੱਕ ਵਿਅਕਤੀ ਨੂੰ ਬਚਾ ਲਿਆ ਗਿਆ, ਜਿਸ ਦਾ ਫੀਲਡ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲ ਵਿਚ ਰੋਜ਼ਾਨਾ 200 ਤੋਂ 300 ਮਰੀਜ਼ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲੇ 48 ਘੰਟਿਆਂ ਵਿਚ ਆਉਣ ਵਾਲੇ ਮਰੀਜ਼ਾਂ ਦੇ ਬਚਣ ਦੀ ਸੰਭਾਵਨਾ ਵੱਧ ਹੁੰਦੀ ਹੈ, ਪਰ ਚਾਰ-ਪੰਜ ਦਿਨਾਂ ਬਾਅਦ ਇਹ ਸੰਭਾਵਨਾ ਘਟ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇੱਥੇ ਤਾਪਮਾਨ ਬਹੁਤ ਘੱਟ ਹੈ ਅਤੇ ਮਲਬੇ ਹੇਠਾਂ ਦੱਬੇ ਵਿਅਕਤੀ ਨੂੰ ਤਾਪਮਾਨ ਘੱਟ ਹੋਣ ਕਾਰਨ ਹਾਈਪੋਥਰਮੀਆ ਅਤੇ ਡੀਹਾਈਡ੍ਰੇਸਨ ਦਾ ਖਤਰਾ ਰਹਿੰਦਾ ਹੈ।

ਮਰੀਜਾਂ ਨੂੰ ਲਗਾਤਾਰ ਹਸਪਤਾਲ ਲਿਆਂਦਾ ਜਾ ਰਿਹਾ ਹੈ। ਤੁਰਕੀ ਦੀ ਇਕ ਔਰਤ ਨੇ ਦੱਸਿਆ ਕਿ ਭੂਚਾਲ ਕਾਰਨ ਉਸ ਦੇ ਭਰਾ ਦੀ ਮੌਤ ਹੋ ਗਈ ਹੈ। ਜਦਕਿ ਉਸਦਾ ਪਤੀ, ਪਿਤਾ ਅਤੇ ਭੈਣ ਭਾਰਤੀ ਫੌਜ ਦੇ ਫੀਲਡ ਹਸਪਤਾਲ ਵਿੱਚ ਦਾਖਲ ਹਨ। ਤੁਰਕੀ ਵਿੱਚ ਭੂਚਾਲ ਤੋਂ ਬਾਅਦ, ਭਾਰਤ ਇਸ ਮੁਸ਼ਕਿਲ ਸਮੇਂ ਵਿਚ ਤੁਰਕੀ ਦੀ ਮਦਦ ਲਈ ਆਪਣੀ ਟੀਮ ਭੇਜਣ ਵਾਲਾ ਪਹਿਲਾ ਦੇਸ਼ ਸੀ।

# ਆਗਰਾ 'ਚ ਹੋਈ ਜੀ-20 ਦੀ ਪਹਿਲੀ ਬੈਠਕ, ਮਹਿਲਾ ਸ਼ਕਤੀਕਰਨ ਮੁੱਦੇ 'ਤੇ ਹੋਈ ਚਰਚਾ

ਆਗਰਾ, 16 ਫਰਵਰੀ (ਪੋਸਟ ਬਿਊਰੋ) - ਬੀਤੇ ਦਿਨੀਂ ਜੀ-20 ਦੇਸ਼ਾਂ ਦੀ ਪਹਿਲੀ ਬੈਠਕ ਯੂ.ਪੀ. ਦੇ ਆਗਰਾ ਵਿਚ ਹੋਈ। ਇਸ ਮੀਟਿੰਗ ਵਿਚ ਜੀ-20 ਦੇ ਨੁਮਾਇੰਦਿਆਂ ਨੇ ਮਹਿਲਾ ਸ਼ਕਤੀਕਰਨ ਦੇ ਮੁੱਦੇ 'ਤੇ ਚਰਚਾ ਕੀਤੀ। ਮੀਟਿੰਗ ਦੇ ਪਹਿਲੇ ਸੈਸ਼ਨ ਦਾ ਉਦਘਾਟਨ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਕੀਤਾ। ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਦੱਸਿਆ ਕਿ 13 ਦੇਸ਼ਾਂ ਦੇ 145 ਤੋਂ ਵੱਧ ਡੈਲੀਗੇਟ ਇੱਥੇ ਪੁੱਜੇ ਹਨ। ਯੂਰਪੀ ਸੰਘ, ਅਮਰੀਕਾ, ਸਾਊਦੀ ਅਰਬ ਸਮੇਤ ਸੱਤ ਮਹਿਮਾਨ ਦੇਸ਼ਾਂ ਦੇ ਪ੍ਰਤੀਨਿਧੀ ਆਗਰਾ ਪਹੁੰਚ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸ ਮੌਕੇ ਭਾਰਤ ਸਰਕਾਰ ਦੇ ਸੱਤ ਰਾਜਾਂ ਅਤੇ ਨੌਂ ਮੰਤਰਾਲਿਆਂ ਨੇ ਪ੍ਰਦਰਸ਼ਨੀਆਂ ਲਗਾਈਆਂ ਹਨ।



ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਮੁੱਖ ਤੌਰ 'ਤੇ ਤਿੰਨ ਮੁੱਖ ਨੁਕਤਿਆਂ 'ਤੇ ਚਰਚਾ ਕੀਤੀ ਜਾਵੇਗੀ- ਵਿਗਿਆਨ ਅਤੇ ਗਣਿਤ ਵਰਗੇ ਵਿਸ਼ਿਆਂ ਵਿਚ ਸਿੱਖਿਆ ਵਿਚ ਔਰਤਾਂ ਦੀ ਭੂਮਿਕਾ ਨੂੰ ਕਿਵੇਂ ਵਧਾਇਆ ਜਾਵੇ। ਸਮਾਜਿਕ ਅਤੇ ਆਰਥਿਕ ਸ਼ਕਤੀਕਰਨ ਵਿਚ ਔਰਤਾਂ ਦੀ ਭੂਮਿਕਾ ਨੂੰ ਕਿਵੇਂ ਮਜਬੂਤ ਕੀਤਾ ਜਾਵੇ ਅਤੇ ਮਹਿਲਾ ਉੱਦਮੀਆਂ ਦੀ ਭੂਮਿਕਾ ਨੂੰ ਕਿਵੇਂ ਵਧਾਇਆ ਜਾਵੇ।

ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਔਰਤਾਂ ਦੀ ਕੁਸ਼ਲਤਾ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ ਅਤੇ ਭਵਿੱਖ ਵਿਚ ਇਸ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਇਹ ਸਾਡੀ ਕੋਸ਼ਿਸ਼ ਹੈ ਕਿ ਜੀ-20 ਵਿਚ ਔਰਤਾਂ ਲਈ ਡਿਜੀਟਲ ਹੁਨਰਾਂ 'ਤੇ ਇਕ ਗਲੋਬਲ ਪਾਠਕ੍ਰਮ ਤਿਆਰ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਇੱਥੇ ਹੋਣ ਵਾਲੀ ਚਰਚਾ ਨੂੰ ਜੀ-20 ਦੇ ਸ਼ੇਰਪਾ ਅਮਿਤਾਭ ਕਾਂਤ ਨਾਲ ਵਿਚਾਰ ਵਟਾਂਦਰਾ ਕਰਕੇ ਔਰਤਾਂ ਨਾਲ ਸਬੰਧਤ ਮੁੱਦਿਆਂ ਨੂੰ ਜੀ-20 ਦੀ ਪ੍ਰਸਤਾਵਨਾ ਵਿਚ ਸ਼ਾਮਲ ਕੀਤਾ ਜਾਵੇਗਾ। ਬੈਠਕ ਦੇ ਪਹਿਲੇ ਸੈਸ਼ਨ 'ਚ ਸਮ੍ਰਿਤੀ ਇਰਾਨੀ ਨੇ ਕਿਹਾ ਕਿ ਜੀ-20 ਦੇਸਾਂ ਦੀ ਭਾਰਤ ਦੀ ਪ੍ਰਧਾਨਗੀ ਇਕ ਇਤਿਹਾਸਕ ਪਲ ਹੈ। ਇਹ ਭਾਰਤ ਦੀਆਂ ਵਿਸ਼ਵ ਭਾਈਚਾਰੇ ਦੀਆਂ ਨੀਤੀਆਂ ਨੂੰ ਦਰਸਾਉਂਦਾ ਹੈ।

ਅਵਾਹੁ ਸਜਨਾ ਹਉ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE
CANADA Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation

214-7895 Tranmere Drive, Mississauga ON L5S 1V9

# ਸਤਿੰਦਰ ਸੱਤੀ ਵੱਲੋਂ ਨੌਜਵਾਨ ਪੀੜੀ ਨੂੰ ਪੰਜਾਬ ਦੇ ਸਭਿਆਚਾਰ ਦੀ ਝਲਕ ਰੇਡੀਉ ਰਾਹੀਂ ਵਿਖਾਉਣ ਦਾ ਨਵੇਕਲਾ ਉਪਰਾਲਾ

## ਸਭਿਆਚਾਰ ਦੇ 12 ਰੰਗਾ ਵਿਚ ਰੰਗੇ ਐਪੀਸੋਡ ਰਾਹੀਂ ਸੁਣਾਉਣਗੇ ਸਰੋਤਿਆਂ ਨੂੰ ਅਮੀਰ ਪੰਜਾਬੀ ਵਿਰਸੇ ਦੀ ਜਾਣਕਾਰੀ




ਮੋਹਾਲੀ, 16 ਫਰਵਰੀ (ਪੋਸਟ ਬਿਊਰੋ): ਕਹਿੰਦੇ ਹਨ ਜੋ ਕੌਮਾਂ ਆਪਣੇ ਇਤਿਹਾਸ ਅਤੇ ਸਭਿਆਚਾਰ ਨੂੰ ਭੁੱਲ ਜਾਂਦੀਆਂ ਹਨ ਉਨ੍ਹਾਂ ਦਾ ਵਜੂਦ ਖ਼ਤਮ ਹੋ ਜਾਂਦਾ ਹੈ। ਪੰਜਾਬ ਆਪਣੇ ਆਪ ਵਿਚ ਇਕ ਮਾਣਮੱਤਾ ਇਤਿਹਾਸ ਅਤੇ ਦੁਨੀਆਂ ਦੇ ਅਮੀਰ ਵਿਰਸਿਆਂ ਵਿਚੋਂ ਇਕ ਵਿਰਸਾ ਆਪਣੀ ਬੁੱਕਲ ਵਿਚ ਲੁਕੋ ਕੇ ਬੈਠਾ ਹੈ। ਇਹ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਨੌਜਵਾਨ ਪੀੜੀ ਨੂੰ ਉਨ੍ਹਾਂ ਦੇ ਅਮੀਰ ਵਿਰਸੇ ਨਾਲ ਜਾਣੂ ਕਰਵਾਇਆ ਜਾਵੇ। ਇਹ ਅਹਿਮ ਗੱਲਾਂ ਪੰਜਾਬ ਦੀ ਮਸ਼ਹੂਰ ਹਸਤੀ ਸਤਿੰਦਰ ਸੱਤੀ ਨੇ ਮੀਡੀਆ ਨਾਲ ਗੱਲਬਾਤ ਕਰਦਿਆ ਕਹੀਆਂ। ਜ਼ਿਕਰਯੋਗ ਹੈ ਕਿ ਵਿਸ਼ਵ ਪ੍ਰਸਿੱਧ ਐਂਕਰ, ਅਦਾਕਾਰਾ, ਕਵਿੱਤਰੀ, ਗਾਇਕਾ ਅਤੇ ਪੰਜਾਬ ਆਰਟਸ ਕੌਂਸਲ ਦੇ ਸਾਬਕਾ ਚੇਅਰਪਰਸਨ ਸਤਿੰਦਰ ਸੱਤੀ ਮਾਈ ਐੱਫ ਐਮ ਨਾਲ ਮਿਲਕੇ ਰੰਗ ਪੰਜਾਬ ਦੇ ਬੈਨਰ ਹੇਠ ਪੰਜਾਬੀ ਵਿਰਸੇ ਨਾਲ ਸਬੰਧਿਤ ਇਕ ਲੜੀ ਸ਼ੁਰੂ ਕਰਨ ਜਾ ਰਹੇ ਹਨ। ਜਿਸ ਦੀ ਸ਼ੁਰੂਆਤ ਕਰਨ ਉਹ ਮੋਹਾਲੀ ਦੇ ਦੇ ਹੋਟਲ ਬੈੱਸਟ ਵੈਸਟਰਨ ਪਲੱਸ ਵਿਚ ਵਿਚ ਪਹੁੰਚੇ ਸਨ'

ਸਤਿੰਦਰ ਸੱਤੀ ਨੇ ਕਿਹਾ ਕਿ ਪੰਜਾਬ ਦਾ ਵਿਰਸਾ ਬੇਸ਼ੱਕ ਬਹੁਤ ਲੰਬਾ ਇਤਿਹਾਸ ਸਿਰਜ ਕੇ ਬੈਠਾ ਹੈ ਜਿਸ ਨੂੰ ਕਿਸੇ ਸੀਮਤ ਸਮੇਂ ਵਿਚ ਬੰਨ੍ਹ ਕੇ ਬਿਆਨ ਨਹੀਂ ਕੀਤਾ ਜਾ ਸਕਦਾ । ਪਰ ਫਿਰ ਵੀ ਉਨ੍ਹਾਂ ਕੋਸ਼ਿਸ਼ ਕੀਤੀ ਹੈ ਕਿ ਮਿਲੇ ਹੋਏ ਸਮੇਂ ਵਿਚ ਉਹ ਅੱਜ ਦੀ ਪੀੜੀ ਨੂੰ ਪੰਜਾਬੀ ਸਭਿਆਚਾਰ ਨਾਲ ਜਾਣੂ ਕਰਵਾ ਸਕਣ। ਸੱਤੀ ਨੇ ਦੱਸਿਆਂ ਕਿ ਬਾਰਾਂ ਐਪੀਸੋਡ ਦੇ ਇਸ ਪ੍ਰੋਗਰਾਮ ਵਿਚ ਹਰ ਐਪੀਸੋਡ ਨੂੰ ਵੱਖ ਵੱਖ ਰੰਗ ਦੇ ਵਿਰਸੇ ਰਾਹੀਂ ਸਰੋਤਿਆਂ ਨਾਲ ਸਾਂਝਾ ਕੀਤਾ ਜਾਵੇਗਾ। ਜਿਸ ਵਿਚ ਬਾਬਾ ਬੁੱਲੇ ਸ਼ਾਹ, ਪੁਰਾਤਨ ਸੰਗੀਤ ਸਾਜ, ਅਨਮੋਲ ਵਿਰਸੇ ਦੀ ਕਹਾਣੀਆਂ, ਅਮਰ ਪ੍ਰੇਮ ਕਹਾਣੀਆਂ, ਪੰਜਾਬ ਦਾ ਬਟਵਾਰਾ, ਸ਼ਹੀਦ ਭਗਤ ਸਿੰਘ ਅਤੇ ਹੋਰ ਸੁਤੰਤਰਤਾ ਸੈਨਾਨੀ, ਪੰਜਾਬ ਦੀਆਂ ਵੱਖ ਵੱਖ ਉਪ-ਭਾਸ਼ਾਵਾਂ, ਪੰਜਾਬ ਦੀਆਂ ਖੇਡਾਂ,ਪਾਲੀਵੁੱਡ, ਪੰਜਾਬ ਦੇ ਸਭਿਆਚਾਰਕ ਨ੍ਰਿਤ, ਪੰਜਾਬ ਦੇ ਵਾਰਿਸ ਅਤੇ ਐਨ ਆਰ ਆਈ ਕਲਚਰ ਜਿਹੇ ਵਿਸ਼ੇ ਪ੍ਰਮੁੱਖ ਹਨ।

ਇਸ ਦੇ ਨਾਲ ਹੀ ਸਤਿੰਦਰ ਸੱਤੀ ਨੇ ਨੌਜਵਾਨ ਪੀੜੀ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਨੌਜਵਾਨ ਆਧੁਨਿਕਤਾ ਵੱਲ ਆਕਰਸ਼ਿਤ ਹੋਕੇ ਆਪਣੇ ਸਭਿਆਚਾਰ ਅਤੇ ਵਿਰਸੇ ਨੂੰ ਨਾ ਭੁੱਲਣ। ਕਿਸੇ ਦੂਜੇ ਸਭਿਆਚਾਰ ਨੂੰ ਸਮਝਣਾ ਅਤੇ ਮਹਿਸੂਸ ਕਰਨਾ ਚੰਗਾ ਹੈ ਪਰ ਇਸ ਚੱਕਰ ਵਿਚ ਆਪਣੇ ਸਭਿਆਚਾਰ ਤੋਂ ਦੂਰ ਹੋਣਾ ਉਨ੍ਹਾਂ ਦੇ ਖ਼ੁਦ ਦੇ ਵਜੂਦ ਤੇ ਸਵਾਲ ਖੜਾ ਕਰ ਦੇਵੇਗਾ। ਇਸ ਲਈ ਆਧੁਨਿਕਤਾ ਦੇ ਨਾਲ ਹੀ ਆਪਣੀਆਂ ਜੜਾਂ ਨਾਲ ਜੁੜੇ ਰਹਿ ਕੇ ਆਪਣੇ ਅਮੀਰ ਵਿਰਸੇ ਨੂੰ ਵੀ ਅੱਜ ਪੀੜੀ ਪੂਰੀ ਤਰਾਂ ਯਾਦ ਰੱਖਣ। ਕਿਉਂਕਿ ਐਫ ਐਮ ਅੱਜ ਦੀ ਨੌਜਵਾਨ ਪੀੜੀ ਵਿਚ ਬਹੁਤ ਮਕਬੂਲ ਹੈ ਇਸ ਲਈ ਮਾਈ ਐਫ ਐਮ ਵੱਲੋਂ ਕੀਤੇ ਇਸ ਉਪਰਾਲੇ ਨਾਲ ਉਨ੍ਹਾਂ ਯਕੀਨ ਹੈ ਕਿ ਵੱਡੀ ਗਿਣਤੀ ਵਿਚ ਨੌਜਵਾਨ ਆਪਣੇ ਵਿਰਸੇ ਤੋਂ ਜਾਣੂ ਹੁੰਦੇ ਹੋਏ ਮਾਣ ਮਹਿਸੂਸ ਕਰਨਗੇ। ਸਤਿੰਦਰ ਸੱਤੀ ਨੇ ਮਾਈ ਐਫ ਐਮ ਵੱਲੋਂ ਕੀਤੇ ਇਸ ਉਪਰਾਲੇ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ।

# ਬਿਕਰਮ ਸਿੰਘ ਮਜੀਠੀਆ ਨੇ ਕਿਹਾ: ਸੂਬੇ ਵੱਲੋਂ ਅੰਤਰ ਰਾਜੀ ਵਾਹਨਾਂ ਤੋਂ ਇਕੱਤਰ ਕੀਤੀ ਜਾ ਰਹੀ ਰਾਇਲਟੀ ਦਾ ਅੱਧਾ ਪੈਸਾ ਆਪ ਨੂੰ ਜਾ ਰਿਹੈ

## ਅਕਾਲੀ ਦਲ ਨੇ 400 ਕਰੋੜ ਰੁਪਏ ਦੇ ਰੇਤ ਮਾਇਨਿੰਗ ਘੁਟਾਲੇ ਦੀ ਸੀ ਬੀ ਆਈ ਜਾਂਚ ਮੰਗੀ



ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਮੰਗ ਕੀਤੀ ਕਿ 'ਕੱਟੜ ਇਮਾਨਦਾਰ' ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪੰਜਾਬ ਦੇ ਬਾਹਰੋਂ ਰੇਤਾ ਤੇ ਬਜਰੀ ਲੈ ਕੇ ਆਉਣ ਵਾਲੇ ਵਾਹਨਾਂ ਤੋਂ ਲਈ ਜਾਂਦੀ ਰਾਇਲਟੀ ਵਿਚ 400 ਕਰੋੜ ਰੁਪਏ ਦੇ ਘੁਟਾਲੇ ਦੀ ਸੀ ਬੀ ਆਈ ਜਾਂਚ ਕਰਵਾਈ ਜਾਵੇ ਅਤੇ ਇਹ ਵੀ ਦੱਸਿਆ ਕਿ ਕਿਵੇਂ ਆਪ ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਨਾਲ ਜੁੜੇ ਰਹੇ ਦੋ ਰੇਤ ਮਾਇਨਿੰਗ ਮਾਫੀਆ ਦੇ ਠੇਕੇ ਰੱਦ ਹੋਣ ਦੇ ਇਕ ਮਹੀਨੇ ਅੰਦਰ ਹੀ ਨਵਿਆ (ਰਨਿਊ ਕਰ) ਦਿੱਤੇ।

ਮੁੱਖ ਮੰਤਰੀ 'ਤੇ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਰਲ ਕੇ ਰਾਇਲਟੀ ਘੁਟਾਲੇ ਦੀ ਅਗਵਾਈ ਕਰਨ ਦਾ ਦੋਸ਼ ਲਾਉਂਦਿਆਂ ਅਕਾਲੀ ਆਗੂ ਨੇ ਰਸੀਦਾਂ ਵਿਖਾਈਆਂ ਕਿ ਕਿਵੇਂ ਸਰਕਾਰ ਵੱਲੋਂ 7 ਰੁਪਏ ਕਿਊਬਿਕ ਫੁੱਟ ਰਾਇਲਟੀ ਲੈਣ ਦਾ ਐਲਾਨ ਕਰਨ ਦੇ ਬਾਵਜੂਦ ਸਿਰਫ ਨਾਂ ਮਾਤਰ ਪੈਸੇ ਦੀਆਂ ਰਸੀਦਾਂ ਕੱਟੀਆਂ ਜਾ ਰਹੀਆਂ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਆਪ ਵੱਲੋਂ ਅੰਤਰ ਰਾਜੀ ਵਾਹਨਾਂ ਤੋਂ ਵਸੂਲੇ ਜਾ ਰਹੇ ਪੈਸੇ ਵਿਚ ਘੁਟਾਲਾ ਕੀਤਾ ਜਾ ਰਿਹਾ ਹੈ। ਉਹਨਾਂ ਇਹ ਵੀ ਦੱਸਿਆ ਕਿ ਕਿਵੇਂ ਨਵੀਂ ਮਾਇਨਿੰਗ ਨੀਤੀ ਵਿਚ ਅੰਤਰ ਰਾਜੀ ਵਾਹਨਾਂ 'ਤੇ ਲਾਈ ਜਾਣ ਵਾਲੀ ਰਾਇਲਟੀ ਤੈਅ ਕਰਨ ਦਾ ਅਧਿਕਾਰ ਮੁੱਖ ਮੰਤਰੀ ਨੂੰ ਦਿੱਤਾ ਗਿਆ ਤੇ ਜ਼ੋਰ ਦੇ ਕੇ ਕਿਹਾ ਕਿ ਇਸ ਮਾਮਲੇ ਵਿਚ ਇਕੱਠੇ ਕੀਤੇ ਜਾ ਰਹੇ ਫੰਡ ਸਰਕਾਰੀ ਖ਼ਜ਼ਾਨੇ ਵਿਚ ਜਾਣ ਦੀ ਥਾਂ ਸਿੱਧਾ ਆਮ ਆਦਮੀ ਪਾਰਟੀ ਕੋਲ ਜਾ ਰਹੇ ਹਨ। ਉਹਨਾਂ ਦੱਸਿਆ ਕਿ ਪੰਜਾਬ ਵਿਚ ਗੁਆਂਢੀ ਰਾਜਾਂ ਤੋਂ ਰੋਜ਼ਾਨਾ 2000 ਤੋਂ ਵੱਧ ਟਰੱਕ ਰੇਤਾ ਤੇ ਬਜਰੀ ਲੈ ਕੇ ਆਉਂਦੇ ਹਨ। ਇਹਨਾਂ ਤੋਂ ਲਈਜਾ ਰਹੀ ਰਾਇਲਟੀ ਦਾ ਅੱਧਾ ਪੈਸਾ ਆਪ ਖੁਰਦ ਬੁਰਦ ਕਰ ਰਹੀ ਹੈ।

ਬਿਕਰਮ ਸਿੰਘ ਮਜੀਠੀਆ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਦੋ ਮਾਇਨਿੰਗ ਮਾਫੀਆ ਕਿੰਗ ਰਾਕੇਸ਼ ਚੌਧਰੀ ਅਤੇ ਅਸ਼ੋਕ ਚੰਢਕ ਨੂੰ ਆਪ ਵਾਸਤੇ ਪੈਸਾ ਇਕੱਠਾ ਕਰਨ ਦੇ ਮਕਸਦ ਨਾਲ ਪੰਜਾਬ ਵਿਚ ਮਾਇਨਿੰਗ ਦਾ ਚਾਰਜ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਚੌਧਰੀ ਦਾ ਮੁਹਾਲੀ ਅਤੇ ਰੋਪੜ ਜ਼ਿਲ੍ਹਿਆਂ ਵਿਚ ਰੇਤ ਮਾਇਨਿੰਗ ਦਾ ਠੇਕਾ ਪਿਛਲੇ ਸਾਲ 21 ਦਸੰਬਰ ਨੂੰ ਰੱਦ ਕੀਤਾ ਗਿਆ ਸੀ ਤੇ ਆਪ ਸਰਕਾਰ ਨੇ ਇਸ ਸਾਲ 27 ਜਨਵਰੀ ਨੂੰ ਉਹਨਾਂ ਜ਼ੋਨਾਂ ਦਾ ਹੀ ਠੇਕਾ ਉਸਨੂੰ ਮੁੜ ਦੇ ਦਿੱਤਾ। ਉਹਨਾਂ ਕਿਹਾ ਕਿ ਅਜਿਹਾ ਉਦੋਂ ਕੀਤਾ ਗਿਆ ਜਦੋਂ ਚੌਧਰੀ ਖਿਲਾਫ ਰੋਪੜ ਜ਼ਿਲ੍ਹੇ ਵਿਚ ਚਾਰ ਪੁਲਿਸ ਕੇਸ ਦਰਜ ਹਨ ਅਤੇ ਹਾਈ ਕੋਰਟ ਨੇ ਇਕ ਚੀਫ ਜੁਡੀਸ਼ੀਅਲ ਮੈਜਿਸਟਰੇਟ ਵੱਲੋਂ ਕੀਤੇ ਸਟਿੰਗ ਅਪਰੇਸ਼ਨ ਵਿਚ ਚੌਧਰੀ ਵੱਲੋਂ ਗੁੰਡਾ ਟੈਕਸ ਵਸੂਲੇ ਜਾਣ ਦੇ ਮਾਮਲੇ ਨੂੰ ਬੇਨਕਾਬ ਕਰਨ 'ਤੇ ਇਸਦੀ ਸੀ ਬੀ ਆਈ ਜਾਂਚ ਦੇ ਵੀ ਹੁਕਮ ਦਿੱਤੇ ਹਨ।

ਮਜੀਠੀਆ ਨੇ ਦੱਸਿਆ ਕਿ ਦੂਜੇ ਠੇਕੇਦਾਰ ਅਸ਼ੋਕ ਚੰਢਕ ਕਾਂਗਰਸ ਹਾਈ ਕਮਾਂਡ ਦੇ ਬਹੁਤ ਨੇੜੇ ਹੈ ਤੇ ਉਸਦਾ ਠੇਕਾ ਵੀ ਪਿਛਲੇ ਸਾਲ 21 ਦਸੰਬਰ ਨੂੰ ਰੱਦ ਕਰ ਦਿੱਤਾ ਗਿਆ ਸੀ ਜੋ ਇਸ ਸਾਲ 31 ਜਨਵਰੀ ਨੂੰ ਫਿਰ ਤੋਂ ਨਵਿਆ (ਰਨਿਊ ਕਰ) ਦਿੱਤਾ ਗਿਆ। ਉਹਨਾਂ ਕਿਹਾ ਕਿ ਚੰਢਕ ਨੂੰ ਵੀ ਲੁਧਿਆਣਾ, ਜਲੰਧਰ ਤੇ ਨਵਾਂਸ਼ਹਿਰ ਵਿਚ ਉਹੀ ਰੇਤ ਮਾਇਨਿੰਗ ਦਾ ਠੇਕਾ ਦਿੱਤਾ ਗਿਆ ਹੈ ਜੋ ਕਾਂਗਰਸ ਸਰਕਾਰ ਵੇਲੇ ਉਸ ਕੋਲ ਸੀ।

ਇਹਨਾਂ ਦੋ ਘੁਟਾਲਿਆਂ ਨੂੰ ਦਿੱਲੀ ਦੇ ਆਬਕਾਰੀ ਘੁਟਾਲੇ ਨਾਲੋਂ ਵੱਡਾ ਕਰਾਰ ਦਿੰਦਿਆਂ ਸਰਦਾਰ ਮਜੀਠੀਆ ਨੇ ਕਿਹਾ ਕਿ ਇਹ ਸਪਸ਼ਟ ਹੈ ਕਿ ਮਾਨ ਸਰਕਾਰ ਬੇਈਮਾਨ ਸਰਕਾਰ ਹੈ ਜੋ ਪੰਜਾਬ ਦੇ ਸਰਕਾਰੀ ਖਜ਼ਾਨੇ ਦੀ ਕੀਮਤ 'ਤੇ ਆਪ ਦੀਆਂ ਚੋਣ ਪ੍ਰਚਾਰ ਮੁਹਿੰਮਾਂ ਵਾਸਤੇ ਪੈਸਾ ਇਕੱਠਾ ਕਰ ਰਹੀ ਹੈ।

ਅਕਾਲੀ ਆਗੂ ਨੇ ਕਿਹਾ ਕਿ ਇਹੀ ਕਾਰਨ ਹੈ ਕਿ ਆਪ ਸਰਕਾਰ ਨੇ ਪਿਛਲੇ 11 ਮਹੀਨਿਆਂ ਤੋਂ ਮਾਇਨਿੰਗ ਨੀਤੀ ਦਾ ਐਲਾਨ ਜਾਣ ਬੁੱਝ ਕੇ ਨਹੀਂ ਕੀਤਾ। ਉਹਨਾਂ ਕਿਹਾ ਕਿ ਇਹ ਮਾਇਨਿੰਗ ਮਾਫੀਆ ਨਾਲ ਸੌਦਾ ਕਰਨ ਚਾਹੁੰਦੀ ਸੀ ਜੋ ਹੁਣ ਕਰ ਲਿਆ ਹੈ। ਸਰਦਾਰ ਮਜੀਠੀਆ ਨੇ ਕਿਹਾ ਕਿ ਆਪ ਸਰਕਾਰ ਨੇ ਇਸ ਦੌਰੇ ਦੇ ਵਿਚਕਾਰ ਕਿਸੇ ਨੂੰ ਨਹੀਂ ਆਉਣ ਦਿੱਤਾ ਤੇ ਨਾ ਹੀ ਮੁਹਾਲੀ ਵਿਚ ਗੈਰਕਾਨੂੰਨੀ ਮਾਇਨਿੰਗ ਲਈ ਰਾਕੇਸ਼ ਚੌਧਰੀ ਨੂੰ ਦਿੱਤੇ 26 ਕਰੋੜ ਰੁਪਏ ਦੀ ਉਗਰਾਹੀ ਦੇ ਨੋਟਿਸ ਨੂੰ ਹੀ ਅੜਿਕਾ ਬਣਨ ਦਿੱਤਾ ਤੇ ਨਾ ਹੀ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਸਵਾਲਾਂ ਨੂੰ ਜਿਹਨਾਂ ਵਿਚ ਪੁੱਛਿਆ ਗਿਆ ਸੀ ਕਿ ਉਸਦੇ ਖਿਲਾਫ ਫੌਜਦਾਰੀ ਕਾਰਵਾਈ ਕਿਉਂ ਨਹੀਂ ਕੀਤੀ ਗਈ।

ਮਜੀਠੀਆ ਨੇ ਪਿੱਟ ਹੈਡ 'ਤੇ ਰੇਤੇ ਦੀਆਂ ਦਰਾਂ ਫਿਕਸ ਕਰਨ ਵਿਚ ਆਪ ਸਰਕਾਰ ਵੱਲੋਂ ਵਾਰ ਵਾਰ ਫੈਸਲੇ ਬਦਲਣ 'ਤੇ ਵੀ ਸਵਾਲ ਚੁੱਕਿਆ ਅਤੇ ਦੱਸਿਆ ਕਿ ਆਪ ਸਰਕਾਰ ਨੇ ਪਹਿਲਾਂ ਪਿਛਲੀ ਕਾਂਗਰਸ ਸਰਕਾਰ ਵੱਲੋਂ ਤੈਅ ਕੀਤੇ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਦੇ ਰੇਟ ਨੂੰ ਅਗਸਤ ਮਹੀਨੇ ਵਿਚ ਵਧਾ ਕੇ 9 ਰੁਪਏ ਪ੍ਰਤੀ ਕਿਊਬਿਕ ਫੁੱਟ ਕਰ ਦਿੱਤਾ ਤੇ ਹੁਣ ਪਿੱਛੇ ਜਿਹੇ ਦੁਬਾਰਾ ਇਹ ਰੇਟ ਸਾਢੇ ਪੰਜ ਰੁਪਏ ਕਰ ਦਿੱਤਾ। ਉਹਨਾਂ ਕਿਹਾ ਕਿ ਇਹ ਸਪਸ਼ਟ ਹੈ ਕਿ ਅਜਿਹਾ ਮਾਇਨਿੰਗ ਮਾਫੀਆ ਨਾਲ ਸੌਦਾ ਕਰਨ ਵਾਸਤੇ ਕੀਤਾ ਗਿਆ ਤੇ ਇਸ ਪੱਖ ਦੀ ਵੀ ਜਾਂਚ ਹੋਣੀ ਚਾਹੀਦੀ ਹੈ।

ਅਕਾਲੀ ਆਗੂ ਨੇ ਕਿਹਾ ਕਿ ਆਪ ਸਰਕਾਰ ਦੇ ਰਾਜ ਵਿਚ ਵਿਆਪਕ ਗੈਰ ਕਾਨੂੰਨੀ ਮਾਇਨਿੰਗ ਸੂਬੇ ਦੇ ਖ਼ਜ਼ਾਨੇ ਦੇ ਨਾਲ ਨਾਲ ਨੌਜਵਾਨਾਂ 'ਤੇ ਮਾਰੂ ਅਸਰ ਪਾ ਰਹੀ ਹੈ। ਉਹਨਾਂ ਕਿਹਾ ਕਿ ਕੌਮਾਂਤਰੀ ਸਰਹੱਦ ਦੇ ਨਾਲ ਨਾਲ ਦਰਿਆਵਾਂ ਵਿਚ ਗੈਰ ਕਾਨੂੰਨੀ ਮਾਇਨਿੰਗ ਨਾਲ ਕੌਮੀ ਸੁਰੱਖਿਆ ਵੀ ਖਤਰੇ ਵਿਚ ਪਾਈ ਗਈ ਤੇ ਹਾਈਕੋਰਟ ਨੇ ਵੀ ਇਸ 'ਤੇ ਚਿੰਤਾ ਜ਼ਾਹਰ ਕੀਤੀ। ਉਹਨਾਂ ਕਿਹਾ ਕਿ ਆਪ ਸਰਕਾਰ ਰੇਤ ਮਾਇਨਿੰਗ ਤੋਂ ਕੋਈ ਵੀ ਫੰਡ ਜੁਟਾਉਣ ਵਿਚ ਇਸ ਕਰ ਕੇ ਫੇਲ੍ਹ ਸਾਬਤ ਹੋਈ ਕਿਉਂਕਿ ਮਾਇਨਿੰਗ ਮਾਫੀਆ ਨਾਲ ਸੌਦੇਬਾਜ਼ੀ ਕੀਤੀ ਗਈ ਹਾਲਾਂਕਿ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾਸੀਕਿ ਉਹ ਰੇਤ ਮਾਇਨਿੰਗ ਤੋਂ ਹੀ 20 ਹਜ਼ਾਰ ਕਰੋੜ ਰੁਪਏ ਮਾਲੀਆ ਜੁਟਾ ਲੈਣਗੇ।

# ਜੰਮੂ ਅਤੇ ਕਸ਼ਮੀਰ ਵਿੱਚ ਚੋਣਾਂ ਲਈ ਰਾਹ ਪੱਧਰਾ, ਸੁਪਰੀਮ ਕੋਰਟ ਨੇ ਹੱਦਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਕੀਤੀ ਖਾਰਜ



ਨਵੀਂ ਦਿੱਲੀ, 16 ਫਰਵਰੀ (ਪੋਸਟ ਬਿਊਰੋ) - ਜੰਮੂ-ਕਸ਼ਮੀਰ ਵਿੱਚ ਨਵੀਂ ਹੱਦਬੰਦੀ ਤਹਿਤ ਚੋਣਾਂ ਦਾ ਰਾਹ ਸਾਫ਼ ਹੋ ਗਿਆ ਹੈ। ਬੀਤੇ ਦਿਨੀਂ ਜੰਮੂ-ਕਸ਼ਮੀਰ ਵਿੱਚ ਹੱਦਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਸੁਪਰੀਮ ਕੋਰਟ ਵਿੱਚ ਖਾਰਜ ਕਰ ਦਿੱਤੀ ਗਈ ਹੈ। ਅਦਾਲਤ ਨੇ ਵਿਧਾਨ ਸਭਾ ਸੀਟਾਂ ਦੀ ਹੱਦਬੰਦੀ ਅਤੇ ਤਬਦੀਲੀ ਦੀ ਪ੍ਰਕਿਰਿਆ ਨੂੰ ਬਰਕਰਾਰ ਰੱਖਿਆ ਹੈ। ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਅਭੈ ਐਸਓ ਦੀ ਬੈਂਚ ਨੇ ਇਹ ਫੈਸਲਾ ਦਿੱਤਾ ਹੈ। ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਹੱਦਬੰਦੀ ਕਮਿਸ਼ਨ ਬਣਾਉਣ ਦਾ ਅਧਿਕਾਰ ਹੈ। ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨੇ ਆਪਣੇ ਅਧਿਕਾਰਾਂ ਦੀ ਸਹੀ ਵਰਤੋਂ ਕੀਤੀ ਹੈ।

ਜੰਮੂ-ਕਸ਼ਮੀਰ ਵਿੱਚ ਹੱਦਬੰਦੀ ਕਮਿਸ਼ਨ ਵਲੋਂ 25 ਅਪ੍ਰੈਲ ਨੂੰ ਸੌਂਪੀ ਗਈ ਅੰਤਿਮ ਰਿਪੋਰਟ ਮੁਤਾਬਕ ਜੰਮੂ-ਕਸ਼ਮੀਰ ਵਿਧਾਨ ਸਭਾ ਦੀਆਂ 83 ਸੀਟਾਂ ਹੁਣ ਹੱਦਬੰਦੀ ਰਾਹੀਂ 90 ਹੋ ਜਾਣਗੀਆਂ। ਇਸ ਦੇ ਨਾਲ ਹੀ ਪੰਜ ਨਵੀਆਂ ਪ੍ਰਸਤਾਵਿਤ ਲੋਕ ਸਭਾ ਸੀਟਾਂ ਬਣਾਈਆਂ ਗਈਆਂ ਹਨ। ਸੁਪਰੀਮ ਕੋਰਟ ਨੇ ਫੈਸਲਾ ਕਰਨਾ ਸੀ ਕਿ ਵਿਧਾਨ ਸਭਾ ਸੀਟਾਂ ਦੀ ਹੱਦਬੰਦੀ ਅਤੇ ਤਬਦੀਲੀ ਦੀ ਪ੍ਰਕਿਰਿਆ ਸਹੀ ਹੈ ਜਾਂ ਨਹੀਂ? 1 ਦਸੰਬਰ, 2022 ਨੂੰ ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਦੀਆਂ ਵਿਧਾਨ ਸਭਾ ਸੀਟਾਂ ਦੀ ਹੱਦਬੰਦੀ ਅਤੇ ਤਬਦੀਲੀ ਵਿਰੁੱਧ ਦਾਇਰ ਪਟੀਸ਼ਨ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਇਸ ਦੇ ਨਾਲ ਹੀ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਨੇ ਹੱਦਬੰਦੀ ਖ਼ਿਲਾਫ਼ ਪਾਈ ਪਟੀਸ਼ਨ ਦਾ ਵਿਰੋਧ ਕਰਦਿਆਂ ਕਿਹਾ ਕਿ ਹੱਦਬੰਦੀ ਖ਼ਤਮ ਹੋ ਚੁੱਕੀ ਹੈ ਅਤੇ ਇਸ ਨੂੰ ਗਜ਼ਟ ਵਿੱਚ ਵੀ ਨੋਟੀਫਾਈ ਕਰ ਦਿੱਤਾ ਗਿਆ ਹੈ। ਦੋ ਸਾਲ ਬਾਅਦ ਇਸ ਤਰ੍ਹਾਂ ਪਟੀਸ਼ਨ ਦਾਇਰ ਨਹੀਂ ਕੀਤੀ ਜਾ ਸਕਦੀ।

# ਢਾਕਾ 'ਚ ਚੀਨ ਖਿਲਾਫ ਲੋਕਾਂ ਨੇ ਕੀਤਾ ਪ੍ਰਦਰਸ਼ਨ, ਤਿੱਬਤ ਦੀ ਆਜ਼ਾਦੀ ਮੰਗੀ




ਢਾਕਾ, 16 ਫਰਵਰੀ (ਪੋਸਟ ਬਿਊਰੋ) - ਦੁਨੀਆ ਦੇ ਕਈ ਦੇਸ਼ਾਂ 'ਚ ਚੀਨ ਖਿਲਾਫ ਹੌਲੀ-ਹੌਲੀ ਗੁੱਸਾ ਉੱਠ ਰਿਹਾ ਹੈ। ਬੰਗਲਾਦੇਸ਼ ਦੇ ਢਾਕਾ ਵਿੱਚ ਲੋਕਾਂ ਨੇ ਚੀਨ ਤੋਂ ਤਿੱਬਤ ਦੀ ਆਜ਼ਾਦੀ ਦੇ ਮੁੱਦੇ ਨੂੰ ਉਜਾਗਰ ਕਰਦੇ ਹੋਏ ਚੀਮ ਖਿਲਾਫ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਵਿਸ਼ਵ ਭਾਈਚਾਰੇ ਨੂੰ ਤਿੱਬਤ ਨੂੰ ਆਜ਼ਾਦੀ ਦਿਵਾਉਣ ਲਈ ਚੀਨ 'ਤੇ ਦਬਾਅ ਬਣਾਉਣ ਲਈ ਵੀ ਕਿਹਾ। ਢਾਕਾ ਦੇ ਸ਼ਾਹਬਾਗ ਸਥਿਤ ਰਾਸ਼ਟਰੀ ਅਜਾਇਬ ਘਰ ਦੇ ਸਾਹਮਣੇ ਮੁਕਤੀਬੋਧ ਮੰਚ ਦੀ ਅਗਵਾਈ ਹੇਠ ਇਕਜੁੱਟਤਾ ਰੈਲੀ ਕੱਢੀ ਗਈ ਅਤੇ ਮਨੁੱਖੀ ਚੇਨ ਬਣਾਈ ਗਈ। ਪ੍ਰਦਰਸ਼ਨਕਾਰੀ 'ਚੀਨ ਮਨੁੱਖੀ ਅਧਿਕਾਰਾਂ 'ਚ ਅਸਫਲ ਹੈ', 'ਤਿੱਬਤ ਚੀਨ ਦਾ ਹਿੱਸਾ ਨਹੀਂ ਹੈ', 'ਤਿੱਬਤ ਚੀਨ ਨੂੰ ਆਜ਼ਾਦ ਕਰੋ' ਅਤੇ ਹੋਰ ਕਈ ਪੋਸਟਰਾਂ-ਬੈਨਰਾਂ ਨਾਲ ਪ੍ਰਦਰਸ਼ਨ ਕਰ ਰਹੇ ਸਨ। ਤਿੱਬਤੀ ਲੋਕ 13 ਫਰਵਰੀ ਨੂੰ ਸੁਤੰਤਰਤਾ ਦਿਵਸ ਵਜੋਂ ਮਨਾਉਂਦੇ ਹਨ ਕਿਉਂਕਿ ਇਸ ਦਿਨ 1913 ਵਿੱਚ 13ਵੇਂ ਦਲਾਈ ਲਾਮਾ ਨੇ 'ਆਜ਼ਾਦੀ ਦੇ ਘੋਸ਼ਣਾ' ਵਿੱਚ ਤਿੱਬਤ ਦੀ ਆਜਾਦੀ ਦਾ ਐਲਾਨ ਕੀਤਾ ਸੀ।

ਚੀਨ ਨੇ ਮਾਰਚ 1959 'ਚ ਤਿੱਬਤ 'ਤੇ ਕਬਜ਼ਾ ਕਰ ਲਿਆ ਸੀ ਅਤੇ ਉਦੋਂ ਤੋਂ ਹੀ ਤਿੱਬਤ ਦੇ ਲੋਕ ਸਭ ਤੋਂ ਵੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਾਹਮਣਾ ਕਰ ਰਹੇ ਹਨ। ਹਾਲ ਹੀ ਵਿੱਚ ਇੱਕ ਰਿਪੋਰਟ ਵਿੱਚ, ਸੰਯੁਕਤ ਰਾਸ਼ਟਰ ਦੇ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਤਿੱਬਤੀ ਘੱਟ ਗਿਣਤੀ ਦੇ ਲਗਭਗ 10 ਲੱਖ ਬੱਚੇ ਰਿਹਾਇਸ਼ੀ ਸਕੂਲ ਪ੍ਰਣਾਲੀ ਦੁਆਰਾ ਤਿੱਬਤੀਆਂ ਦੇ ਸੱਭਿਆਚਾਰਕ, ਧਾਰਮਿਕ ਅਤੇ ਭਾਸ਼ਾਈ ਮਿਲਾਪ ਦੇ ਉਦੇਸ਼ ਨਾਲ ਚੀਨੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਰਹੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਅਮਰੀਕਾ-ਚੀਨ ਤਨਾਅ ਮਨੁੱਖਤਾ ਨੂੰ ਅਗਲੀ ਸੰਸਾਰ ਜੰਗ ਲਾਗੇ ਨਾ ਲੈ ਜਾਂਦਾ ਹੋਵੇ

ਜਤਿੰਦਰ ਪਨੂੰ ਦੀ ਕਲਮ ਤੋਂ

ਪਿਛਲੇ ਦਿਨੀਂ ਅਮਰੀਕੀ ਕੰਢਿਆਂ ਨੇੜਲੇ ਸਮੁੰਦਰ ਉੱਤੇ ਉੱਡਦਾ ਚੀਨ ਦਾ ਇੱਕ ਗੁਬਾਰਾ ਅਮਰੀਕਾ ਦੀ ਫੌਜ ਨੇ ਮਿਜ਼ਾਈਲ ਮਾਰ ਕੇ ਡੇਗਿਆ ਹੈ। ਅਮਰੀਕਾ ਨੇ ਇਸ ਮਾਮਲੇ ਵਿੱਚ ਦੋਸ਼ ਲਾਇਆ ਹੈ ਕਿ ਚੀਨ ਨੇ ਉਹ ਗੁਬਾਰਾ ਜਾਸੂਸੀ ਕਰਨ ਵਾਸਤੇ ਇਸ ਪਾਸੇ ਭੇਜਿਆ ਸੀ। ਚੀਨ ਨੇ ਜਾਸੂਸੀ ਦੇ ਦੋਸ਼ਾਂ ਦਾ ਪਹਿਲਾਂ ਖੰਡਨ ਨਹੀਂ ਸੀ ਕੀਤਾ, ਇਸ ਦੇ ਥਾਂ ਇਹ ਕਿਹਾ ਸੀ ਕਿ ਅਮਰੀਕੀ ਕਾਰਵਾਈ ਨੂੰ ਉਹ ਬਰਦਾਸ਼ਤ ਨਹੀਂ ਕਰੇਗਾ, ਪਰ ਬਾਅਦ ਵਿੱਚ ਉਸ ਨੇ ਸਪੱਸ਼ਟ ਸ਼ਬਦਾਂ ਵਿੱਚ ਇਹ ਗੱਲ ਕਹਿ ਦਿਤੀ ਕਿ ਇਹ ਗੁਬਾਰਾ ਜਾਸੂਸੀ ਕਰਨ ਵਾਸਤੇ ਨਹੀਂ ਗਿਆ, ਸਮੁੰਦਰਾਂ ਦੀ ਖੋਜ ਦਾ ਕੰਮ ਕਰਦਾ ਪਿਆ ਸੀ ਤੇ ਗਲਤ ਦੋਸ਼ ਲਾ ਕੇ ਅਮਰੀਕਾ ਵਾਲਿਆਂ ਨੇ ਡੇਗਿਆ ਹੈ। ਅਮਰੀਕਾ ਨੇ ਇਹ ਦਲੀਲ ਨਹੀਂ ਸੀ ਮੰਨੀ। ਬਾਅਦ ਵਿੱਚ ਇਸ ਦੇ ਉਲਟ ਇਹ ਗੱਲ ਚਰਚਾ ਦਾ ਵਿਸ਼ਾ ਬਣੀ ਕਿ ਚੀਨ ਨੇ ਏਦਾਂ ਸਿਰਫ ਅਮਰੀਕਾ ਦੀ ਜਾਸੂਸੀ ਕਰਨ ਤੱਕ ਸੀਮਤ ਨਾ ਰਹਿ ਕੇ ਭਾਰਤ ਸਮੇਤ ਕਈ ਦੇਸ਼ਾਂ ਦੇ ਖਿਲਾਫ ਇਸ ਤਰ੍ਹਾਂ ਦਾ ਕੰਮ ਕਰਨਾ ਸ਼ੁਰੂ ਕਰ ਰੱਖਿਆ ਸੀ।

ਲਗਾਤਾਰ ਦੁਵੱਲਾ ਤਨਾਅ ਰਹਿਣ ਕਾਰਨ ਭਾਰਤ ਦੇ ਲੋਕ ਚੀਨ ਬਾਰੇ ਸੁਣੀ ਏਦਾਂ ਦੀ ਗੱਲ ਵੱਲ ਧਿਆਨ ਵੀ ਛੇਤੀ ਕਰ ਲੈਂਦੇ ਹਨ ਤੇ ਚੀਨ ਦਾ ਵਿਹਾਰ ਵੀ ਏਦਾਂ ਦਾ ਹੈ ਕਿ ਉਸ ਉੱਤੇ ਲੱਗਾ ਹਰ ਦੋਸ਼ ਪਿਛਲੇ ਹਾਲਾਤ ਕਾਰਨ ਸਹੀ ਜਾਪਣ ਲੱਗ ਜਾਂਦਾ ਹੈ। ਇਸ ਵਾਰ ਵੀਅਮਰੀਕਾ ਵੱਲੋਂ ਚੀਨ ਉੱਤੇ ਲਾਇਆ ਦੋਸ਼ ਦੁਨੀਆ ਭਰ ਦੇ ਲੋਕਾਂ ਨੂੰ ਆਮ ਕਰ ਕੇ ਸਹੀ ਜਾਪਦਾ ਹੈ ਅਤੇ ਇਹ ਗੱਲ ਸੱਚ ਵੀ ਹੋ ਸਕਦੀ ਹੈ। ਦੂਸਰੇ ਪਾਸੇ ਸੰਸਾਰ ਭਰ ਦੇ ਲੋਕਾਂ ਨੂੰ ਇਹ ਵੀ ਪਤਾ ਹੈ ਕਿ ਪੁਰਾਣੇ ਰਾਜਿਆਂ ਦੇ ਸਮੇਂ ਤੋਂ ਹਰ ਸਰਕਾਰ ਆਪਣੇ ਵਿਰੋਧੀਆਂ ਦੀ ਜਾਸੂਸੀ ਕਰਾਉਂਦੀ ਰਹੀ ਹੈ ਅਤੇ ਏਦਾਂ ਦੀ ਜਾਸੂਸੀ ਆਪਣੇ ਦੇਸ਼ ਦੇ ਅੰਦਰਲੇ ਵਿਰੋਧੀਆਂ ਦੀ ਵੀ ਕਰਵਾਉਣ ਦਾ ਰਿਵਾਜ ਹੈ। ਵਿਰੋਧੀ ਦੇਸ਼ ਦੀ ਜਾਸੂਸੀ ਕਰਵਾਉਣ ਦੇਕਈ ਕਿੱਸੇ ਮਸ਼ਹੂਰ ਹਨ। ਕਈ ਸਰਕਾਰਾਂ ਇਹੋ ਜਿਹੀ ਜਾਸੂਸੀ ਖੁਦ ਆਪਣੇ ਬੰਦਿਆਂ ਜਾਂ ਆਪਣੇ ਨਾਲ ਨੇੜ ਰੱਖਦੇ ਦੇਸ਼ਾਂ ਦੇ ਖਿਲਾਫ ਵੀ ਕਰਾ ਲੈਂਦੀਆਂ ਹਨ, ਤਾਂ ਕਿ ਪਤਾ ਲੱਗਦਾ ਰਹੇ ਕਿ ਓਥੇ ਕੋਈ ਵਿਰੋਧੀ ਧਾਰਾ ਨਾ ਬਣਦੀ ਜਾ ਰਹੀ ਹੋਵੇ, ਜਿਹੜੀ ਕੱਲ੍ਹ ਨੂੰ ਵੱਡਾ ਸੰਕਟ ਬਣ ਜਾਵੇ। ਅਮਰੀਕਾ ਅਤੇ ਰੂਸ ਠੰਢੀ ਜੰਗ ਦੇ ਦਿਨਾਂ ਵਿੱਚ ਕਈ ਵਾਰ ਇਸ ਗੱਲ ਉੱਤੇ ਭਿੜ ਜਾਂਦੇ ਰਹੇ ਸਨ ਕਿ ਦੂਸਰੀ ਧਿਰ ਉਨ੍ਹਾਂ ਦੀ ਜਾਸੂਸੀ ਕਰਾਉਂਦੀ ਪਈ ਹੈ, ਪਰ ਇਹ ਕੰਮ ਦੋਵੇਂ ਦੇਸ਼ ਕਰਦੇ ਹੋਏ ਵੀ ਆਪਣਾ ਦੋਸ਼ ਮੰਨਣ ਦੀ ਥਾਂ ਦੂਸਰੇ ਦੇਸ਼ ਉੱਤੇ ਦੋਸ਼ ਥੱਪਦੇ ਸਨ। ਇਸ ਲਈ ਇਸ ਵਾਰੀ ਜਦੋਂ ਚੀਨ ਦੀ ਸਰਕਾਰ ਉੱਤੇ ਗੁਬਾਰਿਆਂ ਨਾਲ ਜਾਸੂਸੀ ਕਰਨ ਦਾ ਦੋਸ਼ ਲੱਗਾ ਹੈ ਤਾਂ ਆਮ ਲੋਕਾਂ ਨੂੰ ਗਲਤ ਨਹੀਂ ਜਾਪਦਾ।

ਅਸੀਂ ਇਸ ਘਟਨਾ ਤੱਕ ਸੀਮਤ ਨਾ ਰਹਿ ਕੇ ਇੱਕ ਪੁਰਾਣੀ ਘਟਨਾ ਦਾ ਚੇਤਾ ਕਰਾਉਣਾ ਚਾਹੁੰਦੇ ਹਾਂ, ਜਿਸ ਨਾਲ ਇੱਕ ਵਾਰੀ ਵੱਡਾ ਟਕਰਾਅ ਹੁੰਦਾ ਮਸਾਂ ਟਲਿਆ ਸੀ ਅਤੇ ਉਸ ਨੂੰ ਵੇਖੀਏ ਤਾਂ ਚੀਨ-ਅਮਰੀਕਾ ਦਾ ਅਜੋਕਾ ਤਨਾਅ ਚੰਗਾ ਨਹੀਂ। ਬਹੁਤੇ ਲੋਕਾਂ ਨੂੰ ਚੇਤਾ ਨਹੀਂ ਕਿ ਇੱਕ ਵਾਰੀ ਰੂਸ ਉੱਤੋਂ ਲੰਘਦਾ ਇੱਕ ਦੱਖਣੀ ਕੋਰੀਆਈ ਜਹਾਜ਼ ਰੂਸੀ ਜਹਾਜ਼ਾਂ ਨੇ ਘੇਰਨ ਦਾ ਯਤਨ ਕੀਤਾ ਤਾਂ ਓਨੀ ਦੇਰ ਤੱਕ ਉਹ ਸਮੁੰਦਰੀ ਹੱਦ ਤੱਕ ਚਲਾ ਗਿਆ ਸੀ। ਰੂਸੀ ਜਹਾਜ਼ਾਂ ਨੇ ਹਮਲਾ ਕਰ ਕੇ ਡੇਗ ਦਿੱਤਾਤਾਂਜਹਾਜ਼ ਦੇ ਕਰਿਊ ਮੈਂਬਰਾਂ ਸਣੇ ਦੋ ਸੌ ਉਨੱਤਰ ਲੋਕ ਮਾਰੇ ਗਏ ਸਨ। ਇਸ ਘਟਨਾ ਨਾਲ ਸੰਸਾਰ ਭਰ ਵਿੱਚ ਤਨਾਅ ਬਣ ਗਿਆ ਸੀ। ਅਮਰੀਕੀ ਧਿਰ ਵਾਲੇ ਦੇਸ਼ ਇਹ ਕਹਿੰਦੇ ਸਨ ਕਿ ਰੂਸੀਆਂ ਨੇ ਸਧਾਰਨ ਮੁਸਾਫਰ ਹਵਾਈ ਜਹਾਜ਼ ਡੇਗ ਕੇ ਏਨੇ ਬੇਗੁਨਾਹ ਲੋਕ ਮਾਰ ਦਿੱਤੇ ਹਨ ਤੇ ਰੂਸ ਕਹਿੰਦਾ ਸੀ ਕਿ ਮਰਨ ਵਾਲੇ ਮੁਸਾਫਰ ਬੇਗੁਨਾਹ ਸਨ, ਉਹਜਹਾਜ਼ ਰੂਸ ਦੀ ਜਾਸੂਸੀ ਦੇ ਮਿਸ਼ਨ ਉੱਤੇ ਸੀ ਅਤੇ ਜਿਹੜੇ ਇਲਾਕਿਆਂ ਤੋਂ ਉਸ ਨੂੰ ਲੰਘਣ ਤੋਂ ਰੋਕਿਆ ਸੀ, ਓਧਰ ਦੀ ਲੰਘਿਆ ਸੀ। ਇਹ ਵੀ ਗੱਲ ਸਾਹਮਣੇ ਆਈ ਸੀ ਕਿ ਉਸ ਜਹਾਜ਼ ਨੂੰ ਕੰਟਰੋਲ ਟਾਵਰਾਂ ਤੋਂ ਚੇਤਾਵਨੀ ਦੇਣ ਦਾ ਯਤਨ ਕੀਤਾ ਗਿਆ ਤਾਂਅੱਗੋਂ ਪਾਇਲਟ ਜਵਾਬ ਨਹੀਂ ਸੀ ਦੇਂਦੇਤੇ ਜਦੋਂ ਹੁੰਗਾਰਾ ਨਾ ਦੇਣ ਨੂੰ ਫਰੀਕੁਐਂਸੀ ਦਾ ਨੁਕਸ ਮੰਨ ਕੇ ਇੰਟਰਨੈਸ਼ਨਲ ਫਰੀਕੁਐਂਸੀ ਵਿੱਚ ਦੱਸਣ ਲਈ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਫਿਰ ਵੀ ਹੁੰਗਾਰਾ ਨਹੀਂ ਸੀ ਭਰਿਆ। ਜਹਾਜ਼ ਡੇਗੇ ਜਾਣ ਦੇ ਕਈ ਚਿਰ ਪਿੱਛੋਂ ਇਹ ਗੱਲ ਨਿਕਲੀ ਸੀ ਕਿ ਅਸਲ ਵਿੱਚ ਇੱਕੋ ਕਿਸਮ ਦੇ ਦੋ ਜਹਾਜ਼ ਉਸ ਵੇਲੇ ਉਸ ਥਾਂ ਉੱਡਦੇ ਸਨ, ਇੱਕ ਅਮਰੀਕਾ ਦਾ ਫੌਜੀ ਜਹਾਜ਼ ਜਾਸੂਸੀ ਦੇ ਕੰਮ ਲਈ ਓਧਰ ਗਿਆ ਸੀ ਅਤੇ ਦੂਸਰਾ ਕੋਰੀਆ ਦਾਇੱਕ ਸਿਵਲੀਅਨ ਜਹਾਜ਼ ਸੀ ਤੇ ਦੋਵਾਂ ਦਾ ਤਾਲਮੇਲ ਸੀ। ਅਮਰੀਕਾ ਵਾਲੇ ਜਹਾਜ਼ ਨੂੰ ਮੁਸਾਫਰਾਂ ਵਾਲੀ ਉਡਾਣ ਦੇ ਸਮੇਂ ਨਾਲ ਜੋੜਿਆ ਅਤੇ ਇੰਜ ਚਲਾਇਆ ਗਿਆ ਸੀ ਕਿ ਉੱਪਰ-ਹੇਠਾਂ ਉੱਡਦੇ ਦੋਵੇਂ ਜਹਾਜ਼ ਉਸ ਵਕਤ ਦੇ ਪ੍ਰਬੰਧਾਂ ਵਾਲੇ ਰਾਡਾਰ ਤੋਂ ਵੇਖਣ ਨਾਲ ਅਸਲ ਵਿੱਚ ਇੱਕੋ ਜਹਾਜ਼ ਜਾਪਦੇ ਸਨ। ਉਸ ਪਿੱਛੋਂ ਇੱਕ ਵਾਰੀ ਯੂਕਰੇਨ ਤੋਂ ਵੀ ਏਦਾਂ ਦੀ ਮਾੜੀ ਖਬਰ ਆਈ ਸੀ, ਜਦੋਂ ਉਸ ਦੇ ਗੜਬੜ ਵਾਲੇ ਖੇਤਰ ਵਿੱਚ ਇੱਕ ਮੁਸਾਫਰ ਜਹਾਜ਼ ਨੂੰ ਕਿਸੇ ਪਾਸੇ ਤੋਂ ਆ ਵੱਜੀ ਮਿਜ਼ਾਈਲ ਨੇ ਡੇਗਿਆ ਤਾਂ ਸਰਕਾਰ ਤੇ ਉਸ ਦੇ ਵਿਰੁੱਧ ਲੜਨ ਵਾਲੇ ਬਾਗੀ ਦੋਵੇਂ ਧਿਰਾਂ ਇਸ ਦੀ ਜ਼ਿੰਮੇਵਾਰੀ ਲੈਣ ਦੀ ਥਾਂ ਇੱਕ ਦੂਸਰੇ ਨੂੰ ਦੋਸ਼ੀ ਦੱਸਦੇ ਰਹੇ ਸਨ। ਜਿਹੜੀ ਮਿਜ਼ਾਈਲ ਮਾਰੀ ਗਈ, ਉਹ ਰੂਸੀ ਫੌਜੀਆਂ ਕੋਲ ਵੀ ਸੀ, ਯੂਕਰੇਨੀ ਫੌਜਾਂ ਕੋਲ ਵੀ ਅਤੇ ਯੂਕਰੇਨ ਤੋਂ ਬਾਗੀ ਹੋਏ ਟੋਲਿਆਂ ਕੋਲ ਵੀ ਉਹੀ ਮਿਜ਼ਾਈਲਾਂ ਸਨ। ਏਦਾਂ ਦੀ ਹਰ ਘਟਨਾ ਤੋਂ ਭਵਿੱਖ ਲਈ ਸਬਕ ਸਿੱਖੇ ਜਾਣੇ ਚਾਹੀਦੇ ਹਨ, ਪਰ ਸੰਸਾਰ ਦੀ ਸਰਦਾਰੀ ਦਾ ਜਨੂੰਨ ਜਿਨ੍ਹਾਂ ਲੋਕਾਂ ਦੇ ਸਿਰਾਂ ਨੂੰ ਚੜ੍ਹਿਆ ਹੋਵੇ, ਉਹ ਅਮਰੀਕਾ ਦੇ ਹਾਕਮ ਹੋਣ, ਚੀਨ ਦੇ ਜਾਂ ਕੋਈ ਹੋਰ, ਉਹ ਕਦੇ ਆਮ ਲੋਕਾਂ ਦੇ ਮਰਨ ਦੀ ਚਿੰਤਾ ਨਹੀਂ ਕਰਦੇ।

ਇਸ ਵਾਰੀ ਅਮਰੀਕਾ ਨੇ ਇੱਕ ਗੁਬਾਰਾ ਡੇਗਿਆ ਹੈ। ਜੇ ਸਿਰਫ ਗੁਬਾਰੇ ਦੀ ਗੱਲ ਹੁੰਦੀ ਤਾਂ ਕੋਈ ਫਿਕਰ ਨਹੀਂ ਸੀ, ਮਾਮਲਾ ਕਿਉਂਕਿ ਦੋ ਧਿਰਾਂ ਵਿਚਾਲੇ ਚੱਲ ਰਹੇ ਤਨਾਅ ਅਤੇ ਜਾਸੂਸੀ ਦੇ ਦੋਸ਼ਾਂ ਨਾਲ ਜੁੜਦਾ ਹੈ, ਇਸ ਲਈ ਸੰਸਾਰ ਭਰ ਵਿੱਚ ਇੱਕ ਹੋਰ ਸੰਸਾਰ ਜੰਗ ਦੇ ਖਦਸ਼ਿਆਂ ਦੀ ਚਰਚਾ ਛਿੜ ਪਈ ਹੈ। ਇਸ ਵਕਤ ਸੰਸਾਰ ਜੰਗ ਛਿੜ ਜਾਣ ਵਾਲੇ ਸਿੱਧੇ ਸੰਕੇਤ ਨਹੀਂ,ਪਰ ਸੰਸਾਰ ਵਿੱਚ ਏਦਾਂ ਦੀ ਕਿਸੇ ਮੰਦ-ਭਾਵੀ ਦੀਚਰਚਾ ਹੋਣ ਦਐ ਕਾਰਨ ਪਹਿਲਾਂ ਵੀ ਮੌਜੂਦ ਸਨ ਤੇ ਇਸ ਵਕਤ ਵੀ ਬਹੁਤ ਹਨ। ਅਮਰੀਕਾ ਮਹਾਂ-ਸ਼ਕਤੀ ਹੈ, ਪਰ ਇਸ ਵਕਤ ਉਹਦੇ ਵਾਂਗ ਮਹਾਂ-ਸ਼ਕਤੀ ਹੋਣ ਦਾ ਦਾਅਵਾ ਕਰਨ ਵਾਲੇ ਦੋ ਦੇਸ਼ ਰੂਸ ਅਤੇ ਚੀਨ ਵੀ ਹਨ। ਚੀਨ ਨਾਲ ਤਾਂ ਅਮਰੀਕਾ ਦਾ ਤਨਾਅ ਇਸ ਇੱਕ ਗੁਬਾਰੇ ਦੇ ਕਾਰਨ ਵਧ ਗਿਆ ਹੋ ਸਕਦਾ ਹੈ, ਪਰ ਰੂਸ ਨਾਲ ਸਦਾਤੋਂ ਚੱਲਦਾ ਆਇਆ ਹੈ। ਪਿਛਲੇ ਸਾਲ ਰੂਸ ਤੇ ਯੂਕਰੇਨ ਵਿਚਾਲੇ ਛਿੜੀ ਜੰਗ ਨੇ ਇਹ ਹੋਰਵਧਾ ਦਿੱਤਾ ਸੀ। ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਬੀਤੇ ਦਿਨੀਂ ਇਹ ਭੇਦ ਖੋਲ੍ਹਿਆ ਸੀ ਕਿ ਜਦੋਂ ਰੂਸ ਨੂੰਯੂਕਰੇਨ ਜੰਗ ਤੋਂਰੋਕਣ ਲਈ ਉਸ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਕਿਹਾ ਕਿ ਜੰਗ ਲੱਗੀ ਤਾਂ ਅਸੀਂ ਸਾਰੇ ਯੂਕਰੇਨ ਦਾ ਸਾਥ ਦੇਵਾਂਗੇ ਤਾਂ ਪੂਤਿਨ ਨੇ ਇਸ ਦੇ ਜਵਾਬ ਵਿੱਚ ਐਟਮੀ ਮਿਜ਼ਾਈਲ ਵਾਲੀ ਧਮਕੀ ਦੇ ਦਿੱਤੀ ਸੀ। ਜ਼ਰੂਰ ਇਹ ਧਮਕੀ ਦਿੱਤੀ ਹੋਵੇਗੀ, ਪਰ ਯੂਕਰੇਨ ਨਾਲ ਖੜੋਣ ਦੀ ਗੱਲ ਕਹਿ ਕੇ ਉਸ ਨੂੰ ਪਹਿਲੀ ਧਮਕੀ ਤਾਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਨੇ ਖੁਦਦਿੱਤੀ ਸੀ। ਏਦਾਂ ਦੀਆਂ ਉਕਸਾਹਟਾਂ ਦਾ ਦੌਰ ਚਿਰਾਂ ਤੋਂ ਚੱਲਦਾ ਹੈ ਅਤੇ ਅੱਜਕੱਲ੍ਹ ਚੀਨ ਨਾਲ ਅਮਰੀਕਾ ਦੀ ਇਹੋ ਜਿਹੀ ਖਹਿਬੜ ਜਿਸ ਤਰ੍ਹਾਂ ਵਧਦੀ ਜਾਂਦੀ ਹੈ, ਉਸ ਨੇ ਸੰਸਾਰ ਪੱਧਰ ਦਾ ਤਨਾਅ ਹੋਰ ਵੀ ਵਧਣ ਦੇ ਬਹੁਤ ਸਾਰੇ ਸੰਕੇਤ ਦੇ ਦਿੱਤੇ ਹਨ ਅਤੇ ਪਤਾ ਨਹੀਂ ਇਹ ਸੰਕੇਤ ਕਿੱਥੋਂ ਤੱਕ ਜਾਣਗੇ।

ਪਹਿਲੀ ਤੇ ਦੂਸਰੀ ਸੰਸਾਰ ਜੰਗ ਵੇਲੇ ਤੱਕ ਅਜੇ ਐਟਮ ਬੰਬ ਨਹੀਂ ਸਨ ਬਣੇ। ਦੂਸਰੀ ਸੰਸਾਰ ਜੰਗ ਦੇ ਆਖਰੀ ਦਿਨ ਆਉਂਦੇਜਾਪਣ ਲੱਗੇ ਤਾਂ ਅਮਰੀਕਾ ਨੇ ਤਾਜ਼ੇ-ਤਾਜ਼ੇ ਬਣਾਏ ਦੋ ਬੰਬ ਜਾਪਾਨ ਦੇ ਦੋ ਸ਼ਹਿਰਾਂ ਉੱਤੇ ਸੁੱਟ ਕੇ ਤਬਾਹੀ ਮਚਾ ਦਿੱਤੀ ਸੀ। ਜੰਗ ਮੁੱਕਦੇ ਸਾਰ ਰੂਸ ਨੇਕਹਿ ਦਿੱਤਾ ਕਿ ਉਸ ਨੇ ਵੀ ਐਟਮ ਬੰਬ ਬਣਾ ਲਏ ਹਨ। ਓਦੋਂ ਬਾਅਦ ਕਈ ਦੇਸ਼ਾਂ ਵਿੱਚ ਇਹੋ ਜਿਹੇ ਬੰਬ ਬਣ ਚੁੱਕੇ ਹਨ। ਹੋਰ ਤਾਂ ਹੋਰ, ਦੀਵਾਲੀਆ ਹੋਣ ਕੰਢੇ ਪੁੱਜਿਆ ਪਾਕਿਸਤਾਨ ਵੀ ਐਟਮ ਬੰਬ ਚੁੱਕੀ ਫਿਰਦਾ ਹੈ। ਅੱਜਕੱਲ੍ਹ ਕਈ ਦੇਸ਼ਾਂ ਕੋਲ ਏਦਾਂ ਦੇ ਬੰਬ ਹਨ। ਜਿਸ ਕਿਸੇ ਵੀ ਦੇਸ਼ ਦੀ ਸਰਕਾਰ ਜਾਂ ਫੌਜ ਨੂੰ ਐਟਮੀ ਸ਼ਕਤੀ ਮਿਲ ਜਾਂਦੀ ਹੈ, ਉਹ ਫਿਰ ਬਾਕੀ ਸਾਰੀ ਦੁਨੀਆਂ ਨੂੰ ਅੱਖਾਂ ਵਿਖਾਉਣ ਲੱਗ ਜਾਂਦਾ ਹੈ।

ਇਸ ਕਰ ਕੇ ਅਮਰੀਕਾ ਹੋਵੇ ਜਾਂ ਚੀਨ, ਸੰਸਾਰ ਦੇ ਹਰ ਦੇਸ਼ ਨੂੰ ਸੋਚ ਕੇ ਚੱਲਣਾ ਚਾਹੀਦਾ ਹੈ ਕਿ ਐਟਮੀ ਸ਼ਕਤੀ ਨੇ ਸੰਸਾਰ ਦੀਆਂ ਸ਼ਕਤੀਆਂ ਦਾ ਸੰਤੁਲਨ ਏਨਾ ਬਦਲ ਦਿੱਤਾ ਹੈ ਕਿ ਦੂਸਰਿਆਂ ਨੂੰ ਮਾਰ ਕੇ ਖੁਦ ਬਚੇ ਰਹਿਣ ਦੀ ਗਾਰੰਟੀ ਅੱਜ ਦੇ ਦੌਰ ਵਿੱਚ ਕੋਈ ਦੇਸ਼ ਵੀ ਆਪਣੇ ਨਾਗਰਿਕਾਂ ਨੂੰ ਨਹੀਂ ਦੇ ਸਕਦਾ। ਦੂਸਰੀ ਵੱਡੀ ਜੰਗ ਦੇ ਵਕਤਵਾਲਾ ਸਮਾਂ ਵੀ ਅੱਜਕੱਲ੍ਹ ਨਹੀਂ। ਓਦੋਂ ਜਾਪਾਨੀ ਸ਼ਹਿਰਾਂ ਉੱਤੇ ਐਟਮ ਬੰਬ ਸੁੱਟਣ ਲਈ ਅਮਰੀਕਾ ਨੂੰ ਆਪਣੇ ਫੌਜੀਜਹਾਜ਼ ਓਥੋਂ ਤੱਕ ਉਡਾਉਣੇ ਪਏ ਸਨ, ਅੱਜਕੱਲ੍ਹ ਆਪਣੇ ਦੇਸ਼ ਵਿੱਚ ਬੈਠਿਆਂ ਵੀ ਐਟਮੀ ਮਿਜ਼ਾਈਲ ਕੋਈ ਦੇ ਸ਼



ਕਿਸੇ ਹੋਰ ਦੇਸ਼ ਦੇ ਕਿਸੇ ਵੀ ਸ਼ਹਿਰ ਤੱਕ ਸੁੱਟ ਸਕਦਾਹੈ। ਸਾਇੰਸ ਨੇ ਸੁਖ ਬਹੁਤ ਦਿੱਤਾ ਹੈ, ਖਤਰੇ ਵੀ ਏਨੇ ਸਾਰੇ ਪੈਦਾ ਕਰ ਦਿੱਤੇ ਹਨ ਕਿ ਜਿਸ ਕਿਸੇਵਿਅਕਤੀ ਨੂੰ ਆਪਣੀ ਸੁੱਖ ਚਾਹੀਦੀ ਹੈ, ਉਸ ਨੂੰ ਸਾਰੇ ਸੰਸਾਰ ਦੀ ਸੁੱਖ ਮੰਗਣੀ ਚਾਹੀਦੀ ਹੈ ਤੇ ਇਹ ਹੀ ਗੱਲ ਹੈ, ਜਿਹੜੀ ਮਹਾਂਸ਼ਕਤੀ ਅਖਵਾਉਣ ਜਾਂ ਮਹਾਂਸ਼ਕਤੀ ਬਣਨ ਦੇ ਚਾਹਵਾਨ ਦੇਸ਼ਾਂ ਦੇ ਹਾਕਮ ਮੰਨਣ ਨੂੰ ਤਿਆਰ ਨਹੀਂ।

## ਅੱਜ ਨਾਮਾ

ਕਿਸੇ ਵੀ ਭਾਰਤ ਦੇ ਰਾਜ ਦੀ ਗੱਲ ਕਰੀਏ,
ਖੁਸ਼ੀ ਨਹੀਂ ਕਿਸੇ ਸਰਕਾਰ ਤੋਂ ਲੋਕ ਬੇਲੀ।
ਨਾਅਰਿਆਂ-ਧਰਨਿਆਂ ਦੀ ਚੱਲੀ ਲੜੀ ਜਾਵੇ,
ਬਣਦੇ ਆ ਤਿੱਖੇ ਸਰਕਾਰ ਲਈ ਜੋਕ ਬੇਲੀ।
ਕਹਿਣ ਸਰਕਾਰਾਂ ਕਿ ਲੋਕਾਂ ਦੇ ਭਲੇ ਪਿੱਛੇ,
ਸਾਰੀ ਤਾਕਤ ਹੀ ਦਿੱਤੀ ਗਈ ਝੋਕ ਬੇਲੀ।
ਕਹਿੰਦੇ ਆ ਲੋਕ ਕਿ ਲੀਡਰ ਹੀ ਛਕੀ ਜਾਂਦੇ,
ਲੋਕਾਂ ਤੀਕਰ ਬੱਸ ਪਹੁੰਚ ਰਿਹਾ ਫੋਕ ਬੇਲੀ।
ਹਰ ਇੱਕ ਪਾਰਟੀ ਜਿੱਥੇ ਪਈ ਰਾਜ ਕਰਦੀ,
ਖਾਂਦੀ ਪਬਲਿਕ ਤੋਂ ਰਹਿੰਦੀ ਆ ਮਾਰ ਬੇਲੀ।
ਬੜ੍ਹਕ ਵਿੱਚ ਬੋਲਦੀ ਓਸੇ ਆ ਰਾਜ ਅੰਦਰ,
ਕੀਤੀ ਹੋਈ ਜਿੱਥੇ ਆ ਸੜਕ ਸਵਾਰ ਬੇਲੀ।

**ਤੀਸ ਮਾਰ ਖਾਂ**

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editor** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer**<br>**Marketing:** | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ-ਫੁਲਕਾ

ਪਤਨੀ, ''ਸੁਣੇ ਜੀ, ਜੇਕਰ ਮੈਂ ਸਮਾਂ ਹੁੰਦੀ ਤਾਂ ਸ਼ਾਇਦ ਸਭ ਨੂੰ ਮੇਰੀ ਬਹੁਤ ਜ਼ਿਆਦਾ ਕਦਰ ਹੁੰਦੀ ਨਾ?''
ਪਤੀ, ''ਹਾਂ ਡੀਅਰ! ਤੇਰਾ ਤਾਂ ਖੌਫ਼ ਹੁੰਦਾ ਚਾਰੇ ਪਾਸੇ।''
ਪਤਨੀ, ''ਖੌਫ਼ ਕਿਉਂ ਹੁੰਦਾ, ਭਲਾ?''
ਪਤੀ, ''ਤੈਨੂੰ ਦੇਖਦੇ ਹੀ ਲੋਕ ਸਹਿਮ ਜਾਂਦੇ ਤੇ ਕਹਿੰਦੇ 'ਦੇਖੋ ਬੁਰਾ ਸਮਾਂ ਆ ਰਿਹਾ ਹੈ।''

********

ਪੱਪੂ (ਗੱਪੂ ਨੂੰ), ''ਯਾਰ, ਵਿਆਹੇ ਲੋਕ ਅਖ਼ਬਾਰ ਵਿੱਚ ਆਪਣਾ ਰਾਸ਼ੀਫਲ ਨਹੀਂ ਦੇਖਦੇ।''
ਗੱਪੂ, ''ਕਿਉਂ?''
ਪੱਪੂ, ''ਉਹ ਪਤਨੀ ਦਾ ਚਿਹਰਾ ਦੇਖ ਕੇ ਹੀ ਜਾਣ ਜਾਂਦੇ ਹਨ ਕਿ ਅੱਜ ਦਾ ਦਿਨ ਕਿਸ ਤਰ੍ਹਾਂ ਬੀਤੇਗਾ।''

********

ਪੁਲਸ ਵਾਲਾ (ਚੋਰ ਨੂੰ), ''ਤੂੰ ਇੱਕ ਹੀ ਦੁਕਾਨ ਵਿੱਚ ਤਿੰਨ ਵਾਰ ਚੋਰੀ ਕਰਨ ਕਿਉਂ ਗਿਆ?''
ਚੋਰ, ''ਸਰ! ਚੋਰੀ ਤਾਂ ਮੈਂ ਪਹਿਲੀ ਵਾਰ ਵਿੱਚ ਹੀ ਆਪਣੀ ਪਤਨੀ ਲਈ ਡਰੈਸ ਚੋਰੀ ਕਰ ਕੇ ਕਰ ਲਈ ਸੀ, ਬਾਕੀ ਦੋ ਵਾਰ ਤਾਂ ਮੈਨੂੰ ਸਿਰਫ਼ ਉਸ ਦੇ ਪਸੰਦ ਦੇ ਸੂਟ ਬਦਲਣ ਲਈ ਜਾਣਾ ਪਿਆ ਸੀ।''

# ਵੈਟਰਨਰੀ ਇਲਾਜ ਦੀ ਲੋੜ ਹੈ



ਦੂਰ-ਦੁਰਾਡੇ ਦੇ ਪੇਂਡੂ ਖੇਤਰਾਂ ਵਿੱਚ ਪਸ਼ੂਆਂ ਨੂੰ ਵੈਟਰਨਰੀ ਸੇਵਾਵਾਂ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਨਵੇਂ ਪਸ਼ੂ ਹਸਪਤਾਲਾਂ ਦੀ ਉਸਾਰੀ ਅਤੇ ਉਨ੍ਹਾਂ ਵਿੱਚ ਲੋੜੀਂਦੇ ਸਟਾਫ਼ ਦੀ ਨਿਯੁਕਤੀ, ਜ਼ਰੂਰੀ ਦਵਾਈਆਂ ਦੀ ਉਪਲਬਧਤਾ, ਹਰ ਪਸ਼ੂ ਦਾ ਬੀਮਾ, ਬਲਾਕ ਪੱਧਰ 'ਤੇ ਪਸ਼ੂ ਧਨ ਮੇਲਿਆਂ ਦਾ ਆਯੋਜਨ ਅਤੇ ਮਾਪਿਆਂ ਦੀ ਹਰ ਸੰਭਵ ਮਦਦ ਕਰਨ ਦੀ ਲੋੜ ਹੈ। ਦੁੱਧ ਦੀ ਸਹੀ ਕੀਮਤ ਪ੍ਰਾਪਤ ਕਰੋ, ਕ੍ਰਾਂਤੀ ਕਿਵੇਂ ਸਫਲ ਹੋ ਸਕਦੀ ਹੈ, ਕਿਉਂਕਿ ਸੂਬੇ ਦੇ ਕਰੀਬ ਸੱਤ ਹਜ਼ਾਰ ਪਿੰਡਾਂ, ਢਾਣੀਆਂ, ਕਸਬਿਆਂ ਅਤੇ ਸ਼ਹਿਰਾਂ ਵਿੱਚੋਂ ਅੱਧੇ ਤੋਂ ਵੀ ਘੱਟ ਪਿੰਡਾਂ ਵਿੱਚ ਪਸ਼ੂ ਹਸਪਤਾਲ ਖੁੱਲ੍ਹੇ ਹਨ। ਸੂਬੇ ਦਾ ਵੱਡਾ ਇਲਾਕਾ ਅਜੇ ਵੀ ਅਜਿਹਾ ਹੈ ਜਿੱਥੇ ਪਸ਼ੂਆਂ ਦੇ ਇਲਾਜ ਲਈ ਕੋਈ ਪਸ਼ੂ ਹਸਪਤਾਲ ਨਹੀਂ ਹੈ। ਇਸ ਤੋਂ ਇਲਾਵਾ ਜੇਕਰ ਰਾਤ ਸਮੇਂ ਕੋਈ ਪਸ਼ੂ ਬਿਮਾਰ ਹੋ ਜਾਂਦਾ ਹੈ ਤਾਂ ਉਸ ਦਾ ਇਲਾਜ ਕਿੱਥੋਂ ਕਰਵਾਉਣਾ ਹੈ, ਇਹ ਪਸ਼ੂ ਮਾਪਿਆਂ ਲਈ ਗੰਭੀਰ ਸਮੱਸਿਆ ਹੈ।

-ਪ੍ਰਿਅੰਕਾ ਸੌਰਭ



ਪਸ਼ੂ ਧਨ ਕਿਸਾਨ ਕ੍ਰੈਡਿਟ ਕਾਰਡ ਯੋਜਨਾ, ਹਰਿਆਣਾ ਸਰਕਾਰ ਵੱਲੋਂ ਪਸ਼ੂ ਖਰੀਦਣ ਲਈ ਬਣਾਈ ਗਈ ਯੋਜਨਾ ਸ਼ਲਾਘਾਯੋਗ ਹੈ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਕੱਲ੍ਹ ਘਰਾਂ ਦੀ ਬਜਾਏ ਗਲੀਆਂ, ਮੁਹੱਲਿਆਂ ਅਤੇ ਪਿੰਡਾਂ ਵਿੱਚ ਜ਼ਿਆਦਾਤਰ ਗਊਆਂ ਘੁੰਮਦੀਆਂ ਦਿਖਾਈ ਦਿੰਦੀਆਂ ਹਨ, ਜਿਸ ਦਾ ਮੁੱਖ ਕਾਰਨ ਖੇਤੀਬਾੜੀ ਦੇ ਕੰਮਾਂ ਵਿੱਚ ਪਸ਼ੂਆਂ ਦੀ ਘੱਟ ਰਹੀ ਵਰਤੋਂ ਅਤੇ ਸਰਕਾਰ ਵੱਲੋਂ ਪਸ਼ੂ ਮੇਲਿਆਂ 'ਤੇ ਪਾਬੰਦੀ ਹੈ। ਕਰੋੜਾਂ ਰੁਪਏ ਖਰਚਣ ਦੇ ਬਾਵਜੂਦ ਸਰਕਾਰਾਂ ਸੂਬੇ ਵਿੱਚ ਦੁੱਧ ਦੀ ਕ੍ਰਾਂਤੀ ਲਿਆਉਣ ਵਿੱਚ ਕਾਮਯਾਬ ਨਹੀਂ ਹੋ ਸਕੀਆਂ। ਸਿੱਟੇ ਵਜੋਂ ਅੱਜ ਵੀ ਲੋਕ ਕੈਮੀਕਲ ਵਾਲੇ ਪੈਕਡ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਦੀ ਵਰਤੋਂ ਘਰਾਂ ਵਿੱਚ ਕਰਨ ਲਈ ਮਜਬੂਰ ਹਨ। ਪਸ਼ੂ ਪਾਲਕਾਂ ਨੂੰ ਕਦੇ ਵੀ ਦੁੱਧ ਦਾ ਸਹੀ ਮੁੱਲ ਨਹੀਂ ਮਿਲਿਆ। ਪਸ਼ੂ ਪਾਲਣ ਦਾ ਧੰਦਾ ਮਹਿੰਗਾ ਹੁੰਦਾ ਜਾ ਰਿਹਾ ਹੈ। ਜਦੋਂ ਦੁਧਾਰੂ ਪਸ਼ੂ ਬਾਂਝ ਹੋ ਜਾਂਦੇ ਹਨ ਤਾਂ ਲੋਕ ਉਨ੍ਹਾਂ ਨੂੰ ਭਟਕਣ ਲਈ ਛੱਡ ਦਿੰਦੇ ਹਨ।ਸਰਕਾਰ ਸੂਰ ਪਾਲਣ ਦੇ ਨਾਲ-ਨਾਲ ਭੇਡਾਂ-ਬੱਕਰੀਆਂ ਅਤੇ ਗਾਵਾਂ ਲਈ ਕੈਟਲ ਸ਼ੈੱਡ ਬਣਾ ਰਹੀ ਹੈ। ਪਰ ਇਹ ਕਦਮ ਕਾਫ਼ੀ ਨਹੀਂ ਹਨ. ਦੁੱਧ ਕ੍ਰਾਂਤੀ ਕਿਵੇਂ ਸਫਲ ਹੋ ਸਕਦੀ ਹੈ, ਕਿਉਂਕਿ ਸੂਬੇ ਦੇ ਕਰੀਬ ਸੱਤ ਹਜ਼ਾਰ ਪਿੰਡਾਂ, ਢਾਣੀਆਂ, ਕਸਬਿਆਂ ਅਤੇ ਸ਼ਹਿਰਾਂ ਵਿੱਚੋਂ ਸਿਰਫ਼ ਅੱਧੇ ਤੋਂ ਵੀ ਘੱਟ ਪਿੰਡਾਂ ਵਿੱਚ ਪਸ਼ੂ ਹਸਪਤਾਲ ਖੁੱਲ੍ਹੇ ਹਨ। ਸੂਬੇ ਦਾ ਵੱਡਾ ਇਲਾਕਾ ਅਜੇ ਵੀ ਅਜਿਹਾ ਹੈ ਜਿੱਥੇ ਪਸ਼ੂਆਂ ਦੇ ਇਲਾਜ ਲਈ ਕੋਈ ਪਸ਼ੂ ਹਸਪਤਾਲ ਨਹੀਂ ਹੈ। ਇਸ ਤੋਂ ਇਲਾਵਾ ਜੇਕਰ ਰਾਤ ਸਮੇਂ ਕੋਈ ਪਸ਼ੂ ਬਿਮਾਰ ਹੋ ਜਾਂਦਾ ਹੈ ਤਾਂ ਉਸ ਦਾ ਇਲਾਜ ਕਿੱਥੋਂ ਕਰਵਾਉਣਾ ਹੈ, ਇਹ ਪਸ਼ੂ ਮਾਪਿਆਂ ਲਈ ਗੰਭੀਰ ਸਮੱਸਿਆ ਹੈ। ਪਸ਼ੂ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਵੀਐਲਡੀਏ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਜਿਨ੍ਹਾਂ ਨੂੰ ਭਰਿਆ ਨਹੀਂ ਜਾ ਰਿਹਾ। ਅਜਿਹੇ 'ਚ ਪਸ਼ੂ ਪਾਲਕਾਂ ਨੂੰ ਸਹੀ ਸਹੂਲਤਾਂ ਨਹੀਂ ਮਿਲ ਰਹੀਆਂ ਹਨ।ਸੱਪ ਦੇ ਡੰਗਣ ਅਤੇ ਕਰੰਟ ਲੱਗਣ ਨਾਲ ਦੁਧਾਰੂ ਪਸ਼ੂ ਦੀ ਮੌਤ ਹੋਣ 'ਤੇ ਡਾਕਟਰ ਪਸ਼ੂ ਪਾਲਕਾਂ ਨੂੰ ਆਰਥਿਕ ਮਦਦ ਕਰਨ ਦੀ ਸਲਾਹ ਦਿੰਦੇ ਹਨ।

ਜੇਕਰ ਪਸ਼ੂ ਪਾਲਕਾਂ ਵੱਲੋਂ ਗਰਭਵਤੀ ਦੁਧਾਰੂ ਪਸ਼ੂ ਦੀ ਗੰਭੀਰ ਬਿਮਾਰੀ ਕਾਰਨ ਮੌਤ ਹੋਣ ਦੀ ਸੂਰਤ ਵਿੱਚ ਅਜਿਹੀ ਕੋਈ ਰਿਪੋਰਟ ਤਿਆਰ ਨਹੀਂ ਕੀਤੀ ਜਾਂਦੀ ਤਾਂ ਪਸ਼ੂ ਪਾਲਕਾਂ ਨੂੰ ਹਜ਼ਾਰਾਂ ਰੁਪਏ ਦਾ ਨੁਕਸਾਨ ਝੱਲਣਾ ਪੈਂਦਾ ਹੈ। ਮੌਜੂਦਾ ਸਮੇਂ ਵਿੱਚ ਸਰਕਾਰ ਵੱਲੋਂ ਪਸ਼ੂ ਪਾਲਕਾਂ ਨੂੰ ਅਜਿਹੀ ਕੋਈ ਸਹੂਲਤ ਨਹੀਂ ਦਿੱਤੀ ਜਾ ਰਹੀ ਹੈ ਕਿਉਂਕਿ ਵੈਟਰਨਰੀ ਸਰਜਨ ਨੂੰ ਮੁੱਢਲੀ ਤਨਖ਼ਾਹ ਵਿੱਚ ਜੋੜ ਕੇ ਨਾਨ-ਪ੍ਰੈਕਟਿਸ ਭੱਤਾ ਦਿੱਤਾ ਜਾਂਦਾ ਹੈ ਤਾਂ ਉਸ ਦੀ ਤਨਖ਼ਾਹ ਲੱਖਾਂ ਵਿੱਚ ਹੈ, ਜਦੋਂ ਕਿ ਵੀ.ਐਲ.ਡੀ.ਏ. ਸਮੇਤ ਹੋਰ ਮੁਲਾਜ਼ਮਾਂ ਨੂੰ ਮਿਲੇਗੀ। ਰੁਪਏ ਤਨਖਾਹ ਸਕੇਲ ਊਠ ਦੇ ਮੂੰਹ ਵਿੱਚ ਜੀਰਾ ਪਾਉਣ ਵਾਲੀ ਗੱਲ ਹੈ। ਪਸ਼ੂ ਮਾਲਕਾਂ ਨੂੰ ਜਦੋਂ ਵੀ ਅਜਿਹੇ ਸਟਾਫ਼ ਨੂੰ ਆਪਣੇ ਬਿਮਾਰ ਪਸ਼ੂਆਂ ਦੀ ਜਾਂਚ ਲਈ ਘਰ ਬੁਲਾਇਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਪੈਸੇ ਖਰਚਣੇ ਪੈਂਦੇ ਹਨ। ਪਸ਼ੂ ਹਸਪਤਾਲਾਂ ਵਿੱਚ ਬਹੁਤ ਘੱਟ ਦਵਾਈਆਂ ਉਪਲਬਧ ਹੋਣ ਕਾਰਨ ਪਸ਼ੂ ਮਾਪਿਆਂ ਨੂੰ ਮੈਡੀਕਲ ਸਟੋਰਾਂ ਤੋਂ ਮਹਿੰਗੀਆਂ ਦਵਾਈਆਂ ਖਰੀਦਣੀਆਂ ਪੈਂਦੀਆਂ ਹਨ। ਇਕ ਤਾਂ ਦਵਾਈਆਂ ਦੀ ਖਰੀਦਦਾਰੀ ਅਤੇ ਇਸ ਤੋਂ ਇਲਾਵਾ ਸਟਾਫ ਨੂੰ ਵੀ ਪੈਸੇ ਦੇਣੇ ਪੈਂਦੇ ਹਨ। ਅਜਿਹੇ ਵਿੱਚ ਸਰਕਾਰ ਵੱਲੋਂ ਪਸ਼ੂ ਪਾਲਕਾਂ ਨੂੰ ਕਿਹੜੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਤਾਂ ਜੋ ਸੂਬੇ ਵਿੱਚ ਦੁੱਧ ਦੀ ਕ੍ਰਾਂਤੀ ਲਿਆਂਦੀ ਜਾ ਸਕੇ। ਰਾਸ਼ਟਰੀ ਬਨਾਵਟੀ ਗਰਭਦਾਨ ਯੋਜਨਾ ਤਹਿਤ ਪਸ਼ੂ ਪਾਲਕਾਂ ਨੂੰ ਉਨ੍ਹਾਂ ਦੇ ਘਰ ਦੇ ਦਰਵਾਜ਼ੇ 'ਤੇ ਮੁਫ਼ਤ ਗਰਭਦਾਨ ਦੀ ਸਹੂਲਤ ਦਿੱਤੀ ਗਈ ਹੈ। ਇਸ ਤਹਿਤ ਜਾਨਵਰਾਂ ਨੂੰ ਟੈਗ ਕੀਤਾ ਜਾਂਦਾ ਹੈ। ਕਹਿਣ ਦਾ ਮਤਲਬ ਇਹ ਹੈ ਕਿ ਦੁਧਾਰੂ ਪਸ਼ੂਆਂ ਦੇ ਕੰਨਾਂ ਵਿੱਚ ਇਹ ਟੈਗ ਲਗਾ ਕੇ ਉਨ੍ਹਾਂ ਦੀ ਆਨਲਾਈਨ ਰਜਿਸਟ੍ਰੇਸ਼ਨ ਵੀ ਕੀਤੀ ਜਾ ਰਹੀ ਹੈ। ਇਸ ਸਕੀਮ ਦਾ ਉਦੇਸ਼ ਉੱਚ ਗੁਣਵੱਤਾ ਅਤੇ ਵਧੀਆ ਨਸਲ ਦੇ ਬੱਚਿਆਂ ਦੁਆਰਾ ਦੁੱਧ ਦੇ ਉਤਪਾਦਨ ਨੂੰ ਵਧਾਉਣਾ ਹੈ। ਸਰਕਾਰ ਨੇ ਹਰ ਜ਼ਿਲ੍ਹੇ ਦੇ ਪਸ਼ੂ ਪਾਲਕਾਂ ਨੂੰ ਨਸਲ ਦੀਆਂ ਗਾਵਾਂ ਅਤੇ ਮੱਝਾਂ ਨੂੰ ਵਧੀਆ ਨਸਲ ਦੇ ਵੀਰਜ ਦੀ ਗੁਣਵੱਤਾ ਦੀ ਮਦਦ ਨਾਲ ਮੁਫਤ ਗਰਭ ਅਵਸਥਾ ਦੀ ਸਹੂਲਤ ਪ੍ਰਦਾਨ ਕਰਨ ਦਾ ਟੀਚਾ ਰੱਖਿਆ ਹੈ। ਵੀਐਲਡੀ ਡਿਪਲੋਮਾ ਕੋਰਸ ਲਈ ਸਰਕਾਰ ਪ੍ਰਾਈਵੇਟ ਅਦਾਰਿਆਂ ਨੂੰ ਮਾਨਤਾ ਦੇ ਰਹੀ ਹੈ, ਜਿੱਥੋਂ ਹਰ ਸਾਲ ਹਜ਼ਾਰਾਂ ਡਿਪਲੋਮਾ ਹੋਲਡਰ ਪਾਸ ਆਊਟ ਹੋ ਜਾਂਦੇ ਹਨ, ਪਰ ਇਨ੍ਹਾਂ ਡਿਪਲੋਮਾ ਹੋਲਡਰਾਂ ਦੀ ਰਜਿਸਟ੍ਰੇਸ਼ਨ ਅਤੇ ਸੰਚਾਲਨ ਲਈ ਕੋਈ ਕੌਂਸਲ ਨਾ ਬਣਨ ਕਾਰਨ ਉਨ੍ਹਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਰਨਾ ਹੈ। ਦੂਰ-ਦੁਰਾਡੇ ਦੇ ਪੇਂਡੂ ਖੇਤਰਾਂ ਵਿੱਚ ਪਸ਼ੂਆਂ ਨੂੰ ਵੈਟਰਨਰੀ ਸੇਵਾਵਾਂ ਪ੍ਰਦਾਨ ਕਰਨ ਲਈ ਇਹ ਬਹੁਤ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਨਵੇਂ ਪਸ਼ੂ ਹਸਪਤਾਲਾਂ ਦੀ ਉਸਾਰੀ ਅਤੇ ਉਨ੍ਹਾਂ ਵਿੱਚ ਲੋੜੀਂਦੇ ਸਟਾਫ਼ ਦੀ ਨਿਯੁਕਤੀ, ਜ਼ਰੂਰੀ ਦਵਾਈਆਂ ਦੀ ਉਪਲਬਧਤਾ, ਹਰੇਕ ਪਸ਼ੂ ਦਾ ਬੀਮਾ, ਬਲਾਕ ਪੱਧਰ 'ਤੇ ਪਸ਼ੂ ਧਨ ਮੇਲਿਆਂ ਦਾ ਆਯੋਜਨ ਅਤੇ ਮਾਪਿਆਂ ਦੀ ਹਰ ਸੰਭਵ ਮਦਦ ਕਰਨ ਦੀ ਲੋੜ ਹੈ। ਦੁੱਧ ਦੀ ਸਹੀ ਕੀਮਤ ਪ੍ਰਾਪਤ ਕਰੋ। ਪਹਿਲੇ ਸਾਲਾਂ ਵਿੱਚ, ਕਿਸਾਨਾਂ ਅਤੇ ਪਸ਼ੂ ਪਾਲਕਾਂ ਦੀ ਸਹੂਲਤ ਲਈ ਖੇਤੀਬਾੜੀ ਮੇਲੇ ਲਗਾਏ ਜਾਂਦੇ ਸਨ। ਮੇਲਿਆਂ ਵਿੱਚ ਪਸ਼ੂ ਪਾਲਕਾਂ ਨੂੰ ਸਬਸਿਡੀ 'ਤੇ ਦੁਧਾਰੂ ਪਸ਼ੂ ਦਿੱਤੇ ਗਏ। ਵੈਟਰਨਰੀ ਕਲੀਨਿਕਾਂ ਵਿੱਚ ਸੰਦ, ਖੇਤੀਬਾੜੀ ਦੇ ਬੀਜ, ਦਵਾਈਆਂ ਅਤੇ ਖਾਦ ਦਿੱਤੇ ਗਏ। ਅਜੋਕੇ ਸਮੇਂ ਵਿੱਚ ਅਜਿਹਾ ਘੱਟ ਹੀ ਦੇਖਣ ਨੂੰ ਮਿਲਦਾ ਹੈ। ਪਸ਼ੂ ਹਸਪਤਾਲਾਂ ਵਿੱਚ ਸਹੂਲਤਾਂ ਦੀ ਘਾਟ ਕਾਰਨ ਲੋਕ ਪਸ਼ੂ ਪਾਲਣ ਤੋਂ ਮੂੰਹ ਮੋੜ ਰਹੇ ਹਨ। ਹਰਿਆਣਾ ਵਰਗੇ ਰਾਜ ਵਿੱਚ ਪਸ਼ੂ ਪਾਲਣ ਰੁਜ਼ਗਾਰ ਦਾ ਇੱਕ ਵੱਡਾ ਸਰੋਤ ਹੈ, ਜਿੱਥੇ ਬੇਰੁਜ਼ਗਾਰੀ ਦੀ ਵੱਡੀ ਸਮੱਸਿਆ ਹੈ। ਇਸ ਲਈ ਇਸ ਬਜਟ ਵਿੱਚ ਇਸ ਲਈ ਵੱਖਰਾ ਪ੍ਰਬੰਧ ਹੋਣਾ ਚਾਹੀਦਾ ਹੈ।

# ਕੁਦਰਤ ਦਾ ਅਮੁੱਲ ਖ਼ਜ਼ਾਨਾ ਜਲਗਾਹਾਂ

ਕਹਿੰਦੇ ਹਨ ਕਿ ਜੇਕਰ ਪੌਦੇ ਧਰਤੀ ਦੇ ਫੇਫੜੇ ਹਨ ਤਾਂ ਜਲਗਾਹਾਂ ਧਰਤੀ ਦੇ ਗੁਰਦੇ। ਜਲਗਾਹਾਂ ਬੇਅੰਤ ਪੌਦਿਆਂ, ਛੋਟੇ ਜੀਵਾਂ, ਪੰਛੀਆਂ, ਥਣਧਾਰੀ ਜੀਵਾਂ, ਮੱਛੀਆਂ ਆਦਿ ਦਾ ਰੈਣ ਬਸੇਰਾ ਹਨ। ਜਲਗਾਹਾਂ ਕੇਵਲ ਦੇਸੀ ਪੰਛੀਆਂ ਨੂੰ ਹੀ ਨਹੀਂ ਸਗੋਂ ਪਰਵਾਸੀ ਪੰਛੀ ਜੋ ਬਾਹਰਲੇ ਦੇਸ਼ਾਂ ਤੋਂ ਪਰਵਾਸ ਕਰ ਕੇ ਆਉਂਦੇ ਹਨ, ਨੂੰ ਵੀ ਰਹਿਣ ਸਥਾਨ ਪ੍ਰਦਾਨ ਕਰਦੀਆਂ ਹਨ। ਲੱਖਾਂ ਹੀ ਦੇਸੀ ਅਤੇ ਵਿਦੇਸ਼ੀ ਪੰਛੀ ਜਲਗਾਹਾਂ 'ਤੇ ਦੇਖਣ ਨੂੰ ਮਿਲਦੇ ਹਨ। ਇਹ ਨਜ਼ਾਰਾ ਇੰਨਾ ਸੁੰਦਰ ਹੁੰਦਾ ਹੈ ਕਿ ਇਸ ਨੂੰ ਸ਼ਬਦਾਂ ਵਿਚ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਜਲਗਾਹਾਂ ਛੋਟੀਆਂ ਵੀ ਨੇ, ਵੱਡੀਆਂ ਵੀ, ਰਾਸ਼ਟਰੀ ਵੀ ਅਤੇ ਅੰਤਰਰਾਸ਼ਟਰੀ ਵੀ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਜਲਗਾਹਾਂ ਦੇ ਸਿੱਧੇ ਅਤੇ ਅਸਿੱਧੇ ਲਾਭਾਂ ਬਾਰੇ, ਜੋ ਲੋਕਾਈ,ਚੌਗਿਰਦੇ ਅਤੇ ਦੇਸ਼ ਨੂੰ ਨਸੀਬ ਹੁੰਦੇ ਹਨ।

ਜਲਗਾਹਾਂ ਜਿੱਥੇ ਲੱਖਾਂ ਹੀ ਦੇਸੀ ਅਤੇ ਵਿਦੇਸ਼ੀ ਪੰਛੀਆਂ, ਜੀਵਾਂ, ਮੱਛੀਆਂ ਆਦਿ ਦਾ ਰਹਿਣ ਬਸੇਰਾ ਹਨ ਉੱਥੇ ਹੀ ਇਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਮਨੁੱਖੀ ਜੀਵਨ ਵਿਚ ਵੀ ਹੈ। ਜਲਗਾਹਾਂ ਜੈਵ-ਵਿਭਿੰਨਤਾ ਪੱਖੋਂ ਬਹੁਤ ਅਮੀਰ ਸਥਾਨ ਹੁੰਦੇ ਹਨ। ਕਈ ਪ੍ਰਕਾਰ ਦੀਆਂ ਬਹੁਤ ਹੀ ਉਪਯੋਗੀ ਜੜ੍ਹੀ ਬੂਟੀਆਂ ਜਲਗਾਹਾਂ ਦੇ ਨੇੜੇ ਤੇੜੇ ਪਾਈਆਂ ਜਾਂਦੀਆਂ ਹਨ। ਅਨੇਕਾਂ ਪ੍ਰਕਾਰ ਦੀਆਂ ਮੱਛੀਆਂ ਤੋਂ ਇਲਾਵਾ ਅਸੁਰੱਖਿਅਤ ਅਤੇ ਸੰਕਟਕਾਲੀਨ ਪਰਜਾਤੀਆਂ ਦਾ ਰਹਿਣ ਬਸੇਰਾ ਵੀ ਜਲਗਾਹਾਂ ਹਨ। ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਰਕਰਾਰ ਰੱਖਣ ਵਿਚ ਵੀ ਜਲਗਾਹਾਂ ਦਾ ਅਹਿਮ ਯੋਗਦਾਨ ਹੈ। ਜ਼ਿਕਰਯੋਗ ਹੈ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਘੱਟਦਾ ਜਾ ਰਿਹਾ ਹੈ। ਬੇਹਿਸਾਬਾ ਪਾਣੀ ਧਰਤੀ ਵਿੱਚੋਂ ਕੱਢਣਾ, ਧਰਤੀ ਹੇਠਲੇ ਪਾਣੀ ਨੂੰ ਸੰਭਾਲ ਕੇ ਰੱਖਣ ਵਾਲ਼ੀ ਏਜੰਸੀ "ਰੁੱਖ" ਆਦਿ ਦਾ ਲਗਾਤਾਰ ਘੱਟਣਾ ਆਦਿ ਕੁਝ ਪ੍ਰਮੁੱਖ ਕਾਰਨ ਹਨ ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘੱਟਦਾ ਜਾ ਰਿਹਾ ਹੈ। ਜਲਗਾਹਾਂ ਧਰਤੀ ਹੇਠਲੇ ਪਾਣੀ ਨੂੰ ਸੰਭਾਲਣ ਵਿਚ ਆਪਣੀ ਇਕ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਪਾਣੀ ਨੂੰ ਸਾਫ਼ ਕਰਨ ਵਿਚ ਵੀ ਜਲਗਾਹਾਂ ਦਾ ਅਹਿਮ ਰੋਲ ਹੈ। ਇਸ ਤੋਂ ਇਲਾਵਾ ਜਲਗਾਹਾਂ 'ਤੇ ਆਉਂਦੇ ਦੇਸੀ ਵਿਦੇਸੀ ਪੰਛੀ ਹਮੇਸ਼ਾ ਹੀ ਪੰਛੀ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਰਹੇ ਹਨ। ਬਹੁਤ ਸਾਰੇ ਸੋਧਕਰਤਾ ਪੰਛੀਆਂ ਦੇ ਪਰਵਾਸ ਅਤੇ ਪਰਵਾਸ ਦੌਰਾਨ ਪ੍ਰਜਣਨ ਆਦਿ ਉੱਤੇ ਆਪਣੀਆਂ ਖੋਜਾਂ ਕਰਦੇ ਹਨ। ਦੇਸੀ ਵਿਦੇਸ਼ੀ ਪੰਛੀਆਂ ਦੀ ਆਮਦ ਨਾਲ ਸੈਰ ਸਪਾਟੇ ਨੂੰ ਹੁੰਗਾਰਾ ਮਿਲਦਾ ਹੈ। ਜਿਸ ਨਾਲ ਦੇਸ਼ ਨੂੰ ਆਰਥਿਕ ਪੱਧਰ 'ਤੇ ਲਾਭ ਹੁੰਦਾ ਹੈ। ਕੁਲ ਮਿਲਾ ਕੇ ਸਾਡੇ ਜੀਵਨ ਵਿਚ ਅਹਿਮ ਰੋਲ ਅਦਾ ਕਰਦੀਆਂ ਹਨ 'ਜਲਗਾਹਾਂ'।

ਪੂਰੇ ਸੰਸਾਰ ਵਿਚ ਖਾਰੇ ਅਤੇ ਤਾਜ਼ੇ ਪਾਣੀ ਦੀਆਂ ਦੋਹਾਂ ਤਰ੍ਹਾਂ ਦੀਆਂ ਜਲਗਾਹਾਂ ਪਾਈਆਂ ਜਾਂਦੀਆਂ ਹਨ। ਵਿਸ਼ਵ ਦੀਆਂ ਕੁਝ ਵੱਡੀਆਂ ਜਲਗਾਹਾਂ ਜਿਵੇਂ ਐਮਾਜੋਨ, ਸੁੰਦਰਬਨ, ਗੰਗਾ ਬ੍ਰਾਹਮਪੁਤਰ ਡੈਲਟਾ, ਪੈਂਟਾਨਲ ਜਲਗਾਹ , ਦੱਖਣੀ ਅਮਰੀਕਾ ਆਦਿ। ਜਲਗਾਹਾਂ ਉਤੇ 1971 ਵਿਚ ਯੂਨੀਸਕੋ ਨੇ ਇਕ ਸੰਮੇਲਨ ਕਰਵਾਇਆ, ਜਿਸ ਨੂੰ ਰਾਮਸਰ ਸੰਮੇਲਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਸੰਮੇਲਨ ਦੌਰਾਨ ਜਲਗਾਹਾਂ ਦੀ ਸਾਂਭ ਸੰਭਾਲ, ਮਹੱਤਵ, ਅਤੇ ਜਲਗਾਹਾਂ ਦੇ ਸ੍ਰੋਤਾਂ ਦੀ ਸਥਾਈ ਵਰਤੋਂ ਉੱਤੇ ਚਰਚਾ ਕੀਤੀ ਗਈ। ਕੁਝ ਜਲਗਾਹਾਂ ਨੂੰ, ਜਿਨ੍ਹਾਂ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਮਹੱਤਵ ਹੈ , ਨੂੰ ਵਿਸ਼ੇਸ਼ ਦਰਜਾ ਦਿੱਤਾ ਗਿਆ। ਇਨ੍ਹਾਂ ਜਲਗਾਹਾਂ ਨੂੰ ਰਾਮਸਰ ਜਲਗਾਹ ਜਾਂ ਰਾਮਸਰ ਸਥਾਨ ਕਿਹਾ ਜਾਂਦਾ ਹੈ। ਪੂਰੀ ਦੁਨੀਆ ਵਿਚ 2400 ਤੋਂ ਵੱਧ ਰਾਮਸਰ ਜਲਗਾਹਾਂ ਹਨ। (ਇਹ ਅੰਕੜਾ ਹਰੇਕ ਸਾਲ ਵੱਧਦਾ ਰਹਿੰਦਾ ਹੈ) (ਅਗਸਤ 2022 ਵਿਚ ਰਾਮਸਰ ਜਲਗਾਹਾਂ ਦੀ ਗਿਣਤੀ 2471 ਸੀ) ਰਾਮਸਰ ਜਲਗਾਹਾਂ ਦੀ ਗਿਣਤੀ ਭਵਿੱਖ ਵਿਚ ਹੋਰ ਵੱਧ ਸਕਦੀ ਹੈ।

ਕਿਹਾ ਜਾਵੇ ਤਾਂ ਜਲਗਾਹਾਂ ਪਰਮਾਤਮਾ ਵੱਲੋਂ ਮਨੁੱਖ ਅਤੇ ਹੋਰਨਾਂ ਜੀਵ ਜੰਤੂਆਂ, ਪੰਛੀਆਂ ਆਦਿ ਲਈ ਇਕ ਅਹਿਮ ਤੋਹਫ਼ਾ ਹੈ ਪਰ ਅੱਜ ਜਲਗਾਹਾਂ ਆਪਣਾ ਅਸਤਿਤਵ ਖੋਹਦੀਆਂ ਜਾ ਰਹੀਆਂ ਹਨ। ਜਲਗਾਹਾਂ ਹੇਠਲਾ ਰਕਬਾ ਹੁਣ ਘੱਟਦਾ ਜਾ ਰਿਹਾ ਹੈ।

ਜਲਗਾਹਾਂ ਸਾਡੀਆਂ ਅਨਮੋਲ ਵਿਰਾਸਤ ਹਨ। ਇਨ੍ਹਾਂ ਦੀ ਰੱਖਿਆ ਲਈ ਸਾਨੂੰ ਸਭ ਨੂੰ ਅੱਗੇ ਆਉਣਾ ਪਵੇਗਾ। ਹਰ ਸਾਲ 2 ਫਰਵਰੀ ਨੂੰ ਅੰਤਰਰਾਸ਼ਟਰੀ ਜਲਗਾਹ ਦਿਵਸ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਵਿਚ ਜਲਗਾਹਾਂ ਦੇ ਮਹੱਤਵ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਜਾ ਸਕੇ।

ਪੰਜਾਬ ਦੀਆਂ ਛੇ ਜਲਗਾਹਾਂ

ਪੰਜਾਬ ਦੀਆਂ ਛੇ ਜਲਗਾਹਾਂ ਹਨ ਜਿਨ੍ਹਾਂ 'ਚ ਹਰੀਕੇ ਜਲਗਾਹ, ਕਾਂਜਲੀ ਜਲਗਾਹ, ਰੋਪੜ ਜਲਗਾਹ, ਕੇਸ਼ੋਪੁਰ ਛੰਭ, ਬਿਆਸ ਅਤੇ ਨੰਗਲ ਡੈਮ ਰਾਮਸਰ ਜਲਗਾਹਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਹਨ।

- ਰੋਪੜ ਜਲਗਾਹ

ਰੋਪੜ ਜਲਗਾਹ ਪੰਜਾਬ ਦੇ ਰੋਪੜ ਜ਼ਿਲ੍ਹੇ ਵਿਚ ਸਥਿਤ ਹੈ। ਇੱਥੇ ਹਜ਼ਾਰਾਂ ਹੀ ਦੇਸੀ ਵਿਦੇਸ਼ੀ ਪੰਛੀਆਂ ਤੋਂ ਇਲਾਵਾ ਮੱਛੀਆਂ , ਪ੍ਰੋਟੋਜੋਆ ਅਤੇ ਹੋਰ ਜੀਵਾਂ ਦੀਆਂ ਅਨੇਕਾਂ ਕਿਸਮਾਂ ਪਾਈਆਂ ਜਾਂਦੀਆਂ ਹਨ।

- ਕੇਸ਼ੋਪੁਰ ਛੰਭ

ਇਹ ਜਲਗਾਹ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ। ਇਹ ਇਕ ਕੁਦਰਤੀ ਜਲਗਾਹ ਹੈ। ਇਸ ਨੂੰ 2019 ਵਿਚ ਰਾਮਸਰ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਗਿਆ ਸੀ। ਇਹ ਜਲਗਾਹ ਲਗਪਗ 850 ਏਕੜ ਵਿਚ ਫੈਲੀ ਹੋਈ ਹੈ।

- ਕਾਂਜਲੀ ਜਲਗਾਹ

ਕਾਂਜਲੀ ਜਲਗਾਹ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਵਿਚ ਸਥਿਤ ਹੈ। ਇਹ ਜਲਗਾਹ ਕਾਲੀ ਵੇਂਈ ਉੱਤੇ ਬਣੀ ਹੋਈ ਹੈ। ਇਹ ਇਕ ਮਸਨੂਈ ਜਲਗਾਹ ਹੈ। ਇਸ ਜਲਗਾਹ ਦਾ ਬਹੁਤ ਵੱਡਾ ਧਾਰਮਿਕ ਮਹੱਤਵ ਵੀ ਹੈ। ਇਹ ਜਲਗਾਹ ਇਕ ਵਧੀਆ ਪਿਕਨਿਕ ਸਥਾਨ ਤੋਂ ਇਲਾਵਾ ਦੇਸੀ ਵਿਦੇਸ਼ੀ ਪੰਛੀਆਂ ਦਾ ਇਕ ਕਿਰਿਆਸ਼ੀਲ ਸਥਾਨ ਹੈ। ਇੰਟਰਨੈਟ ਤੋਂ ਪ੍ਰਾਪਤ ਡਾਟੇ ਅਨੁਸਾਰ ਇੱਥੇ ਲਗਪਗ 4 ਥਣਧਾਰੀ , 90 ਤੋਂ ਵੱਧ ਜਾਤੀਆਂ ਦੇ ਪੰਛੀ ਅਤੇ ਹੋਰ ਅਨੇਕਾਂ ਪਰਜਾਤੀਆਂ ਪਾਈਆਂ ਜਾਂਦੀਆਂ ਹਨ।

- ਨੰਗਲ ਜਲਗਾਹ

ਨੰਗਲ ਜਲਗਾਹ ਨੂੰ 2020 ਨੂੰ ਰਾਮਸਰ ਜਲਗਾਹ ਦਾ ਦਰਜਾ ਪ੍ਰਾਪਤ ਹੋਇਆ ਹੈ। ਨੰਗਲ ਜਲਗਾਹ ਵਿਚ ਅਨੇਕਾਂ ਹੀ ਪੰਛੀ ਰੂਸ ,ਚੀਨ, ਯੁਕਰੇਨ, ਕਜਾਕਿ-ਸਤਾਨ ਆਦਿ ਮੁਲਕਾਂ ਤੋਂ ਆਉਂਦੇ ਹਨ। ਦੇਸੀ ਵਿਦੇਸ਼ੀ ਪੰਛੀਆਂ ਦੀ ਆਮਦ ਨਾਲ ਇੱਥੇ ਚਾਰ ਚੰਨ ਲੱਗ ਜਾਦੇ ਹਨ।

- ਬਿਆਸ ਜਲਗਾਹ

ਬਿਆਸ ਜਲਗਾਹ ਨੂੰ 2019 ਵਿਚ ਰਾਮਸਰ ਜਲਗਾਹ ਦਾ ਦਰਜਾ ਦਿੱਤਾ ਗਿਆ ਸੀ। ਇਹ ਸਿੱਧੂ ਨਦੀ ਡਾਲਫਿਨ ਦਾ ਰਹਿਣ ਵਸੇਰਾ ਹੈ। ਇਹ ਜਲਗਾਹ ਪੰਜਾਬ ਦੇ ਉੱਤਰ ਪੱਛਮ ਵਿਚ ਸਥਿਤ ਬਿਆਸ ਨਦੀ ਦਾ 185 ਕਿਲੋਮੀਟਰ ਲੰਬਾ ਹਿੱਸਾ ਹੈ।

- ਹਰੀਕੇ ਪੱਤਣ ਜਾਂ ਹਰੀਕੇ ਜਲਗਾਹ

ਇਹ ਇਕ ਮਸਨੂਈ ਜਲਗਾਹ ਹੈ। ਇੱਥੇ ਵੱਖ ਵੱਖ ਪ੍ਰਕਾਰ ਦੀਆਂ ਜਾਤੀਆਂ ਦੇ ਲੱਖਾਂ ਹੀ ਪੰਛੀ ਆਉਂਦੇ ਹਨ। ਸਰਦੀਆਂ ਵਿਚ ਇਹ ਨਜ਼ਾਰਾ ਵੇਖਦਿਆਂ ਹੀ ਬਣਦਾ ਹੈ।

ਜਲਗਾਹਾਂ 'ਤੇ ਮੰਡਰਾ ਰਹੇ ਨੇ ਖ਼ਤਰੇ

ਮਨੁੱਖ ਦੀਆਂ ਗ਼ੈਰ ਕੁਦਰਤੀ ਗਤੀਵਿਧੀਆਂ ਕਾਰਨ ਅੱਜ ਜਲਗਾਹਾਂ 'ਤੇ ਖ਼ਤਰਾ ਮੰਡਰਾ ਰਿਹਾ ਹੈ। ਬੇਅੰਤ ਪ੍ਰਦੂਸ਼ਣ, ਜਲਗਾਹਾਂ ਦਾ ਭਰਨਾ, ਸ਼ਹਿਰੀਕਰਨ, ਵਧਦੀ ਜਨਸੰਖਿਆ ਆਦਿ ਪ੍ਰਮੁੱਖ ਸਮੱਸਿਆਵਾਂ 'ਚ ਸ਼ਾਮਿਲ ਹਨ। ਕਾਂਜਲੀ ਜਲਗਾਹ ਵਿਚ ਵੱਧਦੀ ਹੋਈ ਜਲਕੁੰਭੀ ਇਕ ਵੱਡੀ ਸਮੱਸਿਆ ਬਣੀ ਹੋਈ ਹੈ। ਜਲਵਾਯੂ ਵਿਚ ਬਦਲਾਵ ਕਾਰਨ ਪੰਛੀਆਂ ਦਾ ਪਰਵਾਸ ਘੱਟ ਰਿਹਾ ਹੈ। ਰਸਾਇਣਿਕ ਖਾਦਾਂ ਦਾ ਪਾਣੀ ਨਾਲ ਰਲੇਵਾਂ ਹੋਣ ਕਾਰਨ ਜਲ ਪ੍ਰਬੰਧ ਗੜਬੜਾ ਰਿਹਾ ਹੈ। ਪੰਛੀਆਂ ਦੇ ਰਹਿਣ ਬਸੇਰੇ ਨਸ਼ਟ ਹੋ ਰਹੇ ਹਨ। ਮਹਿਮਾਨ ਪੰਛੀਆਂ ਦਾ ਸ਼ਿਕਾਰ ਵੀ ਇਕ ਵੱਡੀ ਸਮੱਸਿਆ ਹੈ। ਜਿੱਥੇ ਸਰਕਾਰਾਂ ਨੂੰ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਜਲਗਾਹਾਂ ਦੀ ਸਾਂਭ ਸੰਭਾਲ ਲਈ ਪੁੱਖਤਾ ਕਦਮ ਚੁੱਕਣ ਦੀ ਲੋੜ ਹੈ, ਉੱਥੇ ਹੀ ਸਥਾਨਕ ਲੋਕਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਮਹਿਮਾਨ ਪੰਛੀਆਂ ਅਤੇ ਹੋਰ ਜੀਵਾਂ ਦੀ ਰੱਖਿਆ ਕਰਨ। ਵਧਦੇ ਪ੍ਰਦੂਸ਼ਣ ਕਾਰਨ ਕਈ ਜੀਵ ਪ੍ਰਜਣਨ ਨਹੀਂ ਕਰ ਪਾਉਂਦੇ ਜਿਸ ਕਾਰਨ ਉਨ੍ਹਾਂ ਦੀ ਜਨਸੰਖਿਆ ਘੱਟਦੀ ਜਾ ਰਹੀ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਐਜੂਕੇਸ਼ਨਲ ਕਾਲਮਨਿਸਟ*
*ਮਲੋਟ, ਪੰਜਾਬ।*

# ਪੀੜ੍ਹੀਓ ਪੀੜ੍ਹੀ ਮਿਲਦੀ ਗਿਆਨ ਪੋਟਲੀ ਹੁੰਦੀ ਹੈ ਸਭ ਲਈ ਮਾਂ-ਬੋਲੀ



-ਗੁਰਭਜਨ ਸਿੰਘ ਗਿੱਲ-

ਮਾਂ ਬੋਲੀ ਕੇਵਲ ਵਿਚਾਰ ਆਦਾਨ ਪ੍ਰਦਾਨ ਜਾਂ ਸੰਚਾਰ ਦੀ ਭਸ਼ਾ ਨਹੀਂ ਹੁੰਦੀ ਸਗੋਂ ਇਹ ਧਰਤੀ ਮਾਤਾ ਵੱਲੋਂ ਖਿੱਤਾ ਵਿਸ਼ੇਸ਼ ਦੀਆਂ ਖ਼ੂਬਸੂਰਤੀਆਂ, ਜੰਮਣ ਤੋਂ ਮਰਨ ਤੀਕ ਦੀਆਂ ਰਹੁ ਰੀਤਾਂ, ਉਮੰਗਾਂ ਤਰੰਗਾਂ ਦੇ ਜੀਵਨ ਵਿਹਾਰ ਦੀ ਉਹ ਗਿਆਨ ਤੇ ਵਿਹਾਰ ਦੀ ਪੋਟਲੀ ਹੈ ਜੋ ਪਹਿਲੀ ਪੀੜ੍ਹੀ ਤੋਂ ਫੜ ਕੇ ਅਗਲੀ ਪੀੜ੍ਹੀ ਨੂੰ ਸੌਂਪਣਾ ਸਾਡੇ ਲਈ ਧਰਮ ਕਰਮ ਜਿਹਾ ਨੇਕ ਕਾਰਜ ਹੈ। ਜਿਵੇਂ ਅਸੀਂ ਆਪਣਾ ਮੂੰਹ ਆਪ ਧੋਂਦੇ ਹਾਂ ਉਵੇਂ ਹੀ ਮਾਂ ਬੋਲੀ ਦੇ ਨਕਸ਼ ਵੀ ਸਾਨੂੰ ਆਪ ਹੀ ਸੰਵਾਰਨੇ ਪੈਣਗੇ। ਇਸ ਕਾਰਜ ਲਈ ਹਕੂਮਤਾਂ ਨੇ ਵਿਧਾਨਿਕ ਤੇ ਪ੍ਰਸ਼ਾਸਨਿਕ ਕੰਮ ਕਰਨੇ ਹਨ, ਸਿੱਖਿਆ ਅਦਾਰਿਆਂ, ਧਾਰਮਿਕ, ਸਾਹਿੱਤਕ ਤੇ ਸੱਭਿਆਚਾਰਕ ਸੰਸਥਾਵਾਂ ਨੇ ਲੋਕ ਚੇਤਨਾ ਲਹਿਰ ਦੀ ਉਸਾਰੀ ਕਰਨੀ ਹੈ। ਜਿਹੜੇ ਭੂਤ ਗੱਲਾਂ ਨਾਲ ਨਹੀਂ ਮੰਨਦੇ, ਉਨ੍ਹਾਂ ਲਈ ਡੰਡਾ ਤੰਤਰ ਵੀ ਤਿਆਰ ਬਰ ਤਿਆਰ ਰੱਖਣਾ ਖੇਤਰੀ ਹਕੂਮਤਾਂ ਦਾ ਫ਼ਰਜ਼ ਹੈ। ਪਰ ਮੈਂ ਮਹਿਸੂਸ ਕਰਦਾਂ ਕਿ ਹਰ ਸ਼ੁਭ ਕਾਰਜ ਲਈ ਡੰਡਾ ਕਿਉਂ ਵਰਤਣਾ ਪਵੇ।

ਗੁਰਦਾਸਪੁਰ ਜ਼ਲ੍ਹਿੇ ਦੇ ਇੱਕ ਆਈ ਸੀ ਐੱਸ ਈ ਸਕੂਲ ਦੀ ਕੱਚੀ ਪੱਕੀ ਜਮਾਤ ਚ ਲੱਗੀ ਕਿਤਾਬ ਕਹਿੰਦੀ ਹੈ ਕਿ ਸਾਡੀ ਮਾਂ ਬੋਲੀ ਹਿੰਦੀ ਹੈ। ਇਹ ਕੂੜ ਕੁਫ਼ਰ ਤੁਰੰਤ ਬੰਦ ਕਰਵਾ ਕੇ ਸਿੱਖਿਆ ਵਿਭਾਗ ਵੱਲੋਂ ਸਖ਼ਤ ਦਿਸ਼ਾ ਨਿਰਦੇਸ਼ ਦੇਣੇ ਬਣਦੇ ਹਨ। ਇਸੇ ਤਰ੍ਹਾਂ ਸੀ ਬੀ ਐੱਸ ਈ ਤੇ ਆਈ ਸੀ ਐੱਸ ਈ ਨਾਲ ਸਬੰਧਿਤ ਸਕੂਲਾਂ ਵਿੱਚ ਮਾਤ ਭਾਸ਼ਾ ਨਾਲ ਸਬੰਧਿਤ ਪੁਸਤਕ ਵੀ ਉਸੇ ਸੂਬੇ ਦੇ ਸਕੂਲ ਬੋਰਡ ਵੱਲੋਂ ਤਿਆਰ ਕੀਤੀ ਹੀ ਪੜ੍ਹਾਈ ਜਾਵੇ। ਇੰਜ ਕਰਨ ਨਾਲ ਖੇਤਰੀ ਸੱਭਿਆਚਾਰਕ ਮਹਿਕ ਕਾਇਮ ਰੱਖੀ ਜਾ ਸਕੇਗੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੀਨੀਅਰ ਪੰਜਾਬੀ ਅਧਿਆਪਕ ਨੇ ਦੱਸਿਆ ਹੈ ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਗਰੈਜੂਏਟ ਪੱਧਰ ਤੇ ਉਵੇਂ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਨਹੀਂ ਪੜ੍ਹਾਈ ਜਾ ਰਹੀ ਜਿਵੇਂ ਸਰਕਾਰੀ ਤੰਤਰ ਦੀਆਂ ਯੂਨੀਵਰਸਿਟੀਆਂ ਪੜ੍ਹਾਉਂਦੀਆਂ ਹਨ। ਇਹ ਗੱਲ ਜੇਕਰ ਸੱਚ ਹੈ ਤਾਂ ਇਸ ਨੂੰ ਵੀ ਸੂਬਾ ਸਰਕਾਰ ਗੰਭੀਰਤਾ ਨਾਲ ਲਵੇ।

ਪਰ ਅਸੀਂ ਤਾਂ ਆਪਣੇ ਘਰਾਂ, ਪਰਿਵਾਰਾਂ, ਵਪਾਰਾਂ ਅਤੇ ਪਿਆਰਾਂ ਵਿੱਚੋਂ ਵੀ ਹੌਲੀ ਹੌਲੀ ਮਾਂ ਬੋਲੀ ਪੰਜਾਬੀ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਤੁਸੀਂ ਦਿਨ ਚੜ੍ਹਨ ਤੋਂ ਸੂਰਜ ਅਸਤਣ ਤੀਕ ਆਪਣੀ ਜ਼ਿੰਦਗੀ ਨੂੰ ਖ਼ੁਦ ਵੇਖੋ। ਆਪਣੇ ਘਰ ਤੋਂ ਰੁਜ਼ਗਾਰ ਤੀਕ ਦੇ ਸਫਰ ਦੌਰਾਨ ਤੁਰਦੇ ਫਿਰਦੇ ਨਜ਼ਰ ਮਾਰੋ ਕਿ ਪੰਜਾਬੀ ਕਿਥੇ ਹੈ?

ਤੁਹਾਡੇ ਹੱਥ ਵਿੱਚ ਫੜਿਆ ਤੁਹਾਡਾ ਹੀ ਪਛਾਣ ਪੱਤਰ ਜਿਸ ਨੂੰ ਵਿਜ਼ਟਿੰਗ ਕਾਰਡ ਕਹਿੰਦੇ ਹੋ ਉਹ ਕਿਹੜੀ ਭਾਸ਼ਾ ਵਿੱਚ ਹੈ? ਤੁਹਾਡੇ ਘਰ ਦੀ ਨੰਬਰ ਪਲੇਟ ਅਤੇ ਨਾਮ ਕਿਸ ਭਾਸ਼ਾ ਵਿੱਚ ਹੈ? ਤੁਹਾਡੇ ਬੱਚਿਆਂ ਦੇ ਸਕੂਲ ਵਿੱਚ ਕਿਹੜੀ ਭਾਸ਼ਾ ਦੀ ਸਰਦਾਰੀ ਹੈ ? ਬਾਜ਼ਾਰ ਵਿੱਚ ਹੱਟੀਆਂ ਦੇ ਬੋਰਡ ਕਿਸ ਭਾਸ਼ਾ ਵਿੱਚ ਹਨ। ਹੁਣ ਜੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਪੀਲ ਕੀਤੀ ਹੈ ਕਿ ਆਪਣੇ ਅਦਾਰਿਆਂ ਦੇ ਨਾਮ ਪੰਜਾਬੀ ਚ ਕਰੋ। ਕੁਝ ਲੋਕਾਂ ਗੱਲ ਤਾਂ ਮੰਨ ਲਈ ਹੈ ਪਰ ਬੋਰਡਾਂ ਦੀ ਲਿਪੀ ਹੀ ਬਦਲੀ ਹੈ। ਲੁਧਿਆਣਾ ਸ਼ਹਿਰ ਦੇ ਬਾਜ਼ਾਰਾਂ ਵਿੱਚ ਕਦੇ ਹੱਟੀਆਂ ਸਨ ਹੁਣ ਪਲਾਜ਼ੇ ਹਨ। ਕਈ ਦੁਕਾਨਾਂ ਦੇ ਫਰੈਂਚ ਤੇ ਅੰਗਰੇਜ਼ੀ ਨਾਮ ਮੈਨੂੰ ਵੀ ਲੈਣੇ ਨਹੀਂ ਆਉਂਦੇ। ਹਨ੍ਹੇਰ ਸਾਈਂ ਦਾ, ਆਪਣੇ ਹੀ ਘਰ ਚ ਬੇਗਾਨੇ ਹੋ ਗਏ।

ਦੱਸਿਉ!ਤੁਹਾਡਾ ਬੱਚਾ ਆਈ ਪੈਡ ਜਾਂ ਟੀ ਵੀ ਤੇ ਕਿਸ ਭਾਸ਼ਾ ਦੇ ਪ੍ਰੋਗਰਾਮ ਦੇਖਦਾ ਹੈ। ਜੇਕਰ ਉਸ ਦਾ ਵੱਸ ਚੱਲੇ ਤਾਂ ਤੁਹਾਨੂੰ ਪੰਜਾਬੀ ਗੀਤ ਜਾਂ ਕੀਰਤਨ ਕਦੇ ਨਾ ਸੁਣਨ ਦੇਵੇ?

ਪਰ ਉਹ ਵੀ ਕੀ ਕਰੇ? ਪੰਜਾਬੀ ਵਿੱਚ ਉਹ ਗਿਆਨ ਸੋਮੇ ਤੇ ਮਨੋਰੰਜਕ ਕਹਾਣੀਆਂ ਕਵਿਤਾਵਾਂ ਤੇ ਕਾਰਟੂਨ ਅਸਾਂ ਵਿਕਸਤ ਹੀ ਨਹੀਂ ਕੀਤੇ। ਅਵੇਸਲੇ ਪਨ ਵਿੱਚ ਖੁੰਝੇ ਤਾਂ ਅਸੀਂਵੀ ਹਾਂ। ਨੌਕਰੀਆਂ ਹੋ ਰਹੀਆਂ ਨੇ, ਸੇਵਾ ਕੌਣ ਕਰੇਗਾ?

ਤੁਸੀਂ ਆਪਣੇ ਤੋਂ ਲੈ ਕੇ ਬੱਚਿਆਂ ਤੀਕ ਦੇ ਪਹਿਰਾਵੇ, ਲੀੜੇ ਕੱਪੜਿਆਂ ਦੇ ਨਾਂ ਸੋਚੋ, ਬਹੁਤੇ ਪੰਜਾਬੀ ਵਿੱਚ ਨਹੀਂ ਹਨ। ਅੰਗਰੇਜ਼ੀ ਜਾਂ ਕਿਸੇ ਹੋਰ ਜ਼ੁਬਾਨ ਤੋਂ ਆਏ ਹਨ। ਬੱਚਿਆਂ ਦੇ ਆਪਸੀ ਵਾਰਤਾਲਾਪ ਨੂੰ ਕਦੀ ਸੁਣਿਓ, ਓਹਲੇ ਬੈਠ ਕੇ। ਉਹ ਤੁਹਾਡੀ ਮਾਂ ਬੋਲੀ ਨੂੰ ਟਿੱਚ ਜਾਣਦੇ ਹਨ। ਉਨ੍ਹਾਂ ਕੋਲ ਆਪਣਾ ਅਨੁਭਵ ਹੈ ਅਤੇ ਉਸ ਅਨੁਭਵ ਦੀ ਭਾਸ਼ਾ ਹਿੰਦੀ ਜਾਂ ਅੰਗਰੇਜ਼ੀ ਬਣਾ ਦਿੱਤੀ ਗਈ ਹੈ। ਪੁੱਤਰ ਧੀਆਂ ਨੂੰ ਵਧੇਰੇ ਕਮਾਊ ਬਣਾਉਣ ਦੀ ਪ੍ਰਵਿਰਤੀ ਕੁਲੀਨ ਵਰਗ ਦੇ ਵਿਦਿਅਕ ਅਦਾਰਿਆਂ ਵਿੱਚ ਪੜ੍ਹਨ ਦੀ ਹੋੜ ਲਾ ਦਿੱਤੀ ਹੈ ਜਿਥੇ ਮਾਂ ਬੋਲੀ ਦਾ ਰੁਤਬਾ ਕਿਸੇ ਨੌਕਰਾਣੀ ਜਾਂ ਗੋਲੀ ਤੋਂ ਵੱਧ ਨਹੀਂ । ਹਕੀਕਤ ਇਹ ਹੈ ਕਿ ਬੱਚਾ ਜੰਮਣ ਸਾਰ ਮਾਪਿਆਂ ਦੀ ਇੱਛਾ ਵਿੱਚ ਇਹ ਗੱਲ ਬੁਰੀ ਤਰਾਂ ਘਰ ਕਰ ਜਾਂਦੀ ਹੈ ਕਿ ਬੱਚੇ ਨੂੰ ਕੀ ਬਣਾਉਣਾ ਹੈ। ਅੱਜਕਲ ਹਰ ਮਾਂ ਡਾਕਟਰ, ਇੰਜੀਨੀਅਰ ਜਾਂ ਬਹੁ ਕੌਮੀ ਕੰਪਨੀ ਦਾ ਮੈਨੇਜਰ ਜੰਮਦੀ ਹੈ ਜਿਸ ਦੀ ਤਨਖਾਹ ਪਹਿਲੀ ਨਿਯੁਕਤੀ ਤੇ ਹੀ ਘੱਟੋ ਘੱਟ ਲੱਖਾਂ ਰੁਪਏ ਹੋਵੇ। ਮਾਂਵਾਂ ਪੁੱਤਰ ਧੀਆਂ ਨਹੀਂ ਜੰਮਦੀਆਂ ਕਮਾਊ ਸੰਦ ਜੰਮਦੀਆਂ ਹਨ ਜਿਹੜੇ ਉਨ੍ਹਾਂ ਦੇ ਬੁਢਾਪੇ ਵੇਲੇ ਵੱਧ ਧਨ ਪ੍ਰਾਪਤੀ ਨਾਲ ਪਰਿਵਾਰਕ ਖੁਸ਼ਹਾਲੀ ਨੂੰ ਯਕੀਨੀ ਬਣਾ ਸਕਣ। ਇਥੋਂ ਹੀ ਭਾਸ਼ਾ ਦਾ ਘਾਣ ਸ਼ੁਰੂ ਹੁੰਦਾ ਹੈ।

ਵਿਰਸੇ ਦੀ ਮਮਤਾ ਪਾਲਣ ਵਾਲੇ ਲੋਕ ਇਹ ਗੱਲ ਜਾਣਦੇ ਹਨ ਕਿ ਪੰਘੂੜੇ




ਤੋਂ ਲੈ ਕੇ ਮਾਂ ਬੋਲੀ ਹਰ ਪੈਰ ਤੇ ਤੁਹਾਡੇ ਅੰਗ ਸੰਗ ਰਹਿੰਦੀ ਹੈ ਪਰ ਇਹ ਰਿਸ਼ਤਾ ਤਾਂ ਹੀ ਨਿਭਦਾ ਹੈ ਜੇਕਰ ਮਾਪਿਆਂ ਨੇ ਆਪਣੇ ਜੀਵਨ ਵਿਹਾਰ ਵਿੱਚ ਆਪਣੀ ਮਾਂ ਬੋਲੀ ਲਈ ਸਤਿਕਾਰਯੋਗ ਥਾਂ ਰੱਖੀ ਹੋਈ ਹੈ। ਜੇਕਰ ਮਾਂ ਬੋਲੀ ਬੋਲਦੇ ਬੱਚੇ ਨੂੰ ਸਮਾਜਿਕ ਨਿਜ਼ਾਮ ਨੇ ਉਜੱਡ ਹੀ ਸਮਝਣਾ ਹੈ ਜਾਂ ਬੱਚੇ ਨੂੰ ਕੁਲੀਨ ਵਰਗ ਦੀ ਭਾਸ਼ਾ ਸਿਖਾਉਣ ਲਈ ਤੁਸੀਂ ਆਪਣੀ ਮਾਂ ਬੋਲੀ ਦੀ ਬਲੀ ਦੇਣੀ ਹੈ ਤਾਂ ਬਾਲ ਮਨ ਦੇ ਵਿਕਾਸ ਦੇ ਸਾਰੇ ਮੌਕੇ ਹੀ ਉਸ ਤੋਂ ਖੁੱਸ ਜਾਣੇ ਹਨ। ਮੁੱਢਲੀ ਗੱਲ ਇਹੀ ਹੈ ਕਿ ਜਦ ਤਕ ਬੱਚਾ ਅੱਖਰ ਗਿਆਨ ਦੇ ਲੜ ਨਹੀਂ ਲੱਗਦਾ ਓਨਾ ਚਿਰ ਉਸ ਦੀ ਕੋਰੀ ਤਖਤੀ ਤੇ ਹੋਰ ਭਾਸ਼ਾਵਾਂ ਦੇ ਘੁੱਗੂ ਘੋੜੇ ਨਾ ਵਾਹੋ। ਕੋਰੀ ਤਖਤੀ ਤੇ ਮਨਚਾਹੇ ਅੱਖਰ ਲਿਖਿਆ ਝਰੀਟਾਂ ਪੈਂਦੀਆਂ ਹਨ। ਪਰਿਵਾਰਕ ਮਾਹੌਲ ਵਿੱਚ ਹੀ ਮਾਂ ਬੋਲੀ ਦਾ ਸਤਿਕਾਰ ਬਣਾਈ ਰੱਖੋ। ਅੱਖਰਾਂ ਵੇਲੇ ਉਸ ਨੂੰ ਮਾਂ ਬੋਲੀ ਪੰਜਾਬੀ ਲਈ ਸਮਰੱਥ ਲਿੱਪੀ ਗੁਰਮੁਖੀ ਨਾਲ ਸ਼ਬਦ ਸਾਂਝ ਪੁਆਓ। ਪਿਆਰ ਦੀ ਭਾਸ਼ਾ ਮਾਂ ਬੋਲੀ ਹੀ ਹੁੰਦੀ ਹੈ ਜੇਕਰ ਤੁਸੀਂ ਪਿਆਰ ਦੀ ਭਾਸ਼ਾ ਸਿੱਖ ਜਾਓਗੇ ਤਾਂ ਰੁਜ਼ਗਾਰ ਦੀ ਕੋਈ ਵੀ ਭਾਸ਼ਾ ਸਿੱਖਣੀ ਤੁਹਾਡੇ ਲਈ ਹੋਰ ਵੀ ਆਸਾਨ ਹੋ ਜਾਵੇਗੀ। ਪਿਆਰ ਦੀ ਭਾਸ਼ਾ ਸਿੱਖਣ ਲਈ ਪੰਜਾਬ ਸਰਕਾਰ ਦੇ ਕਿਸੇ ਵੀ ਵਿਸੇਸ਼ ਨੋਟੀਫਿਕੇਸ਼ਨ ਦੀ ਲੋੜ ਨਹੀਂ ਨਾ ਹੀ ਜ਼ਲ੍ਹਿਾ ਪੱਧਰ ਦੀਆਂ ਕਮੇਟੀਆਂ ਬਣਾਉਣ ਦੀ ਲੋੜ ਹੈ? ਤੁਸੀਂ ਆਪ ਦੱਸੋ ਕਿ ਆਪਣੇ ਹੀ ਪੰਜਾਬ ਦੇ ਧੀਆਂ ਪੁੱਤਰਾਂ ਨੂੰ ਇਹ ਕਹਿਣਾ ਪਵੇ ਕਿ ਆਪਣੀ ਮਾਂ ਬੋਲੀ ਵਿੱਚ ਕੰਮ ਕਾਰ ਕਰਿਆ ਕਰੋ ਤਾਂ ਇਸ ਤੋਂ ਵੱਡੀ ਸਿਤਮ ਵਾਲੀ ਗੱਲ ਕਿਹੜੀ ਹੋਵੇਗੀ। ਅੱਗੋਂ ਪੁੱਤਰ ਧੀਆਂ ਇਹ ਆਖਣ ਕਿ ਪਹਿਲਾਂ ਸਾਡੇ ਲਈ ਸਖਤ ਕਾਨੂੰਨ ਬਣਾਓ, ਭਾਸ਼ਾ ਟ੍ਰਿਬਿਊਨਲ ਬਣਾਓ ਫਿਰ ਅਸੀਂ ਮਾਂ ਬੋਲੀ ਵਿੱਚ ਕੰਮ ਕਾਜ ਕਰਾਂਗੇ ਤਾਂ ਇਸ ਤੋਂ ਵੱਡੀ ਹਾਰ ਕੀ ਹੋਵੇਗੀ।

ਮੇਰੀ ਧਰਤੀ ਦੇ ਲੋਕਾਂ ਨੂੰ ਇਹ ਗੱਲ ਗੁਰੂ ਨਾਨਕ ਦੇਵ ਜੀ ਨੇ ਪੰਜ ਸਦੀਆਂ ਪਹਿਲਾਂ ਆਖੀ ਸੀ ਕਿ ਰਾਜ ਕਰਨ ਵਾਲੇ ਲੋਕਾਂ ਅਤੇ ਪ੍ਰਮਾਰਥ ਵੇਚਣ ਵਾਲੇ ਲੋਕਾਂ ਨੇ ਹਮੇਸ਼ਾਂ ਭਾਸ਼ਾ ਦਾ ਓਹਲਾ ਰੱਖ ਕੇ ਹੀ ਸਧਾਰਣ ਬੰਦਿਆਂ ਨੂੰ ਲੁੱਟਿਆ ਹੈ। ਇਸੇ ਕਰਕੇ ਉਨ੍ਹਾਂ ਨੇ ਪ੍ਰਮਾਰਥ ਦੀ ਭਾਸ਼ਾ ਵੀ ਪੰਜਾਬੀ ਲੋਕ ਭਾਸ਼ਾ ਬਣਾ ਵਿਖਾਈ। ਗੁਰਬਾਣੀ ਵਿੱਚ ਪਵਿੱਤਰ ਸ਼ਬਦ ਆਮ ਸਧਾਰਣ ਆਦਮੀ ਲਈ ਕਲਿਆਣਕਾਰੀ ਵੀ ਇਸੇ ਕਰਕੇ ਹਨ ਕਿ ਇਨ੍ਹਾਂ ਵਿੱਚ ਕੋਈ ਓਹਲਾ ਨਹੀਂ। ਜੇਕਰ ਅਸੀਂ ਅੱਜ ਵੀ ਓਹਲੇ ਦੀ ਓਪਰੀ ਭਾਸ਼ਾ ਤਿਆਗ ਕੇ ਹਸਪਤਾਲਾਂ, ਕਚਹਿਰੀਆਂ , ਮਾਲ ਮਹਿਕਮੇ ਦੇ ਦਸਤਾਵੇਜ਼ਾਂ, ਆਮ ਕਾਰੋਬਾਰੀ ਅਦਾਰਿਆਂ ਅਤੇ ਵਰਤੋਂ ਵਿਹਾਰ ਵਿੱਚ ਪੰਜਾਬੀ ਦੀ ਖੁੱਲੀ ਡੁੱਲੀ ਵਰਤੋਂ ਕਰਨੀ ਸ਼ੁਰੂ ਕਰ ਦੇਈਏ ਤਾਂ ਅਸੀਂ ਮਾਂ - ਬੋਲੀ ਦਾ ਮੂੰਹ ਮੱਥਾ ਸੰਵਾਰ ਸਕਦੇ ਹਾਂ।

ਤੁਸੀਂ ਆਪ ਸੋਚੋ ਕਿ ਤੁਹਾਡੇ ਪੁੱਤਰਾਂ ਧੀਆਂ ਦੇ ਵਿਆਹਾਂ ਸ਼ਾਦੀਆਂ ਦੇ ਕਾਰਡ ਗਲਤ ਅੰਗਰੇਜ਼ੀ ਵਿੱਚ ਛਾਪਣੇ ਸਹੀ ਹਨ ਜਾਂ ਸਹੀ ਪੰਜਾਬੀ ਵਿੱਚ। ਪੰਜਾਬੀਆਂ ਦੀਆਂ ਰਿਸ਼ਤੇਦਾਰੀਆਂ ਦਾ ਤਾਣਾ ਬਾਣਾ ਪੰਜਾਬ ਵਿੱਚ ਹੀ ਤਾਂ ਹੈ। ਕਾਰਡ ਦਾ ਮਕਸਦ ਵੀ ਸਹੀ ਸੂਚਨਾ ਦੇਣਾ ਹੁੰਦਾ ਹੈ। ਜੇਕਰ ਅਸੀਂ ਆਪਣੇ ਨਾਨਕਿਆਂ ਦਾਦਕਿਆਂ ਭੂਆ ਮਾਸੀਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਆਪਣੀ ਜ਼ੁਬਾਨ ਵਿੱਚ ਹੀ ਸੁਨੇਹਾ ਨਹੀਂ ਦੇਵਾਂਗੇ ਤਾਂ ਹੋਰ ਕੌਣ ਦੇਵੇਗਾ? ਭਾਸ਼ਾ ਦਾ ਸਵੈ-ਮਾਣ ਹੀ ਤੁਹਾਨੂੰ ਸਹੀ ਪੰਜਾਬੀ ਪੁੱਤਰ ਬਣਾ ਸਕੇਗਾ। ਪੰਜਾਬੀ ਹੀ ਨਹੀਂ ਕਿਸੇ ਵੀ ਖਿੱਤੇ ਦੀ ਮਾਂ ਬੋਲੀ ਵਿੱਚ ਇਹ ਸਮੱਰਥਾ ਹਮੇਸ਼ਾਂ ਹੀ ਰਹਿੰਦੀ ਹੈ ਕਿ ਉਹ ਤੁਹਾਡੇ ਸਰਬਪੱਖੀ ਵਿਕਾਸ ਲਈ ਨਾਲੋਂ ਨਾਲ ਤੁਰੇ। ਤੁਹ-ਾਡੇ ਹਓਕਿਆਂ ਦੀ ਜ਼ੁਬਾਨ ਬਣੇ। ਤੁਹ-ਾਡੇ ਫਿਕਰਾਂ ਨੂੰ ਖੁਸ਼ੀਆਂ ਨੂੰ ਮਨ ਦੇ ਚਾਵਾਂ ਅਤੇ ਹੁਲਾਰਿਆਂ ਨੂੰ ਮਾਂ ਬੋਲੀ ਹੀ ਖੰਭ ਲਾ ਸਕਦੀ ਹੈ। ਵਿਸ਼ਵ ਵਿੱਚ ਮਾਂ ਬੋਲੀ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਲਗਪਗ 13 ਕਰੋੜ ਗਿਣੀ ਜਾਂਦੀ ਹੈ ਜਿਨਾਂ ਵਿਚੋਂ ਭਾਵੇਂ ਗੁਰਮੁਖੀ ਅੱਖ਼ਰ ਜਾਣਨ ਵਾਲੇ ਵੀ ਤਿੰਨ ਕਰੋੜ ਦੇ ਨੇੜੇ ਤੇੜੇ ਹਨ ਪਰ ਪੰਜਾਬੀ ਭਾਸ਼ਾ ਵਿੱਚ ਕਿਸੇ ਵੀ ਕਿਤਾਬ ਦੀ ਛਪਣ ਸੰਖਿਆ ਔਸਤਨ 1100 ਤੋਂ ਵੱਧ ਨਹੀਂ। ਪੁਸਤਕ ਸਭਿਆਚਾਰ ਨਾਲ ਹੀ ਅਸੀਂ ਸ਼ਬਦ ਦੀ ਸਲਾਮਤੀ ਕਾਇਮ ਕਰ ਸਕਦੇ ਹਾਂ। ਭਾਸ਼ਾ ਉਦੋਂ ਮਰਦੀ ਹੈ ਜਦੋਂ ਉਸ ਦੇ ਪੁੱਤਰਾਂ ਧੀਆਂ ਦੀ ਸ਼ਬਦ ਨਾਲੋਂ ਸਾਂਝ ਟੁੱਟ ਜਾਵੇ। ਨਾਮਧਾਰੀ ਸਮਾਜ ਦੇ ਬਾਨੀ ਸਤਿਗੁਰ ਰਾਮ ਸਿੰਘ ਜੀ ਨੇ ਗੁਰਮੁਖੀ ਅੱਖਰ ਪੜ੍ਹਨੇ ਤੇ ਪੜ੍ਹਾਵਣੇ ਦਾ ਹੁਕਮਨਾਮਾ ਜਾਰੀ ਕੀਤਾ ਸੀ ਪਰ ਅੱਜ ਇਸ ਸਮਾਜ ਵਿੱਚ ਵੀ ਪੰਜਾਬੀ ਅਤੇ ਗੁਰਮੁਖੀ ਲਈ ਮੁਹੱਬਤ ਨੂੰ ਖੋਰਾ ਲੱਗ ਰਿਹਾ ਹੈ। ਭਾਸ਼ਾ ਕਿਸੇ ਧਰਮ ਜਾਤ ਜਾਂ ਗੋਤ ਦੀ ਮਲਕੀਅਤ ਨਹੀਂ ਹੁੰਦੀ ਸਗੋਂ ਖਿੱਤਾ ਵਿਸੇਸ਼ ਦੇ ਲੋਕਾਂ ਦੀ ਸਾਂਝੀ ਪੂੰਜੀ ਹੁੰਦੀ ਹੈ। ਪੰਜਾਬੀ ਨੂੰ ਸਿਰਫ ਸਿੱਖਾਂ ਦੀ ਭਾਸ਼ਾਂ ਕਹਿ ਕੇ ਤਿਆਗਣ ਵਾਲਿਆਂ ਨੂੰ ਇਹ ਗੱਲ ਕਦੇ ਵੀ ਨਹੀਂ ਵਿਸਾਰਨੀ ਚਾਹੀਦੀ ਕਿ ਪੰਜਾਬੀ ਭਾਸ਼ਾ ਦੇ ਮੁੱਢਲੇ ਲੇਖਕਾਂ ਵਿੱਚ ਬਾਂਕੇ ਦਯਾਲ,ਈਸ਼ਵਰ ਚੰਦਰ ਨੰਦਾ, ਲਾਲਾ ਕਿਰਪਾ ਸਾਗਰ, ਬਿਹਾਰੀ ਲਾਲ ਪੁਰੀ, ਸ਼ਰਧਾ ਰਾਮ ਫਿਲੌਰੀ, ਧਨੀ ਰਾਮ ਚਾਤ੍ਰਿਕ, ਪ੍ਰੋ: ਬ੍ਰਿਜ ਲਾਲ ਸਾਸ਼ਤਰੀ, ਡਾ: ਵਿਦਿਆ ਭਾਸਕਰ ਅਰੁਣ, ਨੰਦ ਲਾਲ ਨੂਰਪੁਰੀ, ਬਕਰਤ ਰਾਮ ਯੁਮਨ,ਬਲਵੰਤ ਗਾਰਗੀ, ਦੇਵਿੰਦਰ ਸਤਿਆਰਥੀ , ਮੋਹਨ ਭੰਡਾਰੀ, ਪ੍ਰੇਮ ਪ੍ਰਕਾਸ਼, ਭੂਸ਼ਨ ਧਿਆਨਪੁਰੀ ਤੇ ਖਾਲਿਦ ਹੁਸੈਨ ਵਰਗੇ ਮਹਾਨ ਵਿਅਕਤੀ ਕਿਸ ਪਿਛੋਕੜ ਵਿੱਚੋਂ ਆਏ ਸਨ। ਸ਼ਿਵ ਕੁਮਾਰ ਬਟਾਲਵੀ, ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਕੇਵਲ ਸੂਦ, , ਕੇ ਐਲ ਗਰਗ, ਸਤੀਸ਼ ਕੁਨਾਰ ਵਰਮਾ ਤੇ ਲੋਕ ਨਾਥ ਆਦਿ ਵਰਗੇ ਸਿਰਜਣਹਾਰਿਆਂ ਨੇ ਆਪਣੀ ਧਰਤੀ ਦੀ ਜ਼ੁਬਾਨ ਨੂੰ ਕਿਵੇਂ ਸਿਖ਼ਰਾਂ ਤੇ ਪਹੁੰਚਾਇਆ ਹੈ। ਵੰਡੀਆਂ ਨਾਲ ਸ਼ਕਤੀ ਕਮਜ਼ੋਰ ਪੈਂਦੀ ਹੈ ਅਤੇ ਏਕੇ ਨਾਲ ਸਵਾਈ ਹੁੰਦੀ ਹੈ। ਆਓ ਆਪਣੀ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਸ਼ਬਦ ਸਭਿਆਚਾਰ ਦੀ ਉਸਾਰੀ ਹਿਤ ਪਿੰਡਾਂ ਵਿੱਚ ਲਾਇਬ੍ਰੇਰੀਆਂ ਦਾ ਢਾਂਚਾ ਉਸਾਰੀਏ। ਸਾਡੇ ਕੋਲ ਧਰਮਸਾਲ ਦਾ ਮਾਡਲ ਪਹਿਲਾਂ ਹੀ ਹਾਜ਼ਰ ਹੈ। ਧਰਮਸਾਲ ਓਨਾ ਚਿਰ ਸੰਪੂਰਨ ਨਹੀਂ ਜਿੰਨਾਂ ਚਿਰ ਉਸ ਵਿੱਚ ਪਾਠਸਾਲ, ਚਕਿਤਸਾਲ ਅਤੇ ਪੁਸਤਕਸਾਲ ਨਹੀਂ ਹੈ। ਧਰਮਸਾਲ ਅੱਜ ਦਾ ਗੁਰਦੁਆਰਾ, ਮੰਦਰ, ਗਿਰਜਾਘਰ ਜਾਂ ਮਸੀਤ ਹੈ। ਪਾਠਸਾਲ ਸਕੂਲ ਹੈ, ਚਕਿਤਸਾਲ ਹਸਪਤਾਲ ਹੈ ਅਤੇ ਪੁਸਤਕਸਾਲ ਲਾਇਬ੍ਰੇਰੀ ਹੈ। ਇਨ੍ਹਾਂ ਚਾਰ ਪਾਵਿਆਂ ਤੇ ਹੀ ਸਾਡਾ ਸੱਭਿਆਚਾਰਕ ਵਿਕਾਸ ਮਾਡਲ ਖੜ੍ਹਾ ਹੈ। ਇਨ੍ਹਾਂ ਵਿੱਚ ਸੁਮੇਲ ਕਰਨਾ ਪਵੇਗਾ ਫਿਰ ਕਿਸੇ ਅੰਤਰ ਰਾਸ਼ਟਰੀ ਏਜੰਸੀ ਨੂੰ ਇਹ ਕਹਿਣ ਦਾ ਮੌਕਾ ਨਹੀਂ ਮਿਲੇਗਾ ਕਿ ਪੰਜਾਬੀ ਭਾਸ਼ਾ ਮਰ ਰਹੀ ਹੈ। ਪੰਜਾਬੀ ਦੇ ਸ਼ਬਦ ਭੰਡਾਰ ਵਿੱਚ ਵਾਧੇ ਅਤੇ ਵਿਕਾਸ ਲਈ ਭਾਸ਼ਾ ਦੀ ਵਰਤੋਂ ਯੋਗਤਾ ਵਧਾਉਣੀ ਪਵੇਗੀ। ਨਿਰੰਤਰ ਮੋਹ ਅਤੇ ਮੁਹੱਬਤ ਦਾ ਰਿਸ਼ਤਾ ਸੁਰਜੀਤ ਕਰਕੇ ਹੀ ਅਸੀਂ ਆਪਣੀ ਮਾਂ ਬੋਲੀ ਸਮਰੱਥਾਵਾਨ ਸੁਆਣੀ ਬਣਾ ਸਕਾਂਗੇ। ਭਾਸ਼ਾ ਕੋਈ ਉਦਯੋਗਿਕ ਇਕਾਈ ਅੰਦਰ ਵਿਗਸਣ ਵਾਲੀ ਵਸਤੂ ਨਹੀਂ ਹੈ, ਇਸ ਦਾ ਉਤਪਾਦਨ ਨਹੀਂ ਹੁੰਦਾ। ਸ਼ਬਦਕੋਸ਼ ਜਿਉਂਦੀਆਂ ਭਾਸ਼ਾਵਾਂ ਦਾ ਖਜ਼ਾਨਾ ਤਾਂ ਹੁੰਦੇ ਹਨ ਪਰ ਇਨ੍ਹਾਂ ਨੂੰ ਕਬਰਾਂ ਨਾ ਬਣਾਈਏ। ਇਹ ਪੂੰਜੀ ਲਗਾਤਾਰ ਵਰਤਣ ਵਾਸਤੇ ਹੈ, ਸਿਰਫ ਸੰਭਾਲਣ ਵਾਸਤੇ ਨਹੀਂ। ਕਤਰੇ ਕਤਰੇ ਨਾਲ ਹੀ ਸਮੁੰਦਰ ਭਰਦਾ ਹੈ। ਆਓ ਪ੍ਰਣ ਕਰੀਏ ਕਿ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਕਿਸੇ ਹੋਰ ਧਿਰ ਦਾ ਸਾਥ ਲੱਭਣ ਦੀ ਥਾਂ ਖੁਦ ਹਿੰਮਤ ਕਰੀਏ। ਪੰਜਾਬੀ ਦੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਮੁੱਢਲੇ ਸਫਰ ਦੌਰਾਨ ਕੁਝ ਕਵਿਤਾਵਾਂ ਵੀ ਲਿਖੀਆਂ ਸਨ। ਉਨਾਂ ਦੀ ਇਕ ਕਵਿਤਾ ਦੇ ਬੋਲਾਂ ਨਾਲ ਮੈਂ ਆਪਣੀ ਗੱਲ ਮੁਕਾਉਂਦਾ ਹਾਂ:-

ਕਿਸ ਨੂੰ ਉਡੀਕਦੇ ਹੋ,
ਗੋਬਿੰਦ ਨੇ ਹੁਣ ਪਟਨੇ ਚੋਂ ਨਹੀਂਆਉਣਾ।
ਮਸਤਕ ਤੋਂ ਹੱਥ ਤਕ ਸਿੱਧਾ ਰਸਤਾ
ਕੇਸਗੜ੍ਹ ਦੇ ਮੈਦਾਨ ਨੂੰ ਜਾਂਦਾ ਹੈ।

# ਤਣਾਅ ਨਹੀਂ ਤਿਆਰੀ ਨਾਲ ਦਿਓ ਪ੍ਰੀਖਿਆ



ਬੱਚਿਆਂ ਦੀਆਂ ਪ੍ਰੀਖਿਆਵਾਂ ਦੀਆਂ ਤਰੀਕਾਂ ਆਉਣ ਵਾਲੀਆਂ ਹਨ। ਜਦੋਂ ਤੋਂ ਇਹ ਤਰੀਕਾਂ ਤੈਅ ਹੁੰਦੀਆਂ ਹਨ ,ਉਦੋਂ ਤੋਂ ਹੀ ਵਿਦਿਆਰਥੀਆਂ ਵਿੱਚ ਘਬਰਾਹਟ, ਬੇਚੈਨੀ, ਡਰ ਲੱਗਣਾ ਆਦਿ ਸਮੱਸਿਆਵਾਂ ਮਹਿਸੂਸ ਕਰਨਾ ਆਮ ਗੱਲ ਹੈ।ਸਕੂਲਾਂ ਦੇ ਸਾਲਾਨਾ ਅਤੇ ਬੋਰਡ ਦੇ ਪੇਪਰ ਨਜਦੀਕ ਆਉਂਦੇ ਹੀ ਅਕਸਰ ਬੱਚਿਆਂ ਅਤੇ ਨੌਜੁਆਨਾਂ ਦੇ ਦਿਲਾਂ 'ਚ ਉਲਝਣਾ ਅਤੇ ਕਈ ਤਰ੍ਹਾਂ ਦੇ ਸ਼ੱਕ ਵਧ ਜਾਂਦੇ ਹਨ। ਸਾਲ ਭਰ ਪੜ੍ਹਾਈ ਕਰਨ ਦੇ ਬਾਵਜੂਦ ਵੀ ਜਿਆਦਾਤਰ ਬੱਚੇ ਇਨ੍ਹੀਂ ਦਿਨੀ ਤਣਾਅ 'ਚ ਆ ਜਾਂਦੇ ਹਨ, ਕਿਤੇ ਨੰਬਰ ਘੱਟ ਨਾ ਹੋਣ, ਮਾਪਿਆਂ ਦੀਆਂ ਓਮੀਦਾਂ ਨਾ ਟੁੱਟ ਜਾਣ ਜਾਂ ਪਸੰਦੀਦਾ ਵਿਸ਼ੇ ਨਾ ਮਿਲ ਪਾਏ ਤਾਂ ਅਜਿਹੇ ਕਈ ਸਵਾਲ ਦਿਨ-ਰਾਤ ਬੱਚਿਆਂ ਦੇ ਦਿਲ ਨੂੰ ਘੇਰੀ ਰੱਖਦੇ ਹਨ। ਅਖਬਾਰਾਂ ਅਤੇ ਟੀ.ਵੀ ਚੈਨਲਾਂ 'ਚ ਆਏ ਦਿਨ ਅਜਿਹੀਆਂ ਖਬਰਾਂ ਵੀ ਮਾਪਿਆਂ ਲਈ ਚਿੰਤਾ ਦਾ ਵਿਸ਼ਾ ਬਣੀਆਂ ਹਨ ਜਿਵੇਂ ਕੀ ਘੱਟ ਨੰਬਰ ਆਉਣ ਦੇ ਕਾਰਨ ਵਿਦਿਆਰਥੀਆਂ ਨੇ ਖੁਦਕੁਸ਼ੀ ਕਰ ਲਈ ਜਾਂ ਕਰਨ ਦੀ ਕੋਸ਼ਿਸ਼ ਕੀਤੀ ।ਪਰ ਇਹ ਸਭ ਗੱਲਾਂ ਬੇਈਮਾਨੀ ਲੱਗਦੀਆਂ ਹਨ, ਜਦੋਂ ਬੱਚੇ ਨੂੰ ਆਪਣੀ ਪੜ੍ਹਾਈ ਅਤੇ ਆਪਣੇ-ਆਪ 'ਤੇ ਭਰੋਸਾ ਹੋਵੇ। ਖਾਣ-ਪੀਣ, ਖੇਡਾਂ ਅਤੇ ਪੜ੍ਹਾਈ ਦਾ ਬਿਹਤਰ ਤਾਲਮੇਲ ਬਣਾ ਕੇ ਤੁਸੀਂ ਆਪਣੇ ਬੱਚੇ ਦੇ ਇਮਤਿਹਾਨਾਂ ਦੇ ਮੌਸਮ ਦਾ ਵੀ ਭਰਪੂਰ ਆਨੰਦ ਲੈ ਸਕਦੇ ਹੋ। ਜੇਕਰ ਤੁਸੀਂ ਇਸ ਸਮੇਂ ਦਾ ਬਾਖੂਬੀ ਮੁਕਾ-ਬਲਾ ਕਰ ਲਿਆ ਤਾਂ ਤੁਹਾਡੇ ਬੱਚੇ ਦੇ ਭਵਿੱਖ ਦੀ ਸਿਹਤ ਵੀ ਦਰੁੱਸਤ ਹੋ ਜਾਵੇਗੀ। ਜਿਵੇਂ ਹਰ ਮੌਸਮ 'ਚ ਬੱਚਿਆਂ ਦੀਆਂ ਅਲੱਗ-ਅਲੱਗ ਸਮੱਸਿਆਵਾਂ ਹੁੰਦੀਆਂ ਹਨ, ਉਸੇ ਤਰ੍ਹਾਂ ਇਮਤਿਹਾਨਾਂ ਦਾ ਮੌਸਮ ਵੀ ਤੁਹਾਡੇ ਬੱਚੇ ਦੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਨਾਜ਼ੁਕ ਹੁੰਦਾ ਹੈ। ਇਸ ਲਈ ਤੁਹਾਨੂੰ ਇਸ ਸਮੇਂ ਦੇ ਨਾਲ ਨਾਲ ਆਪਣੇ ਬੱਚੇ 'ਤੇ ਖਾਸ ਧਿਆਨ ਦੇਂ ਦੀ ਜਰੂਰਤ ਹੈ।

ਖਾਣ-ਪੀਣ 'ਤੇ ਦਿਓ ਪੂਰਾ ਧਿਆਨ: ਆਮ ਤੌਰ 'ਤੇ ਇਮਤਿਹਾਨਾਂ ਦੇ ਦਿਨਾਂ 'ਚ ਬੱਚੇ ਠੀਕ ਢੰਗ ਨਾਲ ਖਾਣਾ ਨਹੀਂ ਖਾਂਦੇ ਅਤੇ ਖਾਣਾ ਪੀਣਾ ਘੱਟ ਕਰ ਦੇਣਾ ਤੁਹਾਡੇ ਬੱਚੇ ਲਈ ਨੁਕਸਾਨਦ-ਾਇਕ ਹੋਵੇਗਾ। ਸਮੇਂ 'ਤੇ ਪੌਸ਼ਟਿਕ



*ਹਰਪ੍ਰੀਤ ਸਿੰਘ ਬਰਾੜ*
*ਸਿਹਤ ਸਿੱਖਿਆ ਅਤੇ ਸਮਾਜਿਕ ਲੇਖਕ*
*ਮੇਨ ਏਅਰ ਫੋਰਸ ਰੋਡ,ਬਠਿੰਡਾ।*

ਆਹਾਰ ਲੈਣ ਨਾਲ ਪੜ੍ਹਾਈ 'ਚ ਮਨ ਲੱਗਿਆ ਰਹਿੰਦਾ ਹੈ ਅਤੇ ਕਿਸੇ ਤਰ੍ਹਾਂ ਦਾ ਤਣਾਅ ਵੀ ਨਹੀਂ ਹੁੰਦਾ।ਇਨ੍ਹਾਂ ਦਿਨੀਂ ਜਿਆਦਾ ਮਸਾਲੇ ਵਾਲੀਆਂ ਚੀਜਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਮਸਾਲੇਦਾਰ ਪਦਾਰਥਾਂ ਦੇ ਪ੍ਰਯੋਗ ਨਾਲ ਪਾਚਣ ਤੰਤਰ 'ਚ ਸਮੱਸਿਆ ਆਉਂਦੀ ਹੈ ਅਤੇ ਦਿਮਾਗ ਵੀ ਸੁਸਤ ਰਹਿੰਦਾ ਹੈ। ਚਾਹ ਅਤੇ ਕੌਫੀ ਦੇ ਸੇਵਨ ਤੋਂ ਵੀ ਬਚਣਾ ਚਾਹੀਦਾ ਹੈ । ਚਾਹ ਅਤੇ ਕੌਫ਼ੀ ਨਾਲ ਦਿਮਾਗ ਉਤੇਜਿੱਤ ਤਾਂ ਹੁੰਦਾ ਹੈ ਪਰ ਬਾਅਦ 'ਚ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ ਅਤੇ ਪੜ੍ਹਾਈ ਲਿਖਾਈ ਦਾ ਪੂਰਾ ਪ੍ਰੋਗਰਾਮ ਵਿਗੜ ਜਾਂਦਾ ਹੈ। ਪ੍ਰੀਖਿਆਵਾਂ ਦੇ ਦਿਨਾਂ 'ਚ ਵਿਦਿਆਰਥੀਆਂ ਨੂੰ ਰੋਜ ਦੋ ਲੀਟਰ ਤਰਲ ਪਦਾਰਥ ਲੈਣਾ ਚਾਹੀਦਾ ਹੈ । ਇਸ ਨਾਲ ਪੇਟ ਅਤੇ ਦਿਮਾਗ ਦੋਨੋਂ ਤਰੋਤਾਜਾ ਰਹਿੰਦੇ ਹਨ, ਨਤੀਜਨ ਤੁਹਾਡੇ ਬੱਚੇ ਦਾ ਦਿਲ-ਦਿਮਾਗ ਪੜ੍ਹਾਈ ਨਹੀ ਤਿਆਰ ਰਹਿੰਦਾ ਹੈ।

ਨੀਂਦ ਨੂੰ ਵੀ ਦਿਓ ਪੂਰਾ ਸਮਾਂ: ਇਮਤਿਹਾਨਾਂ ਦੇ ਦਿਨਾਂ 'ਚ ਬੱਚਿਆਂ ਨੂੰ ਜਿਆਦਾ ਦੇਰ ਤੱਕ ਜਾਗਣਾ ਨਹੀਂ ਚਾਹੀਦਾ । ਇਸ ਨਾਲ ਸਰੀਰਕ ਅਤੇ ਮਾਨਸਿਕ ਰੂਪ 'ਚ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਨ੍ਹੀ ਦਿਨੀਂ ਪੜ੍ਹਾਈ 'ਚ ਇਕਾਗਰਤਾ ਬਣਾਈ ਰੱਖਣ ਤੋਂ ਪ੍ਰੀਖਿਆ ਦੇ ਤਣਾਅ ਤੋਂ ਬਚਾਅ ਲਈ ਪੂਰੀ ਨੀਂਦ ਲੈਣੀ ਚਾਹੀਦੀ ਹੈ। ਨੀਂਦ ਪੂਰੀ ਨਾ ਹੋਣ ਨਾਲ ਤੁਹਾਡੇ ਬੱਚੇ ਦਾ ਦਿਮਾਗ ਚਿੜਚਿੜਾ ਹੋ ਜਾਵੇਗਾ।

ਕਸਰਤ ਨਾਲ ਹੋ ਜਾਓ ਤਰੋਤਾਜਾ: ਪ੍ਰੀਖਿਆ ਦੀ ਤਿਆਰੀ ਦੌਰਾਨ ਇੱਥ ਹੀ ਥਾਂ 'ਤੇ ਲਗਾਤਾਰ ਬੈਠੇ ਰਹਿਣ ਕਾਰਨ ਸ਼ਰੀਰ ਦੇ ਨਾਲ ਨਾਲ ਦਿਮਾਗ ਵੀ ਸੁਸਤ ਹੋ ਜਾਂਦਾ ਹੈ। ਇਸਦਾ ਸਿੱਧਾ ਅਸਰ ਪੜ੍ਹਾਈ 'ਤੇ ਪੈਂਦਾ ਹੈ। ਇਸ ਲਈ ਪੜ੍ਹਾਈ ਦੇ ਵਿਚਕਾਰ ਵਿਰਾਮ (ਬਰੇਕ) ਲੈਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਮਾਨਸਿਕ ਤਣਾਅ ਘੱਟ ਹੁੰਦਾ ਹੈ ਅਤੇ ਪੜ੍ਹਾਈ 'ਚ ਪੂਰਾ ਮਨ ਲੱਗਦਾ ਹੈ । ਕਸਰਤ ਦੇ ਨਾਲ ^ਨਾਲ ਜੇਕਰ ਪ੍ਰਾਣਾਯਾਮ ਅਤੇ ਮੈਡੀਟੇਸ਼ਨ ਵੀ ਕਰ ਲਿਆ ਜਾਵੇ ਤਾਂ ਇਸ ਨਾਲ ਵੀ ਕਾਫ਼ੀ ਨਾਭ ਹੁੰਦਾ ਹੈ।

ਸਮਾਂ ਸਾਰਣੀ ਬਣਾਓ: ਪ੍ਰੀਖਿਆ ਸ਼ੁਰੂ ਹੋਣ ਤੋਂ ਕਾਫ਼ੀ ਪਹਿਲਾਂ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੀ ਤਿਆਰੀ ਦੇ ਲਈ ਯੋਜਨਾਬੰਦ ਤਰੀਕੇ ਨਾਲ ਜੁਟ ਜਾਣਾ ਚਾਹੀਦਾ ਹੈ। ਇਸ ਨਾਲ ਸਾਰੇ ਵਿਸ਼ਿਆਂ ਲਈ ਬਰਾਬਰ ਦੀ ਤਿਆਰੀ ਤਾਂ ਕੀਤੀ ਜਾ ਸਕਦੀ ਹੈ ਨਾਲ ਹੀ ਪ੍ਰੀਖਿਆ ਦਾ ਤਣਾਅ ਵੀ ਘੱਟ ਹੋ ਜਾਂਦਾ ਹੈ।ਹਰ ਵਿਸ਼ੇ ਨੂੰ ਚੰਗਾ ਸਮਾਂ ਦੇਣ ਅਤੇ ਸਹੀ ਤਰੀਕੇ ਨਾਲ ਸਮੇਂ ਦੀ ਵੰਡ ਕਰਕੇ ਪੜਨ ਨਾਲ ਚੰਗੇ ਨੰਬਰ ਆਉਂਦੇ ਹਨ। ਤਣਾਅ 'ਤੇ ਕਾਬੂ ਰੱਖਣ ਨਾਲ ਪੜ੍ਹਾਈ 'ਚ ਨਿਖਾਰ ਆਉਂਦਾ ਹੈ।

ਜ਼ਰੂਰੀ ਨਹੀਂ ਚੌਵੀ ਘੰਟੇ ਪੜ੍ਹਨਾ: ਇਮਤਿਹਾਨਾਂ ਦੌਰਾਨ ਦਿਨ-ਰਾਤ ਪੜ੍ਹਾਈ ਕਰਨਾ ਜਰੂਰੀ ਨਹੀਂ ਹੈ, ਪੜ੍ਹਾਈ ਦੌਰਾਨ ਘੰਟਿਆ ਤੋਂ ਜਿਆਦਾ ਇਕਾਗਰਤਾ ਅਹਿਮ ਹੈ। ਤੁਸੀਂ ਆਪਣੇ ਬੱਚੇ ਦੇ ਪਿੱਛੇ ਹੀ ਨਾ ਪਏ ਰਹੋ, ਉਸ ਨੂੰ ਦਿਨ ਰਾਤ ਪੜ੍ਹਨ ਲਈ ਪ੍ਰੇਸ਼ਾਨ ਨਾ ਕਰੋ। ਆਪਣੇ ਬੱਚੇ ਨੂੰ ਉਸਦੀ ਕਾਬਲੀਅਤ ਮੁਤਾਬਕ ਹੀ ਪੜ੍ਹਨ ਦਿਓ। ਬੱਸ ਤੁਸੀਂ ਇਸ ਗੱਲ 'ਤੇ ਧਿਆਨ ਦਿਓ ਕਿ ਉਹ ਜਿੰਨਾਂ ਪੜ੍ਹੇ ਇਮਾਨਦਾਰੀ ਨਾਲ ਪੜ੍ਹੇ। ਪ੍ਰੀਖਿਆ ਦੇ ਦੌਰਾਨ ਸਾਰੇ ਵਿਦਿਆਰਥੀ ਸਮਾਂ-ਸਾਰਣੀ ਬਣਾਉਂਦੇ ਹਨ ਪਰ ਜਿਆਦ-ਾਤਰ ਬੱਚੇ ਇਸ ਦੀ ਪਾਲਣਾ ਨਹੀਂ ਕਰਦੇ। ਸਮਾਂ ਸਾਰਣੀ ਦੇ ਅਨੁਸਾਰ ਪੜ੍ਹਨ ਨਾਲ ਵਿਦਿਆਰਥੀ ਸਾਰੇ ਵਿਸ਼ਿਆਂ 'ਤੇ ਧਿਆਨ ਤਾਂ ਦੇ ਹੀ ਸਕਦੇ ਹਨ ਨਾਲ ਹੀ ਉਨ੍ਹਾਂ ਨੂੰ ਆਰਾਮ ਕਰਨ ਦਾ ਸਮਾਂ ਵੀ ਮਿਲ ਜਾਂਦਾ ਹੈ। ਇਸ ਦਾ ਇੱਕ ਫਾਇਦਾ ਇਹ ਹੋਵੇਗਾ ਕਿ ਬੱਚਿਆਂ ਨੂੰ ਪੜ੍ਹਾਈ ਬੋਰ ਨਹੀਂ ਲੱਗੇਗੀ।

ਮਾਪਿਆਂ ਲਈ ਵੀ ਹੈ ਪ੍ਰੀਖਿਆ ਦੀ ਘੜੀ: ਇਸ ਸਮਾਂ ਮਾਪਿਆਂ ਲਈ ਵੀ ਪ੍ਰੀਖਿਆ ਵਾਂਗ ਹੀ ਹੁੰਦਾ ਹੈ ।ਬੱਚਿਆਂ ਦਾਂ ਮਨੋਬਲ ਬਣਾਏ ਰੱਖਣ ਲਈ ਮਾਂ ^ਬਾਪ ਦੀ ਅਹਿਮ ਭੂਮਿਕਾ ਹੁੰਦੀ ਹੈ। ਮਾਪਿਆਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਬੱਚਾ ਲਾਪਰਵਾਹ ਤਾਂ ਨਹੀਂ ਹੋ ਰਿਹਾ। ਬੱਚੇ ਦੇ ਸਿਰ 'ਤੇ ਪੜ੍ਹਾਈ ਦਾ ਵਾਧੂ ਭਾਰ ਨਹੀਂ ਆਉਣਾ ਚਾਹੀਦਾ, ਇਸ ਨਾਲ ਪ੍ਰੀਖਿਆ 'ਤੇ ਅਸਰ ਪੈ ਸਕਦਾ ਹੈ।

ਕੁਝ ਹੋਰ ਧਿਆਨ ਦੇਣ ਯੋਗ ਗੱਲਾਂ:

- ਪ੍ਰੀਖਿਆ ਨੂੰ ਜੀਵਨ ਦਾ ਹਿੱਸਾ ਮੰਨੋ
- ਲੰਬੀ ਪੜ੍ਹਾਈ ਦੀ ਥਾਂ ਛੋਟੇ ਛੋਟੇ ਵਕਫੇ ਲੈ ਕੇ ਪੜ੍ਹੋ।
- ਵੱਡੀਆਂ ਕਿਤਾਬਾਂ ਦੀ ਥਾਂ ਨੋਟਸ ਬਣਾਓ
- ਪੇਪਰਾਂ 'ਚ ਦੂਜਿਆਂ ਦੀ ਨਕਲ ਨਾ ਕਰੋ, ਆਪਣੀ ਕਾਬਲੀਅਤ ਦੇ ਅਨੁਸਾਰ ਜਵਾਬ ਦਿਓ।
- ਸਮੇਂ ਤੋਂ ਪਹਿਲਾਂ ਪ੍ਰੀਖਿਆ ਹਾਲ ਤੱਕ ਪਹੁੰਚੋ।
- ਹੜਬੜਾਹਟ 'ਚ ਪੇਪਰ ਨਾ ਦਿਓ।
- ਸਵਾਲ ਦੇ ਜਵਾਬ ਮੁਤ-ਾਬਿਕ ਹੀ ਪ੍ਰਸ਼ਨ ਦਾ ਸਮਾਂ ਨਿਰਧਾਰਤ ਕਰੋ।
- ਵਿਸ਼ੇਸ਼ ਬਿੰਦੂਆਂ ਨੂੰ ਅੰਡਰਲਾਈ ਜਰੂਰ ਕਰੋ।
- ਜਮਾਤੀਆਂ ਨਾਲ ਸਮੂਹ ਬਣਾ ਕੇ ਵਿਸ਼ੇ ਬਾਰੇ ਚਰਚਾ ਕਰੋ।
- ਪੇਪਰ ਤੋਂ ਇੱਕ ਦਿਨ ਪਹਿਲਾਂ ਪੂਰੇ ਸਿਲੇਬਸ ਨੂੰ ਜਰੂਰ ਦੁਹਰਾਓ
- ਪੇਪਰ ਸਬੰਧੀ ਲੋੜੀਂਦੀ ਸਮੱਗਰੀ ਨੂੰ ਇੱਕ ਦਿਨ ਪਹਿਲਾਂ ਹੀ ਤਿਆਰ ਕਰ ਲਵੋ।
- ਅਧਿਆਪਕਾਂ ਨਾਲ ਤਾਲਮੇਲ ਬਣਾ ਕੇ ਰੱਖੋ ਅਤੇ ਕੋਈ ਵੀ ਮੁਸ਼ਕਲ ਬੇਝਿਜਕ ਪੁੱਛੋ।

# ਖੁਸ਼ੀ ਦੀ ਬਸੰਤ



ਮਨ ਅਤੇ ਆਤਮਾ ਵਿੱਚ ਕੁਝ ਹਿਲਜੁਲ ਹੋਣਾ ਸੁਭਾਵਿਕ ਹੈ। ਕੁਝ ਬਦਬੂ ਆਉਂਦੀ ਹੈ ਜੋ ਨੱਕ ਵਿੱਚ ਆ ਰਹੀ ਹੈ। ਸਭ ਕੁਝ ਬਦਲ ਗਿਆ ਜਾਪਦਾ ਹੈ। ਇਸ ਬਦਲੇ ਹੋਏ ਮਾਹੌਲ ਦਾ ਰਾਜ਼ ਜਾਣਨ ਲਈ ਤੁਹਾਨੂੰ ਆਪਣੇ ਆਲੀਸ਼ਾਨ ਅਪਾਰਟਮੈਂਟਸ ਅਤੇ ਫਲੈਟਾਂ ਤੋਂ ਬਾਹਰ ਨਿਕਲਣਾ ਹੋਵੇਗਾ। ਸੁੰਗੜਦੀ ਦੁਨੀਆਂ ਤੋਂ ਬਹੁਤ ਦੂਰ, ਜਿੱਥੇ ਬਸੰਤ ਦੇ ਦੂਤ ਕੂਚ ਕਰ ਰਹੇ ਹਨ। ਜਿੱਥੇ ਖੇਤ ਪੀਲੇ ਸਰ੍ਹੋਂ ਦੇ ਫੁੱਲਾਂ ਨਾਲ ਝੂਮ ਰਹੇ ਹਨ। ਅੰਬਾਂ ਦੇ ਰੁੱਖਾਂ ਦੀ ਆਵਾਜ਼ ਨਾਲ ਬਾਗ ਮਹਿਕਣ ਲੱਗ ਪਿਆ ਹੈ। ਸਤਰੰਗੀ ਫੁੱਲ ਪਹਿਨੇ ਧਰਤੀ ਦਾ ਬਾਗਉਹ ਤਰ੍ਹਾਂ-ਤਰ੍ਹਾਂ ਦੇ ਸ਼ਿੰਗਾਰ ਵਿਚ ਰੁੱਝੇ ਨਜ਼ਰ ਆਉਣ ਲੱਗ ਪਏ ਹਨ। ਵਾਵਰੋਲੇ ਇਧਰ ਉੱਡ ਰਹੇ ਹਨ ਅਤੇ ਉਧਰ ਖੁਸ਼ੀ ਨਾਲ ਗੂੰਜ ਰਹੇ ਹਨ। ਤਿਤਲੀਆਂ ਉੱਡ ਰਹੀਆਂ ਹਨ ਅਤੇ ਖੱਡਿਆਂ ਅਤੇ ਖੋਖਿਆਂ ਵਿੱਚ ਰਹਿਣ ਵਾਲੇ ਜੀਵ ਲੰਬੇ ਸਮੇਂ ਬਾਅਦ ਰਾਹ ਬਦਲ ਗਏ ਹਨ। ਬਸੰਤ ਦੀ ਆਮਦ ਨਾਲ ਹਰ ਕੋਈ ਇੱਕ ਖਾਸ ਤਾਜ਼ਗੀ ਅਤੇ ਨਵਾਂਪਨ ਮਹਿਸੂਸ ਕਰਨ ਲੱਗਾ ਹੈ। ਇਹ ਇੱਕ ਵਿਗਨੇਟ ਵਾਂਗ ਲੱਗ ਸਕਦਾ ਹੈ, ਪਰ ਅਸਲ ਵਿੱਚ ਕੁਦਰਤ ਬਸੰਤ ਵਿੱਚ ਇੱਕ ਨਵੀਂ ਖੁਸ਼ੀ ਵਿੱਚ ਹੈ। ਸਭ ਕੁਝ ਬਿਲਕੁਲ ਨਵਾਂ ਲੱਗਦਾ ਹੈ। ਨਵੀਂ ਧੂਪ, ਨਵਾਂ ਪੱਲਵ, ਨਵੀਂ ਮਿਠਾਸ, ਨਵੀਂ ਮਹਿਕ ਹਵਾ ਵਿਚ ਘੁਲਦੀ ਮਹਿਸੂਸ ਹੁੰਦੀ ਹੈ। ਇਹ ਨਵੀਨਤਾ ਧਰਤੀ ਤੋਂ ਅਸਮਾਨ ਤੱਕ ਫੈਲੀ ਜਾਪਦੀ ਹੈ।ਉਹ ਹੈ ਬਸੰਤ ਦੀ ਸੁੰਦਰਤਾ ਵਿਲੱਖਣ ਹੈ। ਆਉਂਦਿਆਂ ਹੀ ਇਹ ਕੁਦਰਤ ਦੇ ਹਰ ਕਣ ਵਿਚ ਉਥਲ-ਪੁਥਲ ਪੈਦਾ ਕਰ ਦਿੰਦਾ ਹੈ। ਇਹ ਬਿਨਾਂ ਕਾਰਨ ਨਹੀਂ ਹੈ ਕਿ ਇਸ ਰੁੱਤ ਵਿਚ ਬਸੰਤ ਜਿੰਨੀ ਜ਼ਿਆਦਾ ਲੋਕਾਂ ਦੇ ਮਨਾਂ ਵਿਚ ਛਾਪੀ ਜਾਂਦੀ ਹੈ, ਓਨਾ ਹੀ ਇਹ ਕਾਗਜ਼ 'ਤੇ ਸਾਹਿਤ ਵਿਚ ਦਰਜ ਹੁੰਦਾ ਹੈ। ਨਿਰਾਲਾ ਦੀਆਂ ਸਤਰਾਂ ਯਾਦ ਆਉਂਦੀਆਂ ਹਨ- 'ਨਵਗਤੀ ਨਵ ਲਾਇਆ ਤਾਲ ਚੰਦ ਨਵ/ਨਵਲ ਕੰਠ ਨਵ ਜਲਦ ਮੰਦਰਾ ਰਾਵ/ਨਵ ਨਾਭ ਕੇ ਨਵ ਵਿਹਾਗ ਵ੍ਰਿੰਦ ਕੋ/ਨਵ ਪਰ ਨਵ ਸਵਰ ਦੇ!' ਬਸੰਤ ਕੁਦਰਤ ਦੀ ਸੁੰਦਰਤਾ ਦਾ ਮੌਸਮ ਹੈ। ਇਹ ਕਦੇ ਅਨੰਦ ਦਾ, ਕਿਤੇ ਗਿਆਨ ਦਾ, ਕਿਤੇ ਤਪੱਸਿਆ ਦਾ ਅਤੇ ਕਿਤੇ ਪਿਆਰ ਦਾ ਮੌਸਮ ਹੁੰਦਾ ਹੈ। ਪਰ ਇਸਦੇ ਹਰ ਰੂਪ ਵਿੱਚ ਕੇਵਲ ਆਨੰਦ ਹੈ। ਬਸੰਤ ਦੀ ਹਰ ਗੰਢਆਨੰਦ ਰਸ ਨਾਲ ਭਰਪੂਰ ਹੈ। ਜੇ ਤੁਸੀਂ ਇਸ ਆਨੰਦ ਨੂੰ ਮਾਣਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਅੰਦਰ ਰੁੱਤ ਵਿੱਚ ਆਉਂਦੀ ਬਸੰਤ ਨੂੰ ਮਹਿਸੂਸ ਕਰਨਾ ਹੋਵੇਗਾ। ਇਸ ਰੁੱਤ ਦੇ ਪਲਾਂ ਨੂੰ ਪਛਾਣ ਕੇ ਇਸ ਦਾ ਪ੍ਰਫੁੱਲਤ ਵੀ ਸਾਡੇ ਅੰਦਰ ਹੀ ਪੁੰਗਰਨਾ ਹੋਵੇਗਾ। ਰੰਗਾਂ ਦਾ ਚਮਤਕਾਰ ਜੀਵਨ ਅਤੇ ਭਾਵਨਾਵਾਂ ਵਿੱਚ ਲਿਆਉਣਾ ਹੁੰਦਾ ਹੈ। ਉਸ ਨੂੰ ਤਿਆਰ ਕਰਨਾ ਪੈਂਦਾ ਹੈ। ਜਿਵੇਂ ਕੁਦਰਤ ਆਪਣੇ ਆਪ ਨੂੰ ਸਜਾਉਂਦੀ ਹੈ। ਉਸ ਨੂੰ ਥਾਂ ਦਿੱਤੀ ਜਾਣੀ ਹੈ। ਸਾਡੀ ਜ਼ਿੰਦਗੀ ਦੀ ਬਹਾਰ ਸਾਡੇ ਮਨ ਦੀਆਂ ਤਾਰਾਂ ਨਾਲ ਟਿਕੀ ਹੋਈ ਹੈ। ਇਹ ਦੇਖਣਾ ਹੋਵੇਗਾ ਕਿ ਉਸ ਸਤਰ ਵਿੱਚ ਉਦਾਸੀ ਦੀ ਕੋਈ ਟੁੱਟ-ਭੱਜ ਹੈ ਜਾਂ ਨਹੀਂ। ਕਿਤੇ ਨਾ ਕਿਤੇ ਨਿਰਾਸ਼ਾ ਦੀ ਜੰਗ ਛਿਪੀ ਹੋਈ ਹੈ। ਜਿਵੇਂ ਕਿ ਇਹ ਹੋ ਸਕਦਾ ਹੈਇਹ ਅਸੰਭਵ ਨਹੀਂ ਹੈ। ਇਹ ਜੀਵਨ ਦੀ ਇੱਕ ਕੁਦਰਤੀ ਪ੍ਰਕਿਰਿਆ ਹੈ। ਪਰ ਜੇ ਅਜਿਹਾ ਹੈ, ਤਾਂ ਇਸਦੀ ਮੁਰੰਮਤ ਕੀਤੀ ਜਾਣੀ ਚਾਹੀਦੀ ਹੈ। ਤੁਹਾਨੂੰ ਆਪਣੀ ਅੰਦਰਲੀ ਬਸੰਤ ਨੂੰ ਜਗਾਉਣਾ ਪਵੇਗਾ ਅਤੇ ਉਸ ਨੂੰ ਤਿਆਰ ਕਰਨਾ ਪਵੇਗਾ, ਕਿਉਂਕਿ ਜਿੱਥੇ ਬਸੰਤ ਹੈ, ਉੱਥੇ ਉਦਾਸੀ ਦੀ ਕੋਈ ਥਾਂ ਨਹੀਂ ਹੈ। ਗੰਦਗੀ ਲਈ ਕੋਈ ਥਾਂ ਨਹੀਂ। ਬਸੰਤ ਚਮਕਦੀ ਧੁੱਪ ਦਾ ਮੌਸਮ ਹੈ। ਇਹ ਰੌਸ਼ਨ ਰੰਗਾਂ ਦੀ ਰੁੱਤ ਹੈ, ਪਿਆਰ ਦੇ ਮਿੱਠੇ ਗੀਤਾਂ ਦੀ ਰੁੱਤ ਹੈ। ਇੱਥੇ ਦੁੱਖ ਜਾਂ ਨਿਰਾਸ਼ਾ ਦਾ ਕੋਈ ਨਿਸ਼ਾਨ ਨਹੀਂ ਹੈ। ਜੇਕਰ ਹਾਂ, ਤਾਂ ਕੋਈ ਹੱਲ ਹੈ। ਕੀ ਅਸੀਂ ਬਸੰਤ ਦੇ ਸੁਆਗਤ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ ਜਾਂ ਸਾਡੇ ਮਨ ਅਜੇ ਵੀ ਫਜ਼ੂਲ ਗੱਲਾਂ ਨਾਲ ਭਰੇ ਹੋਏ ਹਨ। ਕਾਨੂੰਨ ਦੁਆਰਾਜੇਕਰ ਦੇਖਿਆ ਜਾਵੇ ਤਾਂ ਅਜਿਹਾ ਹੋਇਆ ਹੈ ਕਿ ਅਸੀਂ ਬਸੰਤ ਦੀ ਅਸਲ ਖੁਸ਼ੀ ਚਾਹੁੰਦੇ ਹਾਂ, ਪਰ ਬਸੰਤ ਵਰਗੀ ਸਤਰੰਗੀ ਖੁਸ਼ੀ ਨੂੰ ਨਕਲੀ ਚੀਜ਼ਾਂ ਵਿੱਚ ਲੱਭਣ ਲੱਗ ਪਏ ਹਾਂ। ਆਨੰਦ ਨੂੰ ਖਰੀਦ ਕੇ ਘਰ ਲਿਆਉਣਾ ਚਾਹੁੰਦੇ ਹਾਂ। ਰੌਲੇ-ਰੱਪੇ ਵਿੱਚ ਬਸੰਤ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਾਂ। ਪਰ ਸੱਚ ਤਾਂ ਇਹ ਹੈ ਕਿ ਬਸੰਤ ਬੇਅੰਤ ਸ਼ਾਂਤੀ ਅਤੇ ਚੁੱਪ ਦਾ ਧਾਰਨੀ ਹੈ। ਕਿਸ ਨੇ ਕਦੇ ਉਸ ਨੂੰ ਹੰਗਾਮੇ ਵਿੱਚ ਪਾਇਆ ਹੈ? ਉਸ ਦੇ ਪੈਰ ਉਭਰਦੀਆਂ ਕਲੀਆਂ ਵਾਂਗ ਨਰਮ ਹਨ, ਕ੍ਰਿਸ਼ਨ ਦੀ ਬੰਸਰੀ ਵਾਂਗ ਮਿੱਠੇ ਹਨ। ਇਸ ਨੂੰ ਮਹਿਸੂਸ ਕਰਨ ਲਈ ਮਨ ਨੂੰ ਸ਼ਾਂਤ ਕਰਨਾ ਪੈਂਦਾ ਹੈ। ਜੇ ਸਾਡੇ ਵਿੱਚ ਕੁਝ ਨਵਾਂ ਨਹੀਂ ਹੈ ਤਾਂ ਅਸੀਂ ਬਸੰਤ ਦੀ ਨਵੀਨਤਾ ਨੂੰ ਕਿਵੇਂ ਮਨਾ ਸਕਦੇ ਹਾਂ? ਕੋਈ ਬਦਲਾ ਨਹੀਂਅਤੇ ਨਹੀਂ ਆਇਆ ਕੋਈ ਰਚਨਾ ਨਹੀਂ ਹੋਣੀ ਚਾਹੀਦੀ। ਜਦੋਂ ਤੱਕ ਅਸੀਂ ਵਿਚਾਰਾਂ ਵਿੱਚ ਲਪੇਟੀ ਹੋਈ ਪੁਰਾਤਨ ਗੰਦਗੀ ਨੂੰ ਸਾਫ਼ ਨਹੀਂ ਕਰਦੇ ਅਤੇ ਇਸ ਨੂੰ ਚਮਕਦਾਰ ਨਹੀਂ ਬਣਾਉਂਦੇ, ਅਸੀਂ ਬਸੰਤ ਦੀ ਭਾਵਨਾ ਨੂੰ ਕਿਵੇਂ ਮਹਿਸੂਸ ਕਰ ਸਕਾਂਗੇ? ਓਸ਼ੋ ਨੇ ਕਿਹਾ ਹੈ - 'ਰੱਬ ਸਾਡੀ ਖੁਸ਼ੀ ਵਿੱਚ ਹੈ। ਜਸ਼ਨ ਵਿੱਚ ਹੈ। ਉਹ ਉਤਸ਼ਾਹ ਵਿੱਚ ਹੈ। ਜੂਸ ਵਿੱਚ ਹੈ। ਇਹ ਤੁਕ ਵਿੱਚ ਹੈ। ਸੰਗੀਤ ਵਿੱਚ ਹੈ। ਇਸ ਨੂੰ ਗਮ ਵਿਚ, ਹੰਝੂਆਂ ਵਿਚ ਲੱਭਣ ਦੀ ਕੋਸ਼ਿਸ਼ ਨਾ ਕਰੋ।' ਇਸ ਕਥਨ ਦਾ ਸਮਾਨਾਰਥੀ ਇਹ ਹੈ ਕਿ ਜੇ ਰੱਬ ਨੂੰ ਚਾਹੀਏ ਤਾਂ ਜੀਵਨ ਨੂੰ ਬਹਾਰ ਬਣਾ। ਆਪਣੇ ਦੁੱਖ ਦੇ ਕਾਰਨਾਂ ਨੂੰ ਦੂਰ ਕਰ। ਆਪਣੀ ਜ਼ਿੰਦਗੀ ਦੇ ਹਰ ਪਲ, ਹਰ ਪਰਤ ਨੂੰ ਬਸੰਤ ਦੇ ਪੀਲੇ ਰੰਗ ਨਾਲ ਰੰਗੋ। ਬਸੰਤ ਦੀ ਹਵਾ ਦੇ ਪਹਿਲੇ ਝੱਖੜ ਵਾਂਗ ਮੁਸਕਰਾਉਪਲਾਸ਼ ਮੁਸਕਰਾਉਂਦਾ ਹੋਇਆ ਉੱਠਿਆ। ਬਸੰਤ ਵਿਚ ਮਹੂਆ ਦੀ ਮਹਿਕ ਆਉਂਦੀ ਹੈ। ਬਸੰਤ ਦੀ ਆਮਦ 'ਤੇ ਕੋਇਲ ਦੇ ਕੋਇਲ ਵਾਂਗ ਗਾਓ। ਬਸੰਤ ਰੁੱਤ ਦਾ ਆਨੰਦ ਲੈਣ ਲਈ ਹਜ਼ਾਰਾਂ ਬਹਾਨੇ ਲੈ ਕੇ ਆਉਂਦੀ ਹੈ। ਇਹ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਬਹਾਨੇ 'ਤੇ ਹੱਸਣ ਲਈ ਚੁਣਦੇ ਹਾਂ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਐਜੂਕੇਸ਼ਨਲ ਕਾਲਮਨਵੀਸ*
*ਮਲੋਟ, ਪੰਜਾਬ।*

## ਗੀਤ

ਲਿਖਿਆ ਆਪਣੀ ਕਿਸਮਤ ਦੇ ਵਿੱਚ,
ਸੱਜਣਾਂ ਵੇ ਕੈਸਾ ਰੋਣਾ ਏ।
ਮੈਂ ਕੋਸਦੀ ਕਦੇ ਕਦੇ ਹਾਂ, ਤੈਨੂੰ ਰਹਿੰਦੀ,
ਤੂੰ ਵੀ ਤਾਂ ਕੋਸਦਾ ਹੋਣਾ ਏ।
ਪਤਾ ਨਹੀਂ ਕਿਹੋ ਜਿਹਾ ਰਿਸ਼ਤਾ,
ਮਿਲ ਨਿਭਾਈ ਜਾਂਦੇ ਹਾਂ।
ਕਰਦੇ ਹਾਂ ਪਿਆਰ ਇੱਕ ਦੂਜੇ ਨੂੰ,
ਕਿਸ ਗੱਲੋਂ ਖ਼ਾਰ ਖਾਈ ਜਾਂਦੇ ਹਾਂ,
ਆਪਣਾ ਪਿਆਰ ਮਿਟਾਈ ਜਾਂਦੇ ਹਾਂ।

1. ਜਾਣਦਿਆਂ ਹੋਇਆਂ ਇੱਕ ਦੂਜੇ ਬਿਨ,
ਅਸੀਂ ਕਦੇ ਵੀ ਜੀ ਨਹੀਂ ਸਕਦੇ।
ਹੋ ਕੇ ਵੱਖੋ ਵੱਖਰੇ ਦੁੱਖ ਵਧਾਉਂਦੇ ਹਾਂ,
ਕੱਲਿਆਂ ਜ਼ਖ਼ਮ ਸੀ ਨਹੀਂ ਸਕਦੇ।
ਇਲਾਜ ਕਰਨ ਦੀ ਥਾਂ ਇੱਕ ਦੂਜੇ ਨੂੰ,
ਦਿਨੋਂ ਦਿਨ ਚੋਟਾਂ ਲਾਈ ਜਾਂਦੇ ਹਾਂ।
ਪਤਾ ਨਹੀਂ ਕਿਹੋ ਜਿਹਾ ਰਿਸ਼ਤਾ,
ਮਿਲ ਨਿਭਾਈ ਜਾਂਦੇ ਹਾਂ।

2. ਪਤਾ ਨਹੀਂ ਕਿਸ ਗੱਲ ਦਾ,
ਹੰਕਾਰ ਕਰਦੇ ਰਹਿੰਦੇ ਹਾਂ।
ਪਤਾ ਨਹੀਂ ਜ਼ਿੱਦ ਪੁਗਾਉਦਿਆਂ,
ਨਿੱਤ ਮਰਦੇ ਰਹਿੰਦੇ ਹਾਂ।
ਪਿਆਰ ਵਧਾਉਣ ਦੀ ਦਿਨੋਂ ਦਿਨ,
ਨਫ਼ਰਤ ਵਧਾਈ ਜਾਂਦੇ ਹਾਂ।
ਪਤਾ ਨਹੀਂ ਕਿਹੋ ਜਿਹਾ ਰਿਸ਼ਤਾ,
ਮਿਲ ਨਿਭਾਈ ਜਾਂਦੇ ਹਾਂ।

3. ਜਿਵੇਂ ਗਾਉਂਦੀ ਗੀਤ ਦੁੱਖਾਂ ਦੇ,
ਤੂੰ ਵੀ ਗਾਉਂਦਾ ਹੋਣਾ ਏ।
ਜਿਵੇਂ ਚਾਹੁੰਦੀ ਮੈਂ ਤੈਨੂੰ ਸੰਗਰੂਰਵੀ,
ਤੂੰ ਵੀ ਚਾਹੁੰਦਾ ਹੋਣਾ ਏ।
ਇੱਕ ਦੂਜੇ ਦੇ ਨੇੜੇ ਆਉਣ ਦੀ ਥਾਂ,
ਕਿਸ ਗੱਲੋਂ ਦੂਰ ਜਾਈ ਜਾਂਦੇ ਹਾਂ।
ਪਤਾ ਨਹੀਂ ਕਿਹੋ ਜਿਹਾ ਰਿਸ਼ਤਾ,
ਮਿਲ ਨਿਭਾਈ ਜਾਂਦੇ ਹਾਂ।

4. ਲਿਖਿਆ ਗੀਤ ਸੰਗਰੂਰਵੀ ਦਾ,
ਮੈਂ ਤੇਰੇ ਲਈ ਗਾਇਆ ਹੈ।
ਕਰ ਵਧੀਆ ਫਿਲਮਾਂਕਣ ਇਸਦਾ,
ਨੈੱਟ ਤੇ ਪਾਇਆ ਏ।
ਸੁਣ,ਸਮਝ ਮੇਰੇ ਜਜ਼ਬਾਤਾਂ ਨੂੰ,
ਹੁਣ ਜਲਦੀ ਆ।
ਇੱਕ ਦੂਜੇ ਨੂੰ ਕਰਕੇ ਮਾਫ਼,
ਲਈਏ ਗਿਲੇ ਸ਼ਿਕਵੇ ਮਿਟਾ।
ਲਈਏ ਜ਼ਿੰਦਗੀ ਸਵਰਗ ਬਣਾ।
ਤੂੰ ਸੁਣ ਗੀਤ ਮੁੜ ਆ, ਮੁੜ ਆ।

*-ਸਰਬਜੀਤ ਸੰਗਰੂਰਵੀ*
*9463162463*
*ਪੁਰਾਣੀ ਅਨਾਜ ਮੰਡੀ ਸੰਗਰੂਰ।*

# ਕਿਉਂ ਹੋ ਰਿਹੈ ਦੇਸ਼ ਬੇਗਾਨਾ ?



ਗੁਰਮੀਤ ਸਿੰਘ ਪਲਾਹੀ

ਭਾਰਤ ਦੇ ਵਿਦੇਸ਼ ਮੰਤਰੀ ਨੇ ਭਾਰਤੀ ਸੰਸਦ ਵਿੱਚ ਇੱਕ ਲਿਖਤੀ ਬਿਆਨ 'ਚ ਕਿਹਾ ਕਿ ਪਿਛਲੇ ਸਾਲ ਸਵਾ ਦੋ ਲੱਖ ਤੋਂ ਵੱਧ ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ ਅਤੇ ਭਾਰਤ ਤੋਂ ਬਾਹਰ ਵੱਖੋ-ਵੱਖਰੇ ਦੇਸ਼ਾਂ ਦੀ ਨਾਗਰਿਕਤਾ ਹਾਸਲ ਕੀਤੀ। ਇਹਨਾ ਲੋਕਾਂ ਨੇ ਕਾਰੋਬਾਰ ਜਾਂ ਨੌਕਰੀ ਲਈ ਭਾਰਤੀ ਨਾਗਰਿਕਤਾ ਛੱਡੀ।

ਸਾਡੇ ਦੇਸ਼ ਵਿੱਚ ਕਿਉਂਕਿ ਦੋਹਰੀ ਨਾਗਰਿਕਤਾ ਦੀ ਸਹੂਲਤ ਨਹੀਂ ਹੈ, ਇਸ ਲਈ ਜਿਹੜੇ ਲੋਕ ਦੂਜੇ ਦੇਸ਼ਾਂ 'ਚ ਵਸ ਜਾਂਦੇ ਹਨ, ਜਦੋਂ ਉਥੋਂ ਦੇ ਨਾਗਰਿਕ ਬਣ ਜਾਂਦੇ ਹਨ, ਉਹਨਾ ਦੀ ਭਾਰਤੀ ਨਾਗਰਿਕਤਾ ਖ਼ਤਮ ਹੋ ਜਾਂਦੀ ਹੈ। ਪਿਛਲੇ ਬਾਰਾਂ ਸਾਲਾਂ 'ਚ (2011 ਤੋਂ 2022 ਤੱਕ) ਸੋਲਾਂ ਲੱਖ ਤਰੇਹਟ ਹਜ਼ਾਰ ਚਾਰ ਸੌ ਚਾਲੀ ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡੀ ਹੈ।

ਸਾਡੇ ਦੇਸ਼ ਦੇ ਵੱਡੀ ਗਿਣਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ਾਂ ਨੂੰ ਚਾਲੇ ਪਾਉਂਦੇ ਹਨ। ਉਹਨਾ ਵਿਚੋਂ ਵਿਦੇਸ਼ਾਂ 'ਚ ਪੜ੍ਹਾਈ ਕਰਨ ਉਪਰੰਤ ਦੇਸ਼ ਵਾਪਿਸ ਆਉਣ ਵਾਲਿਆਂ ਦੀ ਗਿਣਤੀ ਬਹੁਤ ਹੀ ਘੱਟ ਹੁੰਦੀ ਹੈ। ਬਹੁਤੇ ਤਾਂ ਪੜ੍ਹਾਈ ਦੇ ਬਹਾਨੇ ਵਿਦੇਸ਼ ਵਿੱਚ ਹੀ ਟਿਕਦੇ ਹਨ। ਪਹਿਲਾਂ ਉਥੇ ਵਰਕ ਪਰਮਿੱਟ ਲੈਂਦੇ ਹਨ। ਫਿਰ ਪੀਆਰ(ਪੱਕੇ ਸ਼ਹਿਰੀ) ਨਾਗਰਿਕਤਾ ਹਾਸਲ ਕਰਨ ਦੀ ਦੌੜ 'ਚ ਲੱਗ ਜਾਂਦੇ ਹਨ। ਇਸ ਕੰਮ ਲਈ ਉਹ ਸਾਲਾਂ ਬੱਧੀ ਜੱਦੋ-ਜਹਿਦ ਕਰਦੇ ਹਨ। ਇਹੋ ਹਾਲ ਕਾਰੋਬਾਰ, ਖੇਤੀ ਆਦਿ 'ਚ ਲੱਗੇ ਲੋਕਾਂ ਦਾ ਹੈ, ਜੋ ਭਾਰਤ ਦੇਸ਼ ਦੀਆਂ ਕਾਰੋਬਾਰ, ਖੇਤੀ ਖੇਤਰ ਦੀਆਂ ਮਾੜੀਆਂ ਹਾਲਤਾਂ ਦੇ ਮੱਦੇ ਨਜ਼ਰ ਵਿਦੇਸ਼ ਜਾ ਵਸਦੇ ਹਨ ਅਤੇ ਉਥੋਂ ਦੀ ਨਾਗਰਿਕਤਾ ਹਾਸਲ ਕਰਦੇ ਹਨ।

ਪਰੰਤੂ ਅਸਲੀਅਤ ਇਹ ਹੈ ਕਿ ਦੂਜੇ ਦੇਸ਼ਾਂ ਦੀ ਨਾਗਰਿਕਤਾ ਲੈਣਾ ਸੌਖਾ ਨਹੀਂ ਹੈ। ਭਾਰਤ ਛੱਡਣ ਵਾਲਿਆਂ 'ਚ ਸਭ ਤੋਂ ਜ਼ਿਆਦਾ ਲੋਕਾਂ ਨੇ ਅਮਰੀਕਾ ਦੀ ਨਾਗਰਿਕਤਾ ਲਈ ਹੈ। ਉਥੋਂ ਦੀ ਨਾਗਰਿਕਤਾ ਲੈਣਾ ਔਖਾ ਹੈ ਫਿਰ ਵੀ ਲੱਖਾਂ ਭਾਰਤੀ ਉਥੋਂ ਦੀ ਨਾਗਰਿਕਤਾ ਲੈਣ ਲਈ ਜਦੋ-ਜਹਿਦ ਕਰ ਰਹੇ ਹਨ। ਇਸੇ ਜਦੋ-ਜਹਿਦ 'ਚ ਉਹ ਮਜ਼ਬੂਰੀ 'ਚ ਭਾਰਤੀ ਨਾਗਰਿਕ ਬਣੇ ਰਹਿੰਦੇ ਹਨ।

ਅਸਲ 'ਚ ਸਿੱਖਿਆ ਅਤੇ ਰੁਜ਼ਗਾਰ 'ਚ ਸੁਖਾਵੇਂ ਮੌਕੇ ਨਾ ਮਿਲਣ ਕਾਰਨ ਲੱਖਾਂ ਵਿਦਿਆਰਥੀ ਹਰ ਸਾਲ ਦੇਸ਼ ਛਡਣ ਲਈ ਮਜ਼ਬੂਰ ਹੁੰਦੇ ਹਨ। ਅੰਕੜੇ ਗਵਾਹ ਹਨ ਕਿ ਭਾਰਤੀ ਸੰਸਥਾਵਾਂ ਵਿਚੋਂ ਜਿੰਨੇ ਵਿਦਿਆਰਥੀ ਹਰ ਸਾਲ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਬਾਹਰ ਨਿਕਲਦੇ ਹਨ, ਉਹਨਾ ਵਿੱਚ ਮਸਾਂ ਇੱਕ ਤਿਹਾਈ ਲੋਕ ਹੀ ਸਨਮਾਨ-ਜਨਕ ਨੌਕਰੀ ਪ੍ਰਾਪਤ ਕਰਨ 'ਚ ਕਾਮਯਾਬ ਹੁੰਦੇ ਹਨ। ਇਸ ਗੱਲ ਦੀਆਂ ਵੱਡੀਆਂ ਉਦਾਹਰਨਾਂ ਹਨ ਕਿ ਐਮ.ਟੈਕ,ਬੀ.ਟੈਕ, ਵਕਾਲਤ, ਡਾਕਟਰੀ ਪਾਸ ਨੌਜਵਾਨ ਵਿਦੇਸ਼ੀ ਹੋਟਲਾਂ 'ਚ ਸਧਾਰਨ ਨੌਕਰੀਆਂ ਕਰਦੇ ਹਨ, ਹਾਲਤ ਤੋਂ ਮਜ਼ਬੂਰ ਟੈਕਸੀ, ਟਰੱਕ ਚਲਾਉਂਦੇ ਹਨ ਅਤੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਹਨ।

ਅਸਲ ਵਿੱਚ ਦੇਸ਼ ਭਾਰਤ ਵਿੱਚ ਕਾਰੋਬਾਰ ਦਾ ਸੁਰੱਖਿਅਤ ਵਾਤਾਵਰਨ ਨਹੀਂ। ਜ਼ਿਆਦਾ ਪੜ੍ਹੇ ਵਿਦਿਆਰਥੀਆਂ, ਇੱਥੋਂ ਤੱਕ ਕਿ ਡਾਕਟਰੀ, ਇੰਜੀਨੀਰਿੰਗ, ਸਾਇੰਸ 'ਚ ਵੱਡੀਆ ਡਿਗਰੀਆਂ ਵਾਲਿਆਂ ਲਈ ਸਨਮਾਨਜਨਕ ਨੌਕਰੀਆਂ ਨਹੀਂ ਹਨ।ਇਸ ਕਰਕੇ ਉਹ ਵਿਦੇਸ਼ਾਂ ਵੱਲ ਭੱਜਦੇ ਹਨ।ਇਹਨਾਂ ਸਾਰੀਆਂ ਸਥਿਤੀਆਂ ਨਾਲ ਦੇਸ਼ ਦੀ ਆਰਥਿਕਤਾ ਉੱਤੇ ਉਲਟ ਅਸਰ ਪੈਂਦਾ ਹੈ। ਜਦੋਂ ਕਾਰੋਬਾਰੀ ਦੇਸ਼ ਛੱਡਦੇ ਹਨ। ਉਹ ਆਪਣਾ ਸਰਮ-ਾਇਆ ਵਿਦੇਸ਼ਾਂ 'ਚ ਲੈ ਜਾਂਦੇ ਹਨ। ਜਦੋਂ ਵਿਦਿਆਰਥੀ ਪੜ੍ਹਨ ਲਈ ਜਾਂਦੇ ਹਨ, ਉਹ ਲੱਖਾਂ ਦੀ ਫੀਸ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਤਾਰਦੇ ਹਨ। ਇਕੱਲੇ ਪੰਜਾਬ ਵਿੱਚੋਂ ਪਿਛਲੇ ਸਾਲ ਡੇਢ ਲੱਖ ਵਿਦਿਆਰਥੀ ਕੈਨੇਡਾ 'ਚ ਪੜ੍ਹਾਈ ਕਰਨ ਗਏ। ਔਸਤਨ 16 ਤੋ 20 ਲੱਖ ਪ੍ਰਤੀ ਵਿਦਿਆਰਥੀ ਨੇ ਫੀਸਾਂ ਭਰੀਆਂ। ਇਹਨਾ ਦਾ ਅਸਰ ਸਿਰਫ਼ ਪੰਜਾਬ ਦੀ ਆਰਥਿਕਤਾ ਉੱਤੇ ਹੀ ਨਹੀਂ ਸਗੋਂ ਪੰਜਾਬ 'ਚ ਖੁੱਲ੍ਹੇ ਇੰਜੀਨੀਰਿੰਗ ਟੈਕਨੋਲੋਜੀ, ਆਰਟਸ ਕਾਲਜਾਂ ਉੱਤੇ ਵੀ ਪਿਆ, ਜਿੱਥੇ ਵਿਦਿਆਰਥੀਆਂ ਦੀ ਗਿਣਤੀ ਘਟੀ ਅਤੇ ਕਈ ਕਾਲਜ, ਤਕਨੀਕੀ ਅਦਾਰੇ ਤਾਂ ਬੰਦ ਹੋਣ ਕਿਨਾਰੇ ਹੋ ਗਏ ਕਿਉਂਕਿ ਉਹਨਾ ਨੂੰ ਕਈ ਤਕਨੀਕੀ ਕੋਰਸ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰਨੇ ਪਏ।



ਬਿਨ੍ਹਾਂ ਸ਼ੱਕ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਦੇਸ਼ ਦੇ ਕਈ ਹਿੱਸਿਆਂ ਅਤੇ ਤਬਕਿਆਂ ਵਿੱਚ ਵਿਦੇਸ਼ ਜਾ ਕੇ ਵਸਣਾ ਮਾਣ ਦੀ ਗੱਲ ਸਮਝੀ ਜਾਂਦੀ ਹੈ। ਇਹ ਵੀ ਠੀਕ ਹੈ ਕਿ ਲੱਖਾਂ ਲੋਕ ਜੋ ਵਿਦੇਸ਼ ਜਾ ਕੇ ਖ਼ਾਸ ਕਰਕੇ ਅਰਬ ਦੇਸ਼ਾਂ 'ਚ ਨੌਕਰੀ ਕਰਦੇ ਹਨ ਅਤੇ ਵੱਡੀ ਮਾਤਰਾ 'ਚ ਵਿਦੇਸ਼ੀ ਮੁਦਰਾ ਭਾਰਤ ਭੇਜਦੇ ਹਨ ਪਰ ਇਹ ਸਵਾਲ ਤਾਂ ਫਿਰ ਵੀ ਬਣਿਆ ਹੋਇਆ ਹੈ ਕਿ ਆਖ਼ਰ ਲੋਕਾਂ ਦੇ ਸਾਹਮਣੇ ਇਹ ਸਥਿਤੀ ਕਿਉਂ ਬਣੀ ਰਹਿੰਦੀ ਹੈ ਕਿ ਆਪਣੇ ਦੇਸ਼ ਦੀ ਨਾਗਰਿਕਤਾ ਛੱਡ ਕੇ ਪਰਾਈ ਜ਼ਮੀਨ ਉਤੇ ਵੱਸਣਾ ਜ਼ਿਆਦਾ ਸੁਰੱਖਿਅਤ ਹੈ।

ਪ੍ਰਵਾਸ ਨਵਾਂ ਵਰਤਾਰਾ ਨਹੀਂ ਹੈ। ਰੋਟੀ- ਰੋਜ਼ੀ ਲਈ ਦੂਨੀਆ ਦੇ ਇਕ ਖਿੱਤੇ ਤੋਂ ਦੂਜੇ ਖਿੱਤੇ 'ਚ ਲੋਕ ਜਾਂਦੇ ਹਨ, ਰੁਜ਼ਗਾਰ ਕਰਦੇ ਹਨ, ਉਥੇ ਹੀ ਵਸ ਜਾਂਦੇ ਹਨ, ਪਰਿਵਾਰ ਬਣਾ ਲੈਂਦੇ ਹਨ ਅਤੇ ਮੁੜ ਦੇਸ਼ ਪਰਤਦੇ ਵੀ ਨਹੀਂ। ਪਰ ਮਿੱਟੀ ਦਾ ਮੋਹ ਅਤੇ ਪ੍ਰਵਾਸ ਹੰਡਾਉਣ ਦੀ ਚੀਸ, ਉਹਨਾਂ ਦੇ ਮਨਾਂ 'ਚ ਦਰਦ ਬਣ ਜਾਂਦੀ ਹੈ।

"ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ" ਵਾਲੀ ਕਹਾਵਤ ਤਾਂ ਭਾਵੇਂ ਸੱਚੀ ਦਿਸਦੀ ਹੈ, ਪਰ ਭੁੱਖਾ ਢਿੱਡ ਭਰਨ ਅਤੇ ਅੱਜ ਦੇ ਯੁੱਗ 'ਚ ਰੁਜ਼ਗਾਰ ਦੇ ਨਵੇਂ ਮੌਕੇ ਅਤੇ ਸੌਖੀ ਜ਼ਿੰਦਗੀ ਦੀ ਭਾਲ 'ਚ ਪ੍ਰਵਾਸ ਦੇ ਰਸਤੇ ਪੈਣਾ ਆਮ ਵਰਤਾਰਾ ਹੋ ਗਿਆ ਹੈ, ਕਿਉਂਕਿ ਮਨੁੱਖੀ ਫਿਤਰਤ ਅੱਗੇ ਵਧਣਾ ਤੇ ਸੰਘਰਸ਼ ਕਰਨਾ ਹੈ। ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਸ਼ਬਦ, "ਜੇਕਰ ਤੁਸੀਂ ਉਡ ਨਹੀਂ ਸਕਦੇ, ਤਾਂ ਭੱਜੋ, ਜੇਕਰ ਭੱਜ ਨਹੀਂ ਸਕਦੇ ਤਾਂ ਚੱਲੋ, ਜੇਕਰ ਚੱਲ ਨਹੀਂ ਸਕਦੇ ਤਾਂ ਰਿੜੋ, ਤੁਸੀਂ ਜੋ ਵੀ ਕਰੋ ਤੁਹਾਨੂੰ ਅੱਗੇ ਵੱਧਦੇ ਰਹਿਣਾ ਹੈ"।

ਭਾਰਤ ਇੱਕ ਇਹੋ ਜਿਹਾ ਦੇਸ਼ ਹੈ, ਜਿਥੋਂ ਵੱਡੀ ਗਿਣਤੀ ਲੋਕ ਪ੍ਰਵਾਸ ਦੇ ਰਾਹ ਪਏ ਹਨ। ਆਪਣਾ ਦੇਸ਼ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ ਯੂਨਾਈਟਿਡ ਨੇਸ਼ਨਜ਼ ਅਨੁਸਾਰ 2020 ਦੇ ਇੱਕ ਸਰਵੇ ਅਨੁਸਾਰ 1 ਕਰੋੜ 80 ਲੱਖ ਹੈ। ਇਹ ਦੁਨੀਆਂ ਭਰ 'ਚ ਸਭ ਤੋਂ ਜ਼ਿਆਦਾ ਹੈ। ਇਹਨਾ ਵਿਚੋਂ ਯੂ.ਏ.ਈ. 'ਚ 35 ਲੱਖ, ਅਮਰੀਕਾ 'ਚ 27 ਲੱਖ, ਸਾਊਦੀ ਅਰਬ 'ਚ 25 ਲੱਖ ਅਤੇ ਹੋਰ ਦੇਸ਼ਾਂ ਅਸਟਰੇਲੀਆ, ਕੈਨੇਡਾ, ਯੂਕੇ, ਨਿਊਜ਼ੀਲੈਂਡ, ਕੁਵੈਤ ਆਦਿ ਦੇਸ਼ਾਂ 'ਚ ਹੈ। ਕਰੋਨਾ ਕਾਲ ਅਤੇ ਮੁੜ ਰੂਸ-ਯੂਕਰੇਨ ਯੁੱਧ ਤੋਂ ਪਹਿਲਾਂ 59 ਲੱਖ ਵਿਦਿਆਰਥੀ ਪੜ੍ਹਾਈ ਲਈ ਵੱਖੋ-ਵੱਖਰੇ ਦੇਸ਼ਾਂ 'ਚ ਵਿਦੇਸ਼ੀ ਯੂਨੀਵਰਸਿਟੀਆਂ 'ਚ ਦਾਖ਼ਲ ਹੋਏ। ਪਰ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਨਾਨ-ਰੈਜੀਡੈਂਟ ਇੰਡੀਅਨਜ਼ (ਐਨ.ਆਰ.ਆਈ.) ਅਤੇ ਉਵਰਸੀਜ਼ ਸਿਟੀਜਨਸ ਆਫ਼ ਇੰਡੀਆ, ਜਿਹੜੇ ਭਾਰਤ ਤੋਂ ਬਾਹਰ ਰਹਿੰਦੇ ਹਨ ਉਹਨਾ ਦੀ ਕੁਲ ਗਿਣਤੀ 3 ਕਰੋੜ 20 ਲੱਖ ਹੈ। ਇਹ ਭਾਰਤੀ, ਦੁਨੀਆ ਦੇ 131 ਮੁਲਕਾਂ ਵਿੱਚ ਰਹਿ ਰਹੇ ਹਨ ਅਤੇ ਹਰ ਸਾਲ 25 ਲੱਖ ਦੇਸ਼ ਤੋਂ ਦੂਜੇ ਮੁਲਕਾਂ ਨੂੰ ਜਾ ਰਹੇ ਹਨ।

ਕੀ ਭਾਰਤੀਆਂ ਵਲੋਂ ਦੇਸ਼ ਛੱਡਣ ਦਾ ਮੁਖ ਉਦੇਸ਼ ਸਿਰਫ਼ ਪੈਸੇ ਕਮਾਉਣਾ ਹੈ? ਜਾਂ ਇਸਦੇ ਕੋਈ ਹੋਰ ਕਾਰਨ ਵੀ ਹਨ। ਭਾਰਤ ਦੇ ਸਰਹੱਦੀ ਸੂਬੇ ਪੰਜਾਬ ਦੇ ਲੋਕਾਂ ਬਾਰੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਥੋਂ ਦੇ ਲੋਕ ਪੈਸਾ ਕਮਾਉਣ ਲਈ ਵਿਦੇਸ਼ ਗਏ ਅਤੇ ਉਹਨਾ ਲੋਕਾਂ ਦੀ ਕਮਾਈ ਦੀ ਚੱਕਾਚੌਂਧ ਤੋਂ ਹੋਰ ਪੰਜਾਬੀ ਪ੍ਰੇਰਿਤ ਹੋਏ ਤੇ ਕੈਨੇਡਾ, ਇੰਗਲੈਂਡ, ਅਮਰੀਕਾ ਮੁਲਕਾਂ 'ਚ ਵੱਡੀ ਗਿਣਤੀ 'ਚ ਹਰ ਹੀਲਾ ਵਸੀਲਾ ਕਰਕੇ ਪੁੱਜੇ। ਹੁਣ ਇਹ ਵਰਤਾਰਾ ਹੋਰ ਵੀ ਜ਼ਿਆਦਾ ਹੈ, ਜਦੋਂ ਵੱਡੀ ਗਿਣਤੀ 'ਚ ਵਿਦਿਆਰਥੀ ਵਿਦੇਸ਼ਾਂ 'ਚ ਦਾਖ਼ਲਾ ਲੈਕੇ ਪੁੱਜ ਰਹੇ ਹਨ। ਕੀ ਇਹ ਸਿਰਫ਼ ਚੰਗੇ ਭਵਿੱਖ ਲਈ ਹੈ?

ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ ਹਨ, ਲੋਕ ਆਰਥਿਕ ਪੱਖੋਂ ਥੁੜ ਰਹੇ ਹਨ। ਬੇਰੁਜ਼ਗਾਰੀ ਵਧੀ ਹੈ, ਨੌਕਰੀਆਂ ਨਹੀਂ ਹਨ। ਗੁੰਡਾ ਅਨਸਰ ਅਤੇ ਨਸ਼ਿਆਂ ਦਾ ਪ੍ਰਕੋਪ ਵਧਿਆ ਹੈ। ਲੋਕ ਉਪਰਾਮ ਹੋ ਰਹੇ ਹਨ। ਉਹਨਾ ਦਾ ਦਿਲ ਨਹੀਂ ਲੱਗ ਰਿਹਾ। ਮਾਪੇ ਆਪਣੇ ਬੱਚਿਆਂ ਦੀ ਭਵਿੱਖ ਪ੍ਰਤੀ ਚਿੰਤਤ ਹਨ ਅਤੇ ਮਜ਼ਬੂਰੀ ਵੱਸ ਬੱਚਿਆਂ ਨੂੰ ਔਝੜੇ ਰਾਹ ਤੋਰ ਰਹੇ ਹਨ। ਪੰਜਾਬ ਨੌਜਵਾਨਾ ਤੋਂ ਵਿਰਵਾ ਹੋ ਰਿਹਾ ਹੈ। ਪੰਜਾਬ ਬੁੱਢਾ ਹੋ ਰਿਹਾ ਹੈ।

ਸੈਕੂਲਰ ਭਾਰਤ 'ਚ ਵਧ ਰਹੀ ਬੇਰੁਜ਼ਗਾਰੀ ਭੁੱਖਮਰੀ, ਅਮੀਰ-ਗਰੀਬ ਦੇ ਪਾੜੇ, ਧੱਕਾ ਧੌਂਸ ਦੀ ਸਿਆਸਤ ਅਤੇ ਆਮ ਲੋਕਾਂ ਦੇ ਜੀਵਨ ਦੀ ਅਸੁਰੱਖਿਆ ਨੇ ਇਥੋਂ ਦੇ ਸ਼ਹਿਰੀਆਂ 'ਚ ਇੱਕ ਡਰ ਪੈਦਾ ਕੀਤਾ ਹੈ। ਇਹ ਡਰ ਸਿਰਫ਼ ਕਾਰੋਬਾਰੀਆਂ 'ਚ ਹੀ ਨਹੀਂ ਹੈ, ਜਿਹੜੇ ਕਾਰੋਬਾਰਾਂ ਸਮੇਤ ਦੁਨੀਆਂ 'ਚ ਕੋਈ ਸੁਰੱਖਿਅਤ ਕੋਨਾ ਲੱਭ ਰਹੇ ਹਨ, ਇਹ ਹੇਠਲੇ ਮੱਧ ਵਰਗ ਵਿੱਚ ਜ਼ਿਆਦਾ ਹੈ, ਜਿਹਨਾ ਨੂੰ ਆਪਣੇ ਭਵਿੱਖ 'ਚ ਬਿਹਤਰ ਜੀਵਨ ਦੀ ਵੱਧ ਤਮੰਨਾ ਹੁੰਦੀ ਹੈ। ਇਹ ਲੋਕ ਹਰ ਹੀਲਾ ਵਸੀਲਾ ਵਰਤਕੇ, ਆਪਣੀ ਜਮ੍ਹਾਂ ਪੂੰਜੀ, ਆਪਣੀ ਛੋਟੀ ਮੋਟੀ ਜਾਇਦਾਦ ਗਿਰਵੀ ਰੱਖਕੇ ਆਪਣੇ ਬੱਚਿਆਂ ਨੂੰ ਅਤੇ ਫਿਰ ਆਪ ਬਾਹਰ ਤੁਰ ਰਹੇ ਹਨ। ਮੁੱਖ ਤੌਰ ਤੇ ਪੰਜਾਬ ਦੀ ਨਪੀੜੀ ਜਾ ਰਹੀ ਛੋਟੀ ਕਿਸਾਨੀ ਆਰਥਿਕ ਤੰਗੀ ਕਾਰਨ ਵਧੇਰੇ ਕਰਕੇ ਇਸੇ ਰਾਹ ਪੈ ਰਹੀ ਹੈ।ਗੱਲ ਹਰਿਆਣਾ ਦੀ ਵੀ ਇਹੋ ਹੈ ਅਤੇ ਦੱਖਣੀ ਸੂਬਿਆਂ ਦੀ ਵੀ ਇਹੋ ਹੈ। ਦੇਸ਼ ਦੀ ਹਕੂਮਤ ਨੌਜਵਾਨਾ ਲਈ ਦੋ ਕਰੋੜ ਨੌਕਰੀਆਂ ਦਾ ਵਾਇਦਾ ਪਰੋਸਦੀ ਹੈ, ਪਰ ਪੱਲੇ ਕੁਝ ਨਹੀਂ ਪਾਉਂਦੀ। ਦੇਸ਼ ਦੀ ਹਕੂਮਤ "ਵਿਸ਼ਵ ਗੁਰੂ" ਦਾ ਨਾਹਰਾ ਦਿੰਦੀ ਹੈ, ਪਰ ਪੱਲੇ ਗਰੀਬਾਂ ਲਈ ਹੋਰ ਗਰੀਬੀ ਪਾਉਂਦੀ ਹੈ। ਹਿੰਦੂਤਵੀ ਅਜੰਡਾ ਅਤੇ ਸਿਰਫ ਵੋਟਾਂ ਦੀ ਨੀਤ ਅਤੇ ਨੀਤੀ ਚਮਕਾਉਂਦੀ ਹੈ।

ਫਿਰ ਲੋਕਾਂ ਲਈ ਇਹ ਦੇਸ਼ ਬੇਗਾਨਾ ਕਿਉਂ ਨਾ ਹੋਏਗਾ?

# ਸੈਰ-ਸਪਾਟੇ 'ਚ ਰੁਜ਼ਗਾਰ ਦੇ ਨਵੇਂ ਮੌਕੇ

-ਵਿਜੈ ਗਰਗ-

ਭਾਰਤ ਦੇ ਆਰਥਿਕ ਵਿਕਾਸ 'ਚ ਅਹਿਮ ਯੋਗਦਾਨ ਦੇਣ ਵਾਲੇ ਖੇਤਰਾਂ 'ਚੋਂ ਸੈਰ-ਸਪਾਟਾ ਮਹੱਤਵਪੂਰਨ ਹੈ। ਦੇਸ਼ 'ਚ ਮੌਜੂਦ ਸੈਰ-ਸਪਾਟਾ ਦੀਆਂ ਭਿੰਨਤਾਵਾਂ ਦੇ ਚੱਲਦਿਆਂ ਇਸ ਖੇਤਰ 'ਚ ਅਥਾਹ ਸੰਭਾਵਨਾਵਾਂ ਹਨ। ਇਸ 'ਚ ਨੌਕਰੀ ਤੋਂ ਲੈ ਕੇ ਸਵੈ-ਰੁਜ਼ਗਾਰ ਤਕ ਦੇ ਬਦਲਾਂ ਨਾਲ ਸਾਰਿਆਂ ਲਈ ਕੁਝ ਨਾ ਕੁਝ ਹੈ। ਕੋਵਿਡ-19 ਤੋਂ ਬਾਅਦ ਦੇਸ਼ ਦਾ ਸੈਰ-ਸਪਾਟਾ ਮੰਤਰਾਲਾ ਟੂਰਿਜ਼ਮ ਸੈਕਟਰ ਦੇ ਪੁਨਰ ਨਿਰਮਾਣ ਲਈ ਜ਼ਿੰਮੇਵਾਰੀ ਨਾਲ ਭੂਮਿਕਾ ਨਿਭਾ ਰਿਹਾ ਹੈ, ਤਾਂ ਜੋ ਇਸ ਨੂੰ ਆਕਰਸ਼ਕ ਤੇ ਟਿਕਾਊ ਬਣਾਇਆ ਜਾ ਸਕੇ।

ਤੁਹਾਡੇ ਲਈ ਹੈ ਇਹ ਖੇਤਰ

ਕੀ ਤੁਸੀਂ ਪਰਿਵਾਰ ਤੇ ਦੋਸਤਾਂ ਨਾਲ ਟੂਰ 'ਤੇ ਜਾਣਾ ਪਸੰਦ ਕਰਦੇ ਹੋ। ਕੀ ਤੁਸੀਂ ਘੁੰਮਣ ਵਾਲੀਆਂ ਨਵੀਆਂ ਥਾਵਾਂ ਬਾਰੇ ਰਿਸਰਚ ਕਰਨਾ ਪਸੰਦ ਕਰਦੇ ਹੋ? ਜੇ ਹਾਂ ਤਾਂ ਟੂਰਿਜ਼ਮ ਸੈਕਟਰ ਤੁਹਾਡੇ ਲਈ ਬਿਹਤਰੀਨ ਕਾਰਜ ਖੇਤਰ ਬਣ ਸਕਦਾ ਹੈ। ਅੱਜ ਟ੍ਰੈਵਲ ਤੇ ਟੂਰਿਜ਼ਮ ਆਲਮੀ ਉਦਯੋਗ ਦਾ ਰੂਪ ਲੈ ਚੁੱਕਿਆ ਹੈ। ਹੁਣ ਵੱਡੇ ਪੱਧਰ 'ਤੇ ਲੋਕ ਟ੍ਰੈਵਲ ਮੈਨੇਜਮੈਂਟ ਕੰਪਨੀਆਂ ਤੇ ਟ੍ਰੈਵਲ ਏਜੰਟਾਂ ਜ਼ਰੀਏ ਆਪਣੇ ਟੂਰ ਦਾ ਪ੍ਰੋਗਰਾਮ ਬਣਾਉਂਦੇ ਹਨ। ਇਹ ਏਜੰਟ ਗਾਹਕਾਂ ਦੀ ਯਾਤਰਾ ਨੂੰ ਆਰਾਮਦਾਇਕ ਬਣਾਉਣ ਲਈ ਵਿਸ਼ੇਸ਼ ਪਲਾਨਿੰਗ ਕਰਦੇ ਹਨ। ਟ੍ਰੈਵਲ ਏਜੰਟ ਜਾਂ ਟੂਰ ਪਲਾਨਰ ਗਾਹਕਾਂ ਨੂੰ ਬਜਟ ਦੇ ਆਧਰ 'ਤੇ ਰਹਿਣ ਤੇ ਘੁੰਮਣ ਦੀਆਂ ਥਾਵਾਂ ਬਾਰੇ ਦੱਸਦੇ ਹਨ। ਜੇ ਤੁਹਾਨੂੰ ਵੀ ਟੂਰ ਪਲਾਨ ਬਣਾਉਣਾ ਪਸੰਦ ਹੈ ਤਾਂ ਤੁਸੀਂ ਇਸ ਨੂੰ ਕਰੀਅਰ ਦਾ ਰੂਪ ਦੇ ਸਕਦੇ ਹੋ। ਇਸ ਖੇਤਰ 'ਚ ਤੁਹਾਨੂੰ ਯਾਤਰਾ ਕਰਨ ਤੇ ਨਵੀਂਆਂ ਥਾਵਾਂ ਬਾਰੇ ਉਤਸ਼ਾਹਿਤ ਕਰਨ ਦਾ ਵੀ ਮੌਕਾ ਮਿਲੇਗਾ।

ਸੈਰ-ਸਪਾਟਾ ਖੇਤਰ ਦੇ ਪ੍ਰਸਿੱਧ ਕਰੀਅਰ

ਸੈਰ-ਸਪਾਟਾ ਉਦਯੋਗ ਇਕ ਵਿਆ-ਪਕ ਕਾਰਜ ਖੇਤਰ ਹੈ, ਜਿਸ 'ਚ ਤੁਸੀਂ ਯੋਗਤਾ ਅਨੁਸਾਰ ਨੌਕਰੀ ਸ਼ੁਰੂ ਕਰ ਸਕਦੇ ਹੋ। ਤੁਸੀਂ ਚਾਹੋ ਤਾਂ ਸੁਤੰਤਰ ਰੂਪ 'ਚ ਆਪਣੀ ਟ੍ਰੈਵਲ ਏਜੰਸੀ, ਟ੍ਰੈਵਲ ਬਲੌਗ, ਯੂਟਿਊਬ ਚੈਨਲ ਸ਼ੁਰੂ ਕਰ ਸਕਦੇ ਹੋ। ਤੁਹਾਡੇ ਕੋਲ ਘਰ 'ਚ ਰਹਿਣ ਦੀ ਵਿਵਸਥਾ ਜਾਂ ਖ਼ੁਦ ਦਾ ਹੋਟਲ ਸ਼ੁਰੂ ਕਰ ਕੇ ਉਸ ਨੂੰ ਆਪਣੇ ਤਰੀਕੇ ਨਾਲ ਚਲਾਉਣ ਦਾ ਵੀ ਬਦਲ ਹੈ।



ਟੂਰਿਜ਼ਮ ਮੈਨੇਜਰ

ਕਈ ਤਰੀਕਿਆਂ ਨਾਲ ਸੈਲਾਨੀਆਂ ਦਾ ਮਾਰਗ ਦਰਸ਼ਨ ਤੇ ਸਹਾਇਤਾ ਕਰਨ ਦੇ ਨਾਲ-ਨਾਲ ਐਡਵਰਟਾਈਜ਼ਿੰਗ ਤਰੀਕੇ ਜ਼ਰੀਏ ਆਪਣੇ ਖੇਤਰ 'ਚ ਸੈਰ-ਸਪਾਟੇ ਨੂੰ ਵਧਾਉਣ ਜਿਹੇ ਕਈ ਕੰਮ ਟੂਰਿਜ਼ਮ ਮੈਨੇਜਰ ਕਰਦੇ ਹਨ। ਟੂਰ ਪੈਕੇਜ ਬਣਾਉਣ ਤੇ ਉਨ੍ਹਾਂ ਨੂੰ ਵੇਚਣ ਜਿਹੇ ਕੰਮ ਵੀ ਇਨ੍ਹਾਂ ਦੇ ਜ਼ਿੰਮੇ ਹੁੰਦੇ ਹਨ।

ਟ੍ਰੈਵਲ ਏਜੰਟ

ਯਾਤਰਾ ਦੀ ਯੋਜਨਾ ਬਣਾਉਣ 'ਚ ਗਾਹਕਾਂ ਦੀ ਮਦਦ ਕਰਨ ਦੇ ਨਾਲ ਹੀ ਉਨ੍ਹਾਂ ਦੇ ਟੂਰ ਨੂੰ ਮੈਨੇਜ ਕਰਨ ਜਾਂ ਉਨ੍ਹਾਂ ਦਾ ਆਯੋਜਨ ਕਰਨਾ ਜਿਹੇ ਕੰਮ ਟ੍ਰੈਵਲ ਏਜੰਟ ਕਰਦੇ ਹਨ। ਆਮ ਤੌਰ 'ਤੇ ਟ੍ਰੈਵਲ ਏਜੰਟ ਟੂਰ ਐਂਡ ਟ੍ਰੈਵਲ ਏਜੰਸੀਆਂ ਲਈ ਕੰਮ ਕਰਦੇ ਹਨ। ਉਹ ਇਹ ਸੁਨਿਸ਼ਚਿਤ ਕਰਦੇ ਹਨ ਕਿ ਸੈਲਾਨੀਆਂ ਦੀ ਯਾਤਰਾ ਦੌਰਾਨ ਸਾਰੀਆਂ ਸਹੂਲਤਾਂ ਮਿਲ ਸਕਣ।

ਟ੍ਰੈਵਲ ਬਲੌਗਰ

ਇਤਿਹਾਸਕ ਥਾਵਾਂ, ਸੈਰ-ਸਪਾਟੇ ਲਈ ਚਰਚਿਤ ਥਾਵਾਂ ਤੇ ਉਸ ਖੇਤਰ 'ਚ ਮੁਹੱਈਆ ਹੋਟਲ ਦੀ ਸਹੂਲਤ, ਸਥਾਨਕ ਖੇਤਰ ਦੇ ਸੱਭਿਆਚਾਰ ਤੇ ਖਾਣ-ਪੀਣ ਦੀ ਜਾਣਕਾਰੀ ਆਦਿ ਬਾਰੇ ਕਿਤਾਬ ਤੇ ਬਲੌਗ 'ਚ ਲਿਖਣ ਵਾਲੇ ਟ੍ਰੈਵਲ ਰਾਈਟਰ ਤੇ ਬਲੌਗਰ ਵਜੋਂ ਪ੍ਰਸਿੱਧੀ ਹਾਸਿਲ ਕਰ ਸਕਦੇ ਹੋ ਤੇ ਨਾਲ ਹੀ ਵਧੀਆ ਆਮਦਨ ਵੀ।

ਟੂਰ ਗਾਈਡ

ਸੈਰ-ਸਪਾਟਾ ਖੇਤਰ 'ਚ ਵਧੀਆ ਕਮਿਊਨੀਕੇਸ਼ਨ, ਇਕ ਤੋਂ ਜ਼ਿਆਦਾ ਭਾਸ਼ਾਵਾਂ ਦਾ ਗਿਆਨ ਤੇ ਸੈਰ-ਸਪਾਟਾ ਖੇਤਰ ਬਾਰੇ ਅਹਿਮ ਜਾਣਕਾਰੀਆਂ ਤੋਂ ਲੈ ਕੇ ਸਥਾਨਕ ਭਾਸ਼ਾ ਤੇ ਸੱਭਿਆਚਾਰ ਦੀ ਜਾਣਕਾਰੀ ਰੱਖਣ ਵਾਲਿਆਂ ਲਈ ਕੰਮ ਦੇ ਬਹੁਤ ਸਾਰੇ ਬਦਲ ਮੁਹੱਈਆ ਹਨ। ਟੂਰ ਗਾਈਡ ਯਾਤਰੀਆਂ ਨੂੰ ਘੁੰਮਣ ਵਾਲੀ ਸਥਾਨਕ ਥਾਂ ਦੇ ਮਹੱਤਵ ਬਾਰੇ ਦੱਸਣ ਤੇ ਗਾਈਡ ਕਰਨ ਦਾ ਕੰਮ ਕਰਦੇ ਹਨ।

ਨੌਕਰੀ ਦੇ ਮੌਕੇ

ਟੂਰਿਜ਼ਮ ਇੰਡਸਟਰੀ 'ਚ ਤੁਸੀਂ ਟ੍ਰੈਵਲ ਪਲਾਨਰ, ਟ੍ਰੈਵਲ ਐਡਮਨਿਸਟ੍ਰੇਸ਼ਨ, ਆਪਰੇਸ਼ਨ ਮੈਨੇਜਮੈਂਟ, ਟੂਰਿਜ਼ਮ ਆਫਿਸਰ, ਟ੍ਰੈਵਲ ਕੰਸਲਟੈਂਟ, ਟ੍ਰੈਵਲ ਸਪੈਸ਼ਲਿਸਟ, ਹੋਟਲ ਮੈਨੇਜਰ, ਕਰੂਜ਼ ਮੈਨੇਜਰ, ਅਡਵੈਂਚਰ ਟੂਰ ਗਾਈਡ ਆਦਿ ਵਜੋਂ ਵੀ ਕਰੀਅਰ ਬਣਾ ਸਕਦੇ ਹੋ। ਟ੍ਰੈਵਲ ਐਂਡ ਟੂਰਿਜ਼ਮ 'ਚ ਕੋਰਸ ਕਰਨ ਵਾਲਿਆਂ ਲਈ ਟ੍ਰੈਵਲ ਏਜੰਸੀ, ਹੋਟਲ ਇੰਡਸਟਰੀ, ਸਟੇਟ ਟੂਰਿਜ਼ਮ ਡਿਪਾਰਟਮੈਂਟ, ਕਰੂਜ਼ ਟੂਰਿਜ਼ਮ ਆਦਿ 'ਚ ਨੌਕਰੀ ਦੇ ਮੌਕੇ ਹਨ। ਇਸ ਤੋਂ ਇਲਾਵਾ ਇੰਡੀਆ ਟੂਰਿਜ਼ਮ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ, ਸੂਬਿਆਂ ਦੇ ਸਟੇਟ ਟੂਰਿਜ਼ਮ ਬੋਰਡ ਤੇ ਟੂਰਿਜ਼ਮ ਡਿਵੈਲਪਮੈਂਟ ਐਂਡ ਕਾਰਪੋਰੇਸ਼ਨ ਇੰਡੀਅਨ ਰੇਲਵੇ ਦੇ ਆਈਆਰਟੀਸੀ ਦੇ ਟੂਰਿਜ਼ਮ ਆਪਰੇਸ਼ਨ ਡਵੀਜ਼ਨ ਆਦਿ 'ਚ ਨੌਕਰੀ ਕਰ ਸਕਦੇ ਹੋ।

ਬਾਰ੍ਹਵੀਂ ਤੋਂ ਬਾਅਦ ਵਧੋ ਅੱਗੇ

ਕਿਸੇ ਵੀ ਵਿਸ਼ੇ 'ਚ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਤੁਸੀਂ ਬੀਏ ਇਨ ਟ੍ਰੈਵਲ ਐਂਡ ਟੂਰਿਜ਼ਮ ਮੈਨੇਜਮੈਂਟ, ਬੀਏ ਇਨ ਹੌਸਪੀਟੈਲਿਟੀ, ਟ੍ਰੈਵਲ ਐਂਡ ਟੂਰਿਜ਼ਮ ਮੈਨੇਜਮੈਂਟ, ਬੀਐੱਸਸੀ ਟ੍ਰੈਵਲ ਐਂਡ ਟੂਰਿਜ਼ਮ ਮੈਨੇਜਮੈਂਟ, ਬੀਐੱਸਸੀ ਇਨ ਹੌਸਪੀਟੈਲਿਟੀ ਐਂਡ ਟ੍ਰੈਵਲ ਮੈਨੇਜਮੈਂਟ, ਬੀਬੀਏ ਇਨ ਟ੍ਰੈਵਲ ਐਂਡ ਟੂਰਿਜ਼ਮ ਮੈਨੇਜਮੈਂਟ ਆਦਿ 'ਚੋਂ ਕਿਸੇ ਇਕ ਗ੍ਰੈਜੂਏਸ਼ਨ ਕੋਰਸ 'ਚ ਦਾਖ਼ਲਾ ਲੈ ਸਕਦੇ ਹੋ। ਇਸ ਤੋਂ ਇਲਾਵਾ ਤੁਹਾਡੇ ਕੋਲ ਟ੍ਰੈਵਲ ਐਂਡ ਟੂਰਿਜ਼ਮ 'ਚ ਐੱਮਬੀਏ ਕਰਨ ਦਾ ਵੀ ਬਦਲ ਹੈ। ਤੁਸੀਂ ਟ੍ਰੈਵਲ, ਟੂਰਿਜ਼ਮ ਐਂਡ ਹੌਸਪੀਟੈਲਿਟੀ ਮੈਨੇਜਮੈਂਟ 'ਚ ਪੀਜੀਡੀਐੱਮ ਕਰ ਸਕਦੇ ਹੋ।

# ਸਵੱਛਤਾ ਮੁਹਿੰਮ ਦੀ ਸਫਲਤਾ ਵਿੱਚ ਵੱਡੀ ਰੁਕਾਵਟ ਹੈ ਪਲਾਸਟਿਕ ਪ੍ਰਦੂਸ਼ਣ



-ਡਾ. ਸਤਿੰਦਰ ਸਿੰਘ-

ਪਲਾਸਟਿਕ ਪ੍ਰਦੂਸ਼ਣ ਨੂੰ ਖਤਮ ਕਰਨਾ ਸਮੇਂ ਦੀ ਵੱਡੀ ਜ਼ਰੂਰਤ

ਮਨੁੱਖ ਦੇ ਸੁਚੱਜਾ ਜੀਵਨ ਜੀਉਣ ਲਈ ਉਸ ਦਾ ਆਲਾ-ਦੁਆਲਾ ਸਵੱਛ ਹੋਣਾ ਬੇਹੱਦ ਜ਼ਰੂਰੀ ਹੈ । ਸਵੱਛਤਾ ਸਿਰਫ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਪੱਖ ਤੋਂ ਹੀ ਜਰੂਰੀ ਨਹੀਂ , ਬਲਕਿ ਵਿਅਕਤੀਗਤ ਅਤੇ ਸਮਾਜਿਕ ਜੀਵਨ ਲਈ ਵੀ ਮਹੱਤਵਪੂਰਣ ਹੈ। ਮਹਾਤਮਾ ਗਾਂਧੀ ਜੀ ਨੇ ਵੀ ਇਸ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਕਿਹਾ ਸੀ ਕਿ ਸਵੱਛਤਾ ਆਜ਼ਾਦੀ ਨਾਲੋਂ ਵੱਧ ਮਹੱਤਵਪੂਰਨ ਹੈ।ਸਵੱਛਤਾ ਹਵਾ ,ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਦੀ ਹੈ।

ਸਵੱਛਤਾ ਦੀ ਮਹੱਤਤਾ ਨੂੰ ਸਮਝਦੇ ਹੋਏ 15 ਅਗਸਤ 2014 ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਦੇਸ਼ ਨੂੰ ਸਾਫ ਸੁਥਰਾ ਅਤੇ ਸਵੱਛ ਬਣਾਉਣ ਲਈ ਸਵੱਛ ਭਾਰਤ ਮੁਹਿੰਮ ਦਾ ਐਲਾਣ ਕੀਤਾ । ਉਸ ਤੋਂ ਬਾਅਦ 02 ਅਕਤੂਬਰ 2014 ਨੂੰ ਮਹਾਤਮਾ ਗਾਂਧੀ ਜੀ ਦੀ 145ਵੀ ਜਯੰਤੀ ਮੌਕੇ ਜਿਸ ਵੱਡੇ ਪੱਧਰ ਤੇ ਸਵੱਛ ਭਾਰਤ ਮੁਹਿੰਮ ਦਾ ਆਗਾਜ਼ ਹੋਇਆ ਤਾਂ ਦੇਸ਼ ਦੀ ਸਫਾਈ ਪਸੰਦ ਕਰੋੜਾਂ ਲੋਕਾਂ ਦੇ ਮਨ ਵਿੱਚ ਆਸ ਦੀ ਕਿਰਨ ਜਾਗੀ ਸੀ, ਉਨ੍ਹਾਂ ਲੋਕਾਂ ਨੇ ਵੀ ਦੇਸ਼ ਦੇ ਪ੍ਰਧਾਨ ਮੰਤਰੀ ਦੀ ਤਰ੍ਹਾਂ ਸਵੱਛ ਭਾਰਤ ਦਾ ਸੁਪਨਾ ਲਿਆ ਸੀ। ਸਵੱਛ ਭਾਰਤ ਮੁਹਿੰਮ ਤਹਿਤ ਗਾਂਧੀ ਜੀ ਦੀ 150ਵੀ ਜਯੰਤੀ ਤੱਕ ਦੇਸ਼ ਨੂੰ ਸਵੱਛ ਕਰਨ ਦਾ ਟੀਚਾ ਸੀ। ਇਸ ਮੁਹਿੰਮ ਦੀ ਸਫਲਤਾ ਲਈ ਸਰਕਾਰੀ ਪੱਧਰ ਤੇ ਬਹੁਤ ਵੱਡੇ ਉਪਰਾਲੇ ਕੀਤੇ ਗਏ। ਜਾਗਰੂਕਤਾ ਮੁਹਿੰਮ ,ਸਫ਼ਾਈ ਮੁਹਿੰਮ, ਟਾਇਲਟ ਨਿਰਮਾਣ ਦਾ ਕੰਮ , ਸਕੂਲ ਸਵੱਛਤਾ ਮੁਹਿੰਮ ਅਤੇ ਸਵੱਛਤਾ ਮੁਕਾਬਲਿਆਂ ਰਾਹੀਂ ਲੋਕਾਂ ਨੂੰ ਸਵੱਛ ਭਾਰਤ ਮੁਹਿੰਮ ਨਾਲ ਜੋੜਨ ਦੇ ਯਤਨ ਕੀਤੇ ਗਏ। ਜਿਹਨਾ ਵਿੱਚੋਂ ਕੁਝ ਉਪਰਾਲਿਆਂ ਦੇ ਸਾਰਥਕ ਨਤੀਜੇ ਵੀ ਨਿਕਲ ਰਹੇ ਹਨ।

ਪ੍ਰੰਤੂ ਸਾਡੇ ਦੇਸ਼ ਦੇ ਹਰ ਸ਼ਹਿਰ ਦੀ ਸਵੱਛਤਾ ਅਤੇ ਵਾਤਾਵਰਣ ਦੀ ਅਸਲ ਸਥਿਤੀ ਕੀ ਹੈ, ਇਹ ਕਿਸੇ ਤੋਂ ਛੁਪੀ ਨਹੀਂ ਹੈ ।ਪਲਾਸਟਿਕ ਅਤੇ ਪਾਲੀਥੀਨ ਬੈਗ ਨੇ ਜਿਥੇ ਵਾਤਾਵਰਣ ਵਿੱਚ ਜ਼ਹਿਰ ਘੋਲ ਦਿੱਤਾ ਹੈ , ਉਥੇ ਸਵੱਛਤਾ ਮੁਹਿੰਮ ਦੀ ਸਫਲਤਾ ਵਿਚ ਵੱਡੀ ਰੁਕਾਵਟ ਬਣ ਗਿਆ ਹੈ।

ਪਲਾਸਟਿਕ ਦੀ ਖੋਜ ਦੀ ਗੱਲ ਤਾਂ ਭਾਵੇਂ 1862 ਈਸਵੀ ਤੋਂ ਹੀ ਸ਼ੁਰੂ ਹੋ ਗਈ ਸੀ। ਪ੍ਰੰਤੂ ਇਸ ਦਾ ਮੌਜੂਦਾ ਰੂਪ 1907 ਵਿਚ ਬੈਲਜੀਅਮ ਮੂਲ ਦੇ ਅਮਰੀਕੀ ਵਿਗਿਆਨੀ ਲਿਉ ਹੈਡ੍ਰਿਕ ਬੈਕਲੈਡ ਦੀ ਖੋਜ ਨਾਲ ਹੀ ਦੁਨੀਆਂ ਦੇ ਸਾਹਮਣੇ ਆਇਆ । ਉਸ ਨੇ 1912 ਵਿੱਚ ਜਦੋਂ ਇਸ ਦੀ ਘੋਸ਼ਣਾ ਕੀਤੀ ਤਾਂ ਇਸ ਨੂੰ ਮਨੁੱਖਤਾ ਦੀ ਸਹੂਲਤ ਵੱਲ ਵੱਡਾ ਕਦਮ ਅਤੇ ਵਿਗਿਆਨ ਦੀ ਅਦਭੁੱਤ ਖੋਜ ਦੱਸਿਆ ਸੀ। ਥੋੜੇ ਸਮੇਂ ਵਿੱਚ ਹੀ ਪਲਾ-ਸਟਿਕ ਪੂਰੇ ਵਿਸ਼ਵ ਵਿੱਚ ਮਨੁੱਖ ਦੇ ਜੀਵਨ ਦਾ ਅਟੁੱਟ ਅੰਗ ਬਣ ਗਿਆ। ਪਲਾਸਟਿਕ ਬੈਗ, ਪਲੇਟਾਂ, ਗਲਾਸ,ਚਮਚ, ਛੋਟੀਆਂ ਬੋਤਲਾਂ, ਪੈਕਿੰਗ ਲਈ ਵਰਤੋਂ ਵਿੱਚ ਆਉਣ ਵਾਲਾ ਪਲਾਸਟਿਕ ,ਖਿਡੌਣੇ , ਪਾਇਪਾਂ, ਫਰਨੀਚਰ ਅਤੇ ਬਰਤਨਾਂ ਆਦਿ ਦੇ ਰੂਪ ਵਿਚ ਪਲਾਸਟਿਕ ਹੀ ਪਲਾਸਟਿਕ ਸਾਡੇ ਬਜਾਰਾਂ ਅਤੇ ਘਰਾਂ ਵਿੱਚ ਦਾਖਲ ਹੋ ਗਿਆ ਹੈ। ਦੁਨੀਆਂ ਭਰ ਵਿੱਚ ਲੋਕ 01ਮਿੰਟ ਵਿੱਚ ਪਲਾਸਟਿਕ ਦੀਆਂ 10 ਲੱਖ ਬੋਤਲਾਂ ਖਰੀਦਦੇ ਹਨ । ਪਲਾਸਟਿਕ ਦੇ ਆਉਣ ਨਾਲ ਸਾਡਾ ਜੀਵਨ ਆਸਾਨ ਤਾਂ ਜ਼ਰੂਰ ਹੋਇਆ ਹੈ, ਪ੍ਰੰਤੂ ਇਸ ਦੇ ਭਿਅੰਕਰ ਨਤੀਜੇ ਹੁਣ ਸਾਡੇ ਸਾਹਮਣੇ ਆਉਣ ਲੱਗੇ ਹਨ।



ਸਾਡੇ ਦੇਸ਼ ਵਿੱਚ ਪੋਲੀਥੀਨ ਬੈਗ ਦਾ ਪ੍ਰਚਲਨ 1960 ਦੇ ਕਰੀਬ ਸ਼ੁਰੂ ਹੋਇਆ। ਇਸ ਉਪਰ ਬਹਿਸ ਤਾਂ ਉਸ ਸਮੇਂ ਹੀ ਸ਼ੁਰੂ ਹੋ ਗਈ ਸੀ। ਪ੍ਰੰਤੂ 1970 ਵਿੱਚ ਇਸ ਦੇ ਖਿਲਾਫ ਅਵਾਜ ਵੀ ਉੱਠਣ ਲੱਗੀ ਸੀ । ਪਲਾਸਟਿਕ ਸਿਹਤ ਅਤੇ ਵਾਤਾਵਰਨ ਦੋਹਾ ਲਈ ਹੀ ਨੁਕਸਾਨਦੇਹ ਹੈ। ਇਸ ਦਾ ਉਤਪਾਦਨ ਪੈਟਰੋਲੀਅਮ ਤੋਂ ਪ੍ਰਾਪਤ ਰਸਾਇਨਾ ਤੋਂ ਹੁੰਦਾ ਹੈ । ਪਲਾਸਟਿਕ ਨੂੰ ਰੀਸਾਈਕਲ ਕਰਨਾ ਬਹੁਤ ਵੱਡੀ ਸਮੱਸਿਆ ਹੈ । ਕੁਲ ਉਤਪਾਦਨ ਦਾ 91 ਪ੍ਰਤੀਸ਼ਤ ਪਲਾਸਟਿਕ ਰੀਸਾਇਕਲ ਨਹੀਂ ਕੀਤਾ ਜਾ ਸਕਦਾ। ਉੱਥੇ ਇਸ ਦੇ ਕਾਰਨ ਸ਼ਹਿਰ ਦੀਆਂ ਨਾਲੀਆਂ, ਨਦੀਆਂ ,ਨਹਿਰਾਂ, ਦਰਿਆਵਾਂ ਤੋਂ ਲੈ ਕੇ ਸਮੁੰਦਰ ਤੱਕ ਦੀ ਬਰਬਾਦੀ ਸਾਫ ਨਜ਼ਰ ਆ ਰਹੀ ਹੈ। ਸ਼ਹਿਰਾ ਵਿੱਚ ਪੋਲੀਥੀਨ ਬੈਗ ਕਾਰਨ ਸੀਵਰੇਜ ਜਾਮ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਜਾਂਦੀ ਹੈ।

ਪਲਾਸਟਿਕ ਦੇ ਲਿਫਾਫਿਆਂ ਵਿਚ ਪੈਕ ਹੁੰਦੇ ਖਾਣ ਵਾਲੇ ਪਦਾਰਥ ਅਤੇ ਹੋਰ ਕਾਰਨਾ ਕਰਕੇ ਪਲਾਸਟਿਕ ਦੇ ਕਣ ਮਨੁੱਖੀ ਸਰੀਰ ਦੇ ਅੰਦਰ ਜਾਣਾ , ਮਨੁੱਖੀ ਸਿਹਤ ਲਈ ਬੇਹੱਦ ਖਤਰਨਾਕ ਹੈ। ਉਥੇ ਇਸ ਦੇ ਕਾਰਨ ਪਸ਼ੂ ,ਪੰਛੀ ਅਤੇ ਜਲ ਜੀਵ ਬਿਮਾਰ ਹੋ ਕੇ ਦਮ ਤੋੜ ਰਹੇ ਹਨ। ਸਮੁੰਦਰੀ ਜਲ ਜੀਵਾਂ ਲਈ ਤਾਂ ਪਲਾਸਟਿਕ ਪਦਾਰਥ ਬਹੁਤ ਵੱਡਾ ਖਤਰਾ ਬਣ ਚੁੱਕੇ ਹਨ। ਮਿੱਟੀ ਦੀ ਉਪਜਾਊ ਸ਼ਕਤੀ ਵੀ ਪਲਾਸਟਿਕ ਦੇ ਕਾਰਨ ਘੱਟ ਰਹੀ ਹੈ।

ਅਸੀਂ ਇਸ ਦੇ ਭਿਅੰਕਰ ਨਤੀਜਿਆ ਤੋਂ ਜਾਣੂ ਜਰੂਰ ਹਾਂ, ਪ੍ਰੰਤੂ ਇਸ ਦੀ ਵਰਤੋਂ ਕਰਨਾ ਫਿਰ ਵੀ ਨਹੀਂ ਛੱਡ ਰਹੇ। ਸਰਕਾਰ ਦੇ ਯਤਨ ਅਤੇ ਪਾਬੰਦੀ ਲਗਾਉਣ ਦੇ ਬਾਵਜੂਦ ਵੀ ਇਸ ਦੀ ਵਰਤੋਂ ਸ਼ਰੇਆਮ ਹੋ ਰਹੀ ਹੈ।

ਜੇ ਅਸੀਂ ਇਸ ਦੀ ਵਰਤੋਂ ਬੰਦ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਇਸ ਦੀ ਵਰਤੋਂ ਦਾ ਤਰੀਕਾ ਤਾਂ ਜ਼ਰੂਰ ਸਿੱਖ ਲਈਏ। ਇਸ ਨੂੰ ਸਾੜਨ ਤੋਂ ਪੂਰੀ ਤਰਾਂ ਗੁਰੇਜ਼ ਕੀਤਾ ਜਾਵੇ। ਨਦੀਆਂ, ਨਾਲਿਆਂ, ਸੀਵਰੇਜ ਅਤੇ ਸਮੁੰਦਰ ਵਿਚ ਸੁੱਟਣ ਤੋਂ ਪੂਰੀ ਤਰ੍ਹਾਂ ਬਚਿਆ ਜਾਵੇ। ਗਿਫ਼ਟ ਪੈਕ ਤੇ ਪਲਾਸਟਿਕ ਦੀ ਹੁੰਦੀ ਬੇਲੋੜੀ ਵਰਤੋਂ ਤੇ ਖਰਚ ਨੂੰ ਬੰਦ ਕੀਤਾ ਜਾਵੇ। ਬਾਜ਼ਾਰ ਜਾਂਦੇ ਸਮੇਂ ਕੱਪੜੇ ਦਾ ਬੈਗ ਰੱਖਣ ਦੀ ਆਦਤ ਚੰਗੀ ਸੁਰੁਆਤ ਹੋ ਸਕਦੀ ਹੈ।

ਘਰ ਦਾ ਕੂੜਾ ਕਰਕਟ ਪਲਾਸਟਿਕ ਦੇ ਲਿਫਾਫੇ ਵਿਚ ਪਾ ਕੇ ਗਲੀ ਦੇ ਕੋਨੇ ਵਿਚ ਰੱਖਣ ਦੀ ਆਦਤ ਨੂੰ ਮਨੁੱਖਤਾ ਦੀ ਭਲਾਈ ਲਈ ਛੱਡਣਾ ਹੋਵੇਗਾ।

ਕੇਂਦਰੀ ਟਰਾਂਸਪੋਰਟ ਮੰਤਰੀ ਵੱਲੋਂ ਸੜਕ ਨਿਰਮਾਣ ਵਿੱਚ ਪਲਾਸਟਿਕ ਦੀ ਵਰਤੋ ਦੇ ਐਲਾਨ ਨੂੰ ਅਮਲੀ ਜਾਮਾ ਪਹਿਨਾ ਕੇ ਪਲਾਸਟਿਕ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ।

ਪਲਾਸਟਿਕ ਦੀਆਂ ਖਾਲੀ ਬੋਤਲਾਂ ਵਿੱਚ ਵਰਤੋਂ ਕੀਤੇ ਪੋਲੀਥੀਨ ਬੈਗ ਭਰਕੇ ਈਕੋ ਬਰਿਕਸ ਬਨਾਉਣ ਦਾ ਉਪਰਾਲਾ ਬੇਹੱਦ ਸ਼ਲਾਂਘਾਯੋਗ ਹੈ । ਮੈਂ ਨਿੱਜੀ ਤੌਰ ਤੇ ਵੀ ਇਸ ਨੂੰ ਸਫਲਤਾਪੂਰਵਕ ਕਰ ਚੁੱਕਿਆ ਹਾਂ । ਇਹਨਾਂ ਦੀ ਵਰਤੋਂ ਬਗੀਚੇ ਦੀ ਸੁੰ-ਦਰਤਾ, ਪਾਰਕ ਦੀ ਵਾੜ , ਸਜਾਵਟੀ ਸਾਮਾਨ ਅਤੇ ਫਰਨੀਚਰ ਬਨਾਉਣ ਲਈ ਬਹੁਤ ਹੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ।

ਸਵੱਛਤਾ ਮੁਹਿੰਮ ਨੂੰ ਸਫ਼ਲ ਬਣਾਉਣਾ ਹਰ ਨਾਗਰਿਕ ਦਾ ਮੁਢਲਾ ਫ਼ਰਜ਼ ਹੈ। ਆਉ ਸਵੱਛਤਾ ਨੂੰ ਸ਼ੌਕ ਬਨਾਉਣ ਦੀ ਪਹਿਲ ਕਰੀਏ ।

# --ਮਿੰਨੀ ਕਹਾਣੀ--

## -ਅਲਾਦੀਨ ਦਾ ਚਿਰਾਗ-

ਟੁੱਟਿਆ ਪੁਰਾਣਾ ਲੋਹਾ ,ਪਾਟੀਆਂ ਪੁਰਾਣੀਆਂ ਬੋਰੀਆਂ, ਬੂਟ ਚੱਪਲਾਂ ਵੇਚ ਲੈ, ਕਵਾੜ ਖ੍ਰੀਦਣ ਵਾਲੇ ਕਵਾੜੀਏ ਨੇ ਦੁਪਹਿਰ ਵੇਲੇ ਸਾਡੀ ਗਲੀ ਵਿੱਚ ਇਹ ਹੋਕਾਂ ਲਾਇਆ। ਸਾਡੀ ਗੁਆਂਢਣ ਬੰਤੇ ਦੇ ਘਰ ਵਾਲੀ ਪ੍ਰਤਾਪੀ ਨੇ ਅੰਦਰੋਂ ਆਵਾਜ਼ ਦਿੱਤੀ । "ਵੇ ਭਾਈ ਖੜੀ,

ਥੋੜਾ ਜੇਹਾ ਸਮਾਨ ਵੇਚਣਾ ,"

"ਲਿਆਓ ਭਾਈ" ਕਵਾੜੀਏ ਨੇ ਆਪਣਾ ਸਾਇਕਲ ਕੰਧ ਨਾਲ ਲਾਉਂਦੇ ਹੋਏ ਕਿਹਾ, ਤੇ ਆਪਣੀ ਖੁਰਜੀ ਵਿੱਚੋਂ ਤੱਕੜੀ ਵੱਟੇ ਕੱਢਣ ਲੱਗ ਪਿਆ। ਪ੍ਰਤਾਪੀ ਬੱਠਲ ਚ ਟੁੱਟੀਆਂ ਚੱਪਲਾਂ, ਜਗਾਲੀਆਂ

ਪੱਤੀਆਂ ਤੇ ਹੋਰ ਨਿਕਸੁਕ ਕੱਠਾ ਕਰਕੇ ਲ਼ੈ ਆਈ। "ਵੇ ਭਾਈ ਦੱਸ ਕੀ ਰੇਟ ਲਵੇਗਾ" ਪ੍ਰਤਾਪੀ ਨੇ ਬੱਠਲ ਭੋਂਇ ਤੇ ਰੱਖਦੀ ਹੋਈ ਨੇ ਕਿਹਾ। "ਰੇਟ ਨੂੰ ਕਿਹੜਾ ਮਾਈ ਤੂੰ ਟਰਾਲੀ ਦਾ ਡਾਲਾ ਵੇਚਣ ਲੱਗੀ ਆ" ਭਾਈ ਨੇ ਮੁਸਕਰਾ ਕੇ ਲੋਹਾ ਤੱਕੜੀ ਦੇ ਪਲੜੇ ਵਿੱਚ ਪਾਉਂਦੇ ਹੋਏ ਨੇ ਕਿਹਾ। "ਲ਼ੈ ਦੱਸ, ਜੈ ਖਣੇ ਦਿਆ ਲੋਹਾ ਤਾਂ ਲੋਹਾ ਈ ਐ" ਪ੍ਰਤਾਪੀ ਥੋੜਾ ਖਿਝ ਕੇ ਬੋਲੀ।

"ਲ਼ੈ ਮਾਈ ਲੋਹਾ ਤੇਰਾ ਦੱਸ ਰੁਪਏ ਦਾ ਹੋ ਗਿਆ, ਤੇ ਇੱਕ ਰੁਪਏ ਦੀਆਂ ਚੱਪਲਾਂ " "ਲਿਆ ਫੜਾ ਪੈਸੇ" ਪ੍ਰਤਾਪੀ ਨੇ ਪੈਸੇ ਫੜ ਭਾਈ ਤੋ ਗੀਝੇ ਵਿੱਚ ਪਾਉਣ ਲੱਗੀ ਨੇ

ਕਿਹਾ, "ਵੇ ਭਾਈ ਵੇਖਾਂ ਤੇਰੀ ਖੁਰਜੀ ਚੋ ਕੋਈ ਕੰਮ ਦੀ ਚੀਜ਼ ਈ ਮਿਲ ਜਾਵੇ", ਉਸ ਨੇ ਖੁਰਜੀ ਚ ਹੱਥ ਮਾਰਿਆ ਇੱਕ ਟੁੱਟਿਆ ਹੋਇਆ ਪੁਰ-ਾਣਾ ਦੀਵਾ ਨਿਕਲਿਆ , "ਲ਼ੈ ! ਵੇਖ ਵੇ ਭਾਈ, ਤੂੰ ਤਾਂ ਅਲਾਦੀਨ ਦਾ ਚਿਰਾਗ ਲਈ ਫਿਰਦਾ" ਕਵਾੜੀਏ ਨੇ ਹੱਸ ਦੇ ਹੋਏ ਕਿਹਾ। "ਮਾਈ ਜੇ ਅਲਾਦੀਨ ਦਾ ਚਿਰਾਗ, ਮੇਰੀ ਖੁਰਜੀ ਚ ਹੁੰਦਾ, ਤਾਂ ਤੇਰੀਆਂ ਟੁੱਟੀਆਂ ਚੱਪਲਾਂ ਨੀ ਸੀ ਖਰੀਦ ਦਾ, ਫੇਰ ਸਭ ਕੁੱਝ ਘਰੇ ਬੈਠੇ ਬਿਠਾਇਆ ਨੂੰ ਮਿਲ ਜਾਣਾ ਸੀ"।

ਇਹ ਗੱਲ ਕਹਿ ਕਵਾੜੀਆ ਸਾਇਕਲ ਲ਼ੈ ਕੇ ਅਗਲੀ ਗਲੀ ਵਿੱਚ ਵੜ ਗਿਆ ਤੇ ਹੋਕਾਂ ਦਿੰਦੇ ਦੀ ਅਵਾਜ਼ ਮੈਨੂੰ ਘਰੇ ਫਿਰਦੇ ਨੂੰ ਸੁਣ ਰਹੀ ਸੀ, ਤੇ ਮੈਂ ਸੋਚ ਰਿਹਾ ਸੀ, ਕਿ ਮਿਹਨਤੀ ਬੰਦਾ ਕਿਹੜਾ ਅਲਾਦੀਨ ਦੇ ਚਿਰਾਗ ਨਾਲੋਂ ਘੱਟ ਹੁੰਦਾ ਮਿਹਨਤ ਕਰੇ ਜੋ ਮਰਜ਼ੀ ਬਣਾ ਲਵੇ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417






# ਮੁੱਖ ਮੰਤਰੀ ਦਾ ਐਲਾਨ: ਧਰਤੀ ਹੇਠ ਪਾਣੀ ਜੀਰਣ ਲਈ ਤੇਲੰਗਾਨਾ ਮਾਡਲ ਨੂੰ ਪੰਜਾਬ ਵਿੱਚ ਲਾਗੂ ਕਰਨ ਦੀ ਸੰਭਾਵਨਾ ਤਲਾਸ਼ਾਂਗੇ ਦਾ ਕੀਤਾ ਐਲਾਨ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਡਿੱਗਣ ਤੋਂ ਰੋਕਣ ਲਈ ਵੱਡੀ ਪੁਲਾਂਘ ਪੁੱਟਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਸ ਕੀਮਤੀ ਕੁਦਰਤੀ ਸਰੋਤ ਦੀ ਸੰਭਾਲ ਅਤੇ ਸੂਬੇ ਵਿੱਚ ਧਰਤੀ ਹੇਠ ਪਾਣੀ ਜੀਰਣ ਦੀ ਰਫ਼ਤਾਰ ਤੇਜ਼ ਕਰਨ ਲਈ ਤੇਲੰਗਾਨਾ ਮਾਡਲ ਨੂੰ ਅਪਨਾਉਣ ਦੀ ਸੰਭਾਵਨਾ ਤਲਾਸ਼ਣ ਦਾ ਐਲਾਨ ਕੀਤਾ ਹੈ।



ਸਿੰਜਾਈ ਵਿਭਾਗ ਦੇ ਅਧਿਕਾਰੀਆਂ ਨਾਲ ਜਲ ਸੰਭਾਲ ਦੇ ਤੇਲੰਗਾਨਾ ਮਾਡਲ ਦਾ ਵਿਸ਼ਲੇਸ਼ਣ ਕਰਨ ਪੁੱਜੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਕ ਕ੍ਰਾਂਤੀਕਾਰੀ ਮਾਡਲ ਹੈ, ਜਿਸ ਦਾ ਮੰਤਵ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਪਰ ਚੁੱਕਣ ਲਈ ਪਾਣੀ ਨੂੰ ਜੀਰਣ ਦੀ ਰਫ਼ਤਾਰ ਤੇਜ਼ ਕਰਨਾ ਹੈ। ਉਨ੍ਹਾਂ ਕਿਹਾ ਕਿ ਤੇਲੰਗਾਨਾ ਸਰਕਾਰ ਨੇ ਸੂਬੇ ਭਰ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਪਿੰਡਾਂ ਵਿੱਚ ਛੋਟੇ-ਛੋਟੇ ਡੈਮ ਬਣਾਏ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸ ਦੇ ਨਤੀਜੇ ਵਜੋਂ ਪਿੰਡਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਦੋ ਮੀਟਰ ਤੱਕ ਉੱਪਰ ਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਹੇਠਲਾ ਪਾਣੀ ਬਚਾਉਣ ਲਈ ਇਸ ਮਾਡਲ ਨੂੰ ਪੰਜਾਬ ਵਿੱਚ ਲਾਗੂ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਮਾਡਲ ਦੇ ਵਿਸ਼ਲੇਸ਼ਣ ਦਾ ਸਾਡਾ ਇਕੋ-ਇਕ ਮਕਸਦ ਆਉਣ ਵਾਲੀਆਂ ਪੀੜ੍ਹੀਆਂ ਦੇ ਭਲੇ ਲਈ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣਾ ਹੈ। ਭਗਵੰਤ ਮਾਨ ਨੂੰ ਡੈਮਾਂ ਦੇ ਦੌਰੇ ਦੌਰਾਨ ਤੇਜ਼ੀ ਨਾਲ ਘਟ ਰਹੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੀਆਂ ਨਵੀਆਂ ਤਕਨੀਕਾਂ ਬਾਰੇ ਵੀ ਜਾਣੂੰ ਕਰਵਾਇਆ ਗਿਆ। ਉਨ੍ਹਾਂ ਪਾਣੀ ਬਚਾਉਣ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਵਧਾਉਣ ਦੇ ਇਸ ਨਵੇਂ ਅਤੇ ਨਿਵੇਕਲੇ ਢੰਗ ਦੀ ਸ਼ਲਾਘਾ ਕੀਤੀ।

ਮੁੱਖ ਮੰਤਰੀ ਨੇ ਦੱਸਿਆ ਕਿ ਤੇਲੰਗਾਨਾ ਨੇ ਇਸ ਬਹੁ-ਪੱਖੀ ਰਣਨੀਤੀ ਦੀ ਮਦਦ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕ ਕੇ ਆਪਣੀ ਸਮੁੱਚੀ ਸਿੰਜਾਈ ਪ੍ਰਣਾਲੀ ਦੀ ਕਾਇਆ-ਕਲਪ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਯਤਨਾਂ ਵਿੱਚ ਮਾਈਨਰ ਸਿੰਜਾਈ ਟੈਂਕਾਂ (ਐਮ.ਆਈ.ਟੀ.) ਦੀ ਬਹਾਲੀ, ਵੱਡੇ ਅਤੇ ਦਰਮਿਆਨੇ ਪ੍ਰਾਜੈਕਟਾਂ ਨੂੰ ਐਮ.ਆਈ. ਟੈਂਕਾਂ ਨਾਲ ਜੋੜਨਾ ਅਤੇ ਮਸਨੂਈ ਰੀਚਾਰਜ ਢਾਂਚੇ ਜਿਵੇਂ ਕਿ ਚੈੱਕ ਡੈਮ, ਪਰਕੋਲੇਸ਼ਨ ਟੈਂਕ, ਰੀਚਾਰਜ ਸ਼ਾਫਟ ਅਤੇ ਹੋਰ ਵਿਧੀਆਂ ਦਾ ਨਿਰਮਾਣ ਸ਼ਾਮਲ ਹੈ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਸਾਡੇ ਕਿਸਾਨਾਂ ਦੀ ਭਲਾਈ ਅਤੇ ਖ਼ੁਸ਼ਹਾਲੀ ਲਈ ਧਰਤੀ ਹੇਠਲੇ ਪਾਣੀ ਦੀ ਸੰਜਮ ਨਾਲ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਣਾਲੀ ਨੂੰ ਤੇਲੰਗਾਨਾ ਦੇ ਮਾਹਿਰਾਂ ਦੀ ਸਲਾਹ ਨਾਲ ਪੰਜਾਬ ਵਿੱਚ ਅਪਨਾਉਣ ਦੀ ਸੰਭਾਵਨਾ ਤਲਾਸ਼ੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੀ ਹੋ ਰਹੀ ਦੁਰਵਰਤੋਂ ਕਾਰਨ ਪੰਜਾਬ ਭਰ ਵਿੱਚ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ। ਉਨ੍ਹਾਂ ਅਫਸੋਸ ਜਤਾਇਆ ਕਿ ਸਾਡੇ 150 ਬਲਾਕਾਂ ਵਿੱਚੋਂ 78 ਫੀਸਦੀ ਤੋਂ ਵੱਧ ਜ਼ਮੀਨੀ ਪਾਣੀ ਦੇ ਹੇਠਾਂ ਜਾਣ ਕਾਰਨ 'ਡਾਰਕ ਜ਼ੋਨ' ਵਿੱਚ ਹਨ। ਭਗਵੰਤ ਮਾਨ ਨੇ ਉਮੀਦ ਪ੍ਰਗਟਾਈ ਕਿ ਇਸ ਕ੍ਰਾਂਤੀਕਾਰੀ ਵਿਧੀ ਨਾਲ ਪੰਜਾਬ ਜਲਦੀ ਹੀ ਆਪਣੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦੇ ਯੋਗ ਹੋ ਜਾਵੇਗਾ।

# ਸਾਬਕਾ ਅਕਾਲੀ ਵਿਧਾਇਕ ਬੋਨੀ ਅਜਨਾਲਾ ਅਤੇ ਮਨਮੋਹਨ ਸਿੰਘ ਨੇ ਫੜ੍ਹਿਆ ਭਾਜਪਾ ਦਾ ਪੱਲਾ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਅਕਾਲੀ ਦਲ ਦੇ ਦੋ ਸਾਬਕਾ ਵਿਧਾਇਕ ਅੱਜ ਨਵੀਂ ਦਿੱਲੀ ਵਿਚ ਭਾਜਪਾ ਵਿਚ ਸ਼ਾਮਿਲ ਹੋ ਗਏ। ਬਿਆਸ ਵਿਧਾਨਸਭਾ ਖੇਤਰ ਤੋਂ ਵਿਧਾਇਕ ਰਹੇ ਮਨਮੋਹਨ ਸਿੰਘ ਅਤੇ ਅਜਨਾਲਾ ਤੋਂ ਅਕਾਲੀ ਦਲ ਤੋਂ ਹੀ ਵਿਧਾਇਕ ਚੁਣੇ ਗਏ ਅਮਰਪਾਲ ਸਿੰਘ ਉਰਫ ਬੋਨੀ ਅਜਨਾਲਾ ਨੇ ਦਿੱਲੀ ਵਿਚ ਭਾਜਪਾ ਵਿਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਅਜਨਾਲਾ ਸਾਬਕਾ ਅਕਾਲੀ ਮੰਤਰੀ ਅਤੇ ਸਾਬਕਾ ਸਾਂਸਦ ਡਾ. ਰਤਨ ਸਿੰਘ ਅਜਨਾਲਾ ਦੇ ਬੇਟੇ ਹਨ। ਇਸ ਮੌਕੇ ਕੇਂਦਰੀ ਮੰਤਰੀ ਗਜਿੰਦਰ ਸ਼ੇਖਾਵਤ ਅਤੇ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੋਨਾਂ ਨੇਤਾਵਾਂ ਨੂੰ ਸਿਰੋਪਾ ਪੁਆਕੇ ਭਾਜਪਾ ਵਿਚ ਸ਼ਾਮਿਲ ਕੀਤਾ। ਇਸ ਮੌਕੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਅਤੇ ਸੂਬਾ ਉਪ-ਪ੍ਰਧਾਨ ਸੁਭਾਸ਼ ਸ਼ਰਮਾ ਵੀ ਮੌਜੂਦ ਸਨ।



# ਸੁਖਬੀਰ ਬਾਦਲ ਦੇ ਤਾਨਾਸ਼ਾਹ ਰਵੱਈਏ ਨੇ ਸ਼੍ਰੋਮਣੀ ਅਕਾਲੀ ਦਲ ਦਾ ਨੁਕਸਾਨ ਕੀਤਾ : ਪਰਮਜੀਤ ਕੌਰ ਗੁਲਸ਼ਨ

ਚੰਡੀਗੜ੍ਹ, 16 ਫ਼ਰਵਰੀ (ਪੋਸਟ ਬਿਊਰੋ): ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਖਰੀ ਰਾਇ ਰੱਖਣ ਵਾਲੇ ਕਿਸੇ ਵੀ ਲੀਡਰ ਨੂੰ ਬਰਦਾ-ਸ਼ਤ ਨਹੀਂ ਕਰਦੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਅਤੇ ਸਾਬਕਾ ਐੱਮ.ਪੀ ਬੀਬੀ ਪਰਮਜੀਤ ਕੌਰ ਗੁਲਸ਼ਨ ਨੇ ਇਕ ਪ੍ਰੈਸ ਬਿਆਨ ਰਾਹੀਂ ਕੀਤਾ।



ਉਨ੍ਹਾਂ ਕਿਹਾ ਕਿ ਜਦੋਂ ਵੀ ਸੁਖਬੀਰ ਸਿੰਘ ਬਾਦਲ ਤੋਂ ਆਪਣੀ ਵੱਖਰੀ ਰਾਏ ਕਿਸੇ ਵੀ ਲੀਡਰ ਨੇ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਕਿਸੇ ਨਾ ਕਿਸੇ ਸਾਜ਼ਿਸ਼ ਤਹਿਤ ਉਸ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਅਤੇ ਕਰਨੈਲ ਸਿੰਘ ਪੰਜੋਲੀ ਵੀ ਉਸੇ ਸਾਜਿਸ਼ ਦਾ ਹਿੱਸਾ ਬਣੇ ਹਨ। ਇਹਨਾਂ ਤੋ ਪਹਿਲਾ ਜਥੇਦਾਰ ਗੁਰਚਰਨ ਸਿੰਘ ਟੌਹੜਾ,ਬੀਬੀ ਜਗੀਰ ਕੌਰ, ਜਗਮੀਤ ਬਰਾੜ ਅਤੇ ਸੁਖਦੇਵ ਸਿੰਘ ਢੀਂਡਸਾ ਅਜਿਹੇ ਅਨੇਕਾਂ ਆਗੂ ਸ਼੍ਰੋਮਣੀ ਅਕਾਲੀ ਦਲ ਚੋਂ ਬਾਹਰ ਕੀਤੇ ਗਏ।

ਬੀਬੀ ਗੁਲਸ਼ਨ ਨੇ ਸੁਖਬੀਰ ਸਿੰਘ ਬਾਦਲ ਨੂੰ ਪੁੱਛਿਆ ਕਿ ਬਲਵਿੰਦਰ ਸਿੰਘ ਸੇਖੋਂ ਤੇ ਉਨ੍ਹਾਂ ਦੀ ਟੀਮ ਵੱਲੋਂ ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਸੰਬੰਧੀ ਗੰਭੀਰ ਦੋਸ਼ ਲਗਾਏ ਹਨ ਕੀ ਸੁਖਬੀਰ ਬਾਦਲ ਜਾਂ ਅਨੁਸਾਸਨੀ ਕਮੇਟੀ ਇਸ ਸਬੰਧੀ ਕੋਈ ਸਪੱਸ਼ਟੀਕਰਨ ਦੇਵੇਗੀ ? ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਜਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਇਸ ਦੋਸ਼ ਦਾ ਕੋਈ ਨੋਟਿਸ ਲੈਣਗੇ ?!

ਉਨ੍ਹਾਂ ਕਿਹਾ ਕਿ ਇੱਕ ਸਾਲ ਦਾ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਰਹੇ ਜਥੇਦਾਰ ਕਰਨੈਲ ਸਿੰਘ ਪੰਜੋਲੀ ਜਿਸ ਦਿਨ ਕੌਮੀ ਇਨਸਾਫ ਮੋਰਚੇ ਵਿੱਚ ਚੰਡੀਗੜ੍ਹ ਬੋਲ, ਕੀ ਉਸੇ ਦਿਨ ਹੀ ਉਹ ਭ੍ਰਿਸ਼ਟ ਹੋ ਗਏ? ਉਸ ਸਬੰਧੀ ਪਹਿਲਾਂ ਕੋਈ ਭ੍ਰਿਸ਼ਟਾਚਾਰ ਦੀ ਗੱਲ ਸਾਹਮਣੇ ਨਹੀਂ ਆਈ? ਅਸਲ ਵਿੱਚ ਗੱਲ ਇਹ ਹੈ ਕਿ ਜਦੋਂ ਵੀ ਕੋਈ ਲੀਡਰ ਸੁਖਬੀਰ ਸਿੰਘ ਬਾਦਲ ਦੀ ਕਾਰਗੁਜ਼ਾਰੀ ਤੇ ਉਂਗਲ ਚੁੱਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕੋਈ ਨਾ ਕੋਈ ਦੋਸ਼ ਲਾ ਕੇ ਬਾਹਰ ਧੱਕਿਆ ਜਾਂਦਾ ਹੈ ਤਾਂ ਕਿ ਬਾਦਲ ਪਰਿਵਾਰ ਦੀ ਕਾਰਗੁਜ਼ਾਰੀ ਤੇ ਕੋਈ ਵੀ ਉਂਗਲ ਚੁੱਕਣ ਦੀ ਕੋਸ਼ਿਸ਼ ਨਾ ਕਰ ਸਕੇ।

# ਮਨੀਸ਼ਾ ਗੁਲਾਟੀ ਨੇ ਦੁਬਾਰਾ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਦਾ ਅਹੁਦਾ ਸੰਭਾਲਿਆ

ਚੰਡੀਗੜ੍ਹ, 16 ਫ਼ਰਵਰੀ (ਪੋਸਟ ਬਿਊਰੋ): ਮਨੀਸ਼ਾ ਗੁਲਾਟੀ ਨੇ ਅੱਜ ਮੁੜ ਤੋਂ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਦਾ ਅਹੁਦਾ ਸੰਭਾਲ ਲਿਆ ਹੈ। ਜਿਕਰਯੋਗ ਹੈ ਕਿ ਬੀਤੇ ਦਿਨ ਮਨੀਸ਼ਾ ਗੁਲਾਟੀ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਵੱਡੀ ਰਾਹਤ ਮਿਲੀ ਸੀ । ਹਾਈਕੋਰਟ ਨੇ ਮੰਗਲਵਾਰ ਨੂੰ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਮਨੀਸ਼ਾ ਗੁਲਾਟੀ ਦੀ ਪਟੀਸ਼ਨ ‘ਤੇ ਜਵਾਬ ਦੇਣ ਦੇ ਹੁਕਮ ਦਿੱਤੇ ਸਨ । ਪੰਜਾਬ ਸਰਕਾਰ ਨੇ ਮਨੀਸ਼ਾ ਗੁਲਾਟੀ ਨੂੰ ਹਟਾਉਣ ਦਾ ਆਪਣਾ ਫ਼ੈਸਲਾ ਵਾਪਸ ਲੈ ਲਿਆ ਸੀ।



ਦੱਸ ਦੇਈਏ ਕਿ ਪੰਜਾਬ ਸਰਕਾਰ ਨੇ ਮਨੀਸ਼ਾ ਗੁਲਾਟੀ ਨੂੰ ਇਸ ਅਹੁਦੇ ਤੋਂ ਉਨ੍ਹਾਂ ਦੇ ਕਾਰਜਕਾਲ ਦੇ 6 ਮਹੀਨੇ ਪਹਿਲਾਂ ਹੀ ਹਟਾ ਦਿੱਤਾ ਸੀ ਤੇ ਮਨੀਸ਼ਾ ਗੁਲਾਟੀ ਨੇ ਪੰਜਾਬ ਸਰਕਾਰ ਦੇ ਫ਼ੈਸਲੇ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਸੀ।

# ਟਰਾਂਸਪੋਰਟ ਮੰਤਰੀ ਨੇ ਕਿਹਾ, ਆਰ.ਟੀ.ਏ. ਦਫ਼ਤਰਾਂ ਵਿੱਚ ਲੋਕਾਂ ਦੀ ਖੱਜਲ ਖੁਆਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ

ਚੰਡੀਗੜ੍ਹ, 16 ਫ਼ਰਵਰੀ (ਪੋਸਟ ਬਿਊਰੋ): ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕੁਝ ਆਰ.ਟੀ.ਏ. ਦਫ਼ਤਰਾਂ ਵਿੱਚ ਲੋਕਾਂ ਦੀ ਖੱਜਲ-ਖੁਆਰੀ ਦੀਆਂ ਸ਼ਿਕਾਇਤਾਂ ਦਾ ਗੰਭੀਰ ਨੋਟਿਸ ਲੈਂਦਿਆਂ ਅਜਿਹੇ ਮੁਲਾਜ਼ਮਾਂ ਨੂੰ ਬਾਜ਼ ਆਉਣ ਦੀ ਤਾਕੀਦ ਕੀਤੀ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਾਂ ਨੂੰ ਨਿਰਵਿਘਨ, ਖੱਜਲ-ਖੁਆਰੀ ਮੁਕਤ ਅਤੇ ਪਾਰਦਰਸ਼ੀ ਢੰਗ ਨਾਲ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਆਮ ਲੋਕਾਂ ਦੀ ਸਰਕਾਰ ਹੈ ਅਤੇ ਲੋਕਾਂ ਨੂੰ ਖੱਜਲ ਕਰਨ ਵਾਲੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।



ਕੈਬਨਿਟ ਮੰਤਰੀ ਨੇ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਵਿਕਾਸ ਗਰਗ ਨੂੰ ਨਿਰਦੇਸ਼ ਦਿੱਤੇ ਕਿ ਆਰ.ਟੀ.ਏ. ਦਫ਼ਤਰਾਂ ਵਿੱਚ ਕੰਮ ਕਰਵਾਉਣ ਆਉਂਦੇ ਲੋਕਾਂ ਦੀਆਂ ਸ਼ਿਕਾਇਤਾਂ 'ਤੇ ਤੁਰੰਤ ਗ਼ੌਰ ਕੀਤਾ ਜਾਵੇ ਅਤੇ ਗ਼ਲਤ ਪਾਏ ਗਏ ਮੁਲਾਜ਼ਮਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇ। ਇਸੇ ਤਰ੍ਹਾਂ ਲਾਲਜੀਤ ਸਿੰਘ ਭੁੱਲਰ ਨੇ ਸਟੇਟ ਟਰਾਂਸਪੋਰਟ ਕਮਿਸ਼ਨਰ ਸ੍ਰੀ ਮੌਨਿਸ਼ ਕੁਮਾਰ ਨੂੰ ਵੀ ਹਦਾਇਤ ਕੀਤੀ ਕਿ ਉਹ ਆਰ.ਟੀ.ਏ. ਦਫ਼ਤਰਾਂ ਦੀ ਨਿਰੰਤਰ ਅਚਨਚੇਤ ਚੈਕਿੰਗ ਯਕੀਨੀ ਬਣਾਉਣ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਉਨ੍ਹਾਂ ਨੂੰ ਕਈ ਆਰ.ਟੀ.ਏ. ਦਫ਼ਤਰਾਂ ਵਿੱਚ ਲੋਕਾਂ ਨੂੰ ਖੱਜਲ-ਖੁਆਰ ਕਰਨ ਦੀਆਂ ਖ਼ਬਰਾਂ ਮਿਲੀਆਂ ਹਨ। ਉਨ੍ਹਾਂ ਅਜਿਹੇ ਮੁਲਾਜ਼ਮਾਂ ਨੂੰ ਆਪਣੇ ਕੰਮ ਵਿੱਚ ਸੁਧਾਰ ਲਿਆਉਣ ਲਈ ਸਖ਼ਤ ਤਾੜਨਾ ਕੀਤੀ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਭੈਅ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣਾ ਮਾਨ ਸਰਕਾਰ ਦੀ ਮੁੱਖ ਤਰਜੀਹ ਹੈ।

# ਦਿਨ ਦਿਹਾੜੇ ਪੰਜਾਬ ਨੈਸ਼ਨਲ ਬੈਂਕ ਵਿਚੋਂ ਲੁਟੇਰਿਆਂ ਨੇ ਲੁੱਟੇ 22 ਲੱਖ

ਅੰਮ੍ਰਿਤਸਰ, 16 ਫ਼ਰਵਰੀ (ਪੋਸਟ ਬਿਊਰੋ): ਦਿਨ ਦਿਹਾੜੇ ਲੁਟੇਰਿਆਂ ਨੇ ਅੰਮ੍ਰਿਤਸਰ ਵਿੱਚ ਬੈਂਕ ਲੁੱਟ ਲਈ। ਅੰਮ੍ਰਿਤਸਰ ਵਿੱਚ ਪੰਜਾਬ ਨੈਸ਼ਨਲ ਬੈਂਕ ਦੇ ਅੰਦਰ ਲੁਟੇਰਿਆਂ ਨੇ ਲੁੱਟ ਦੀ ਵਾਰਦ-ਾਤ ਨੂੰ ਅੰਜਾਮ ਦਿੱਤਾ ਹੈ। ਚਿੱਟੇ ਰੰਗ ਦੀ ਐਕਟਿਵਾ ’ਤੇ ਆਏ ਲੁਟੇਰੇ ਕੁਝ ਹੀ ਮਿੰਟਾਂ ‘ਚ 22 ਲੱਖ ਰੁਪਏ ਲੁੱਟ ਕੇ ਫ਼ਰਾਰ ਹੋ ਗਏ। ਇਹ ਸਾਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ। ਪੁਲਿਸ ਨੇ ਸੀਸੀਟੀਵੀ ਕਬਜੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਿਸ ਐਕਟਿਵਾ ’ਤੇ ਲੁਟੇਰੇ ਪੁੱਜੇ ਸਨ, ਉਸ ਦਾ ਰੰਗ ਚਿੱਟਾ ਸੀ। ਇੰਨਾ ਹੀ ਨਹੀਂ ਐਕਟਿਵਾ ‘ਤੇ ਪਠਾਨਕੋਟ ਦੀ ਨੰਬਰ ਪਲੇਟ ਲੱਗੀ ਹੋਈ ਸੀ। ਡੀਸੀਪੀ ਇਨਵੈਸਟੀਗੇਸ਼ਨ ਮੁਖਵਿੰਦਰ ਸਿੰਘ ਨੇ ਦੱਸਿਆ ਕਿ ਐਕਟਿਵਾ ਅਤੇ ਲੁੱਟ ਦੀ ਵਾਰਦਾਤ ਸਬੰਧੀ ਪੂਰੇ ਜ਼ਿਲ੍ਹੇ ਅਤੇ ਸੂਬੇ ਦੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਜਲਦੀ ਹੀ ਲੁਟੇਰੇ ਫੜ੍ਹੇ ਜਾਣਗੇ।



ਘਟਨਾ ਅੰਮ੍ਰਿਤਸਰ ਦੇ ਰਾਣੀ ਕਾ ਬਾਗ ਸਥਿਤ ਪੰਜਾਬ ਨੈਸ਼ਨਲ ਬੈਂਕ ਦੀ ਹੈ। ਦੁਪਹਿਰ 12:09 ਵਜੇ ਦੋ ਲੁਟੇਰੇ ਐਕਟਿਵਾ ’ਤੇ ਬੈਂਕ ਦੇ ਬਾਹਰ ਪਹੁੰਚੇ। ਪੁਲਿਸ ਅਨੁਸ-ਾਰ ਬਾਹਰ ਇੱਕ ਲੁਟੇਰਾ ਖੜ੍ਹਾ ਸੀ। ਜਦੋਂ ਕਿ ਪੀਲੀ ਟੀ-ਸ਼ਰਟ ਅਤੇ ਟੋਪੀ ਪਹਿਨੇ ਇੱਕ ਨਕਾਬਪੋਸ਼ ਵਿਅਕਤੀ ਬੈਂਕ ਦੇ ਅੰਦਰ ਆਇਆ। ਉਸ ਦੇ ਹੱਥ ਵਿੱਚ ਪਿਸਤੌਲ ਸੀ। ਲੁਟੇਰੇ ਨੇ ਕੈਸ਼ੀਅਰ ਦੀ ਖਿੜਕੀ ਵਿੱਚੋਂ ਪਿਸਤੌਲ ਤਾਣ ਕੇ ਕੈਸ਼ੀਅਰ ਨੂੰ ਨਕਦੀ ਉਸ ਵਿੱਚ ਰੱਖਣ ਲਈ ਕਿਹਾ। ਕਰੀਬ 22 ਲੱਖ ਰੁਪਏ ਦੀ ਨਕਦੀ ਖਿੜਕੀ ‘ਤੇ ਰੱਖੀ ਹੋਈ ਸੀ। ਜਿਸ ਨੂੰ ਕੈਸ਼ੀਅਰ ਨੇ ਲਿਫਾਫੇ ਵਿੱਚ ਪਾ ਦਿੱਤਾ। ਲੁਟੇਰਾ ਲਿਫਾਫਾ ਲੈ ਕੇ ਬੈਂਕ ਤੋਂ ਬਾਹਰ ਚਲਾ ਗਿਆ। ਜਦੋਂ ਤੱਕ ਲੁਟੇਰਾ ਬੈਂਕ ਵਿੱਚ ਰਿਹਾ, ਉਹ ਪਿਸਤੌਲ ਹਵਾ ਵਿੱਚ ਲੋਕਾਂ ਵੱਲ ਮੋੜਦਾ ਰਿਹਾ। ਪੁਲਸ ਵਲੋਂ ਜਾਂਚ ਜਾਰੀ ਹੈ।

# ਅਸ਼ੀਰਵਾਦ ਸਕੀਮ ਤਹਿਤ ਰਹਿੰਦੇ 50189 ਲਾਭਪਾਤਰੀਆਂ ਲਈ 25596.39 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ ਜਲਦ : ਡਾ. ਬਲਜੀਤ ਕੌਰ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਮਾਰਚ 2022 ਤੋਂ ਜਨਵਰੀ 2023 ਤੱਕ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਕੁੱਲ 50189 ਲਾਭਪਾਤਰੀਆਂ ਲਈ 25596.39 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਲਦ ਹੀ ਜਾਰੀ ਕੀਤੀ ਜਾਵੇਗੀ। ਇਸ ਦਾ ਪ੍ਰਗਟਾਵਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਨੇ ਕੀਤਾ।

ਕੈਬਨਿਟ ਮੰਤਰੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਰਾਜ ਵਿੱਚ ਅਸ਼ੀਰਵਾਦ ਸਕੀਮ ਤਹਿਤ ਮਾਰਚ 2022 ਤੋਂ ਅਨੁਸੂਚਿਤ ਜਾਤੀਆਂ ਦੇ 21662 ਲਾਭਪਾਤਰੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜੋਰ ਵਰਗਾ ਦੇ 13385 ਲਾਭਪਾਤਰੀ, ਕੁੱਲ 35047 ਲਾਭਪਾਤਰੀਆਂ ਦੀਆਂ ਦਰਖਾਸਤਾਂ ਪੈਡਿੰਗ ਸਨ। ਜਿਨ੍ਹਾਂ ਦੀ ਕੁੱਲ 17849.37 ਲੱਖ ਰੁਪਏ ਦੇਣਦਾਰੀ ਬਣਦੀ ਸੀ। ਮੌਜੂਦਾ ਸਰਕਾਰ ਵੱਲੋ ਫਰਵਰੀ 2022 ਤੱਕ ਕੁੱਲ 35047 ਲਾਭਪਾਤਰੀਆਂ ਨੂੰ 17849.37 ਲੱਖ ਰੁਪਏ ਦਾ ਲਾਭ ਦੇ ਦਿਤਾ ਗਿਆ ਹੈ। ਮਾਰਚ 2022 ਤੋਂ ਜਨਵਰੀ 2023 ਤੱਕ ਅਨੁਸੂਚਿਤ ਜਾਤੀਆਂ ਦੇ 33983 ਲਾਭਪਾਤਰੀਆਂ ਲਈ 17331.33 ਲੱਖ ਰੁਪਏ ਅਤੇ ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ ਤੇ ਕਮਜੋਰ ਵਰਗ ਦੇ 16206 ਰਹਿੰਦੇ ਲਾਭਪਾਤਰੀਆਂ 8265.06 ਲੱਖ ਰੁਪਏ ਕੁੱਲ 50189 ਲਾਭਪਾਤਰੀਆਂ ਲਈ 25596.39 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਲਦ ਹੀ ਦਿੱਤੀ ਜਾ ਰਹੀ ਹੈ।

ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਸਬੰਧੀ ਲਾਭਪਾਤਰੀ ਘਰ ਬੈਠੇ ਹੀ ਵਿੱਤੀ ਲਾਭ ਪ੍ਰਾਪਤ ਕਰਨ ਲਈ ਆਨਲਾਈਨ ਅਪਲਾਈ ਕਰ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਸਬੰਧੀ ਪੋਰਟਲ ਦੀ 15 ਨਵੰਬਰ 2022 ਨੂੰ ਸ਼ੁਰੂਆਤ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਇਹ ਪੋਰਟਲ ਬਿਨਾਂ ਹਾਜ਼ਰ ਹੋਏ ਸੰਪਰਕ ਰਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਵੇਗਾ। ਆਸ਼ੀਰਵਾਦ ਸਕੀਮ ਸਬੰਧੀ ਪੋਰਟਲ ਸ਼ੁਰੂ ਹੋਣ ਨਾਲ ਸਿਸਟਮ ਵਿੱਚ ਪਾਰਦਰਸ਼ਤਾ ਅਤੇ ਤੇਜੀ ਨੂੰ ਯਕੀਨੀ ਬਣਾਇਆ ਜਾ ਸਕੇਗਾ। ਲਾਭਪਾਤਰੀਆਂ ਆਫਲਾਈਨ/ਆਨਲਾਈਨ ਦੋਨੋ ਢੰਗਾਂ ਨਾਲ 31 ਮਾਰਚ 2023 ਤੱਕ ਦਰਖਾਸਤਾਂ ਦੇ ਸਕਦੇ ਹਨ। ਆਨਲਾਇਨ ਦਰਖਾਸਤਾਂ ਪ੍ਰਾਪਤ ਕਰਨ ਦੀ ਮੁਕੰਮਲ ਪ੍ਰਕਿਰਿਆ ਅਪ੍ਰੈਲ 2023 ਤੋਂ ਸ਼ੁਰੂ ਕੀਤੀ ਜਾਵੇਗੀ।


# ਅਥਲੀਟ ਅਕਾਸ਼ਦੀਪ ਸਿੰਘ ਨੇ ਪੈਰਿਸ ਓਲੰਪਿਕ ਖੇਡਾਂ 2024 ਲਈ ਕੀਤਾ ਕੁਆਲੀਫਾਈ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਬਰਨਾਲਾ ਜ਼ਿਲੇ ਦੇ ਪਿੰਡ ਕਾਹਨੇਕੇ ਦੇ ਅਥਲੀਟ ਅਕਾਸ਼ਦੀਪ ਸਿੰਘ ਨੇ 20 ਕਿਲੋਮੀਟਰ ਪੈਦਲ ਤੋਰ ਵਿੱਚ 1.19.55 ਦੇ ਸਮੇਂ ਨਾਲ ਨਵਾਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਓਲੰਪਿਕ ਖੇਡਾਂ, ਵਿਸ਼ਵ ਚੈਂਪੀਅਨਸ਼ਿਪ ਤੇ ਏਸ਼ਿਆਈ ਖੇਡਾਂ ਲਈ ਕੁਆਲੀਫਾਈ ਕੀਤਾ। ਪੈਰਿਸ ਓਲੰਪਿਕ ਖੇਡਾਂ-2024 ਲਈ ਅਥਲੈਟਿਕਸ ਵਿੱਚ ਇਹ ਭਾਰਤ ਦਾ ਪਹਿਲਾ ਕੋਟਾ ਅਤੇ ਓਵਰ ਆਲ ਓਲੰਪਿਕਸ ਕੁਆਲੀਫਾਈ ਹੋਣ ਵਾਲਾ ਚੌਥਾ ਭਾਰਤੀ ਖਿਡਾਰੀ ਹੈ।



ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅਕਾਸ਼ਦੀਪ ਸਿੰਘ ਦੀ ਇਸ ਮਾਣਮੱਤੀ ਪ੍ਰਾਪਤੀ ਉੱਤੇ ਅਥਲੀਟ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਉਸ ਦੀ ਸਖ਼ਤ ਮਿਹਨਤ ਦਾ ਸਿੱਟਾ ਹੈ।ਉਨ੍ਹਾਂ ਕਿਹਾ ਕਿ ਅਕਾਸ਼ਦੀਪ ਸਿੰਘ ਅਥਲੈਟਿਕਸ ਵਿੱਚ ਓਲੰਪਿੱਕ ਖੇਡਾਂ ਲਈ ਕੁਆਲੀਫਾਈ ਹੋਣ ਵਾਲਾ ਪਹਿਲਾ ਭਾਰਤੀ ਅਥਲੀਟ ਹੈ ਜਿਸ ਉੱਤੇ ਪੂਰੇ ਸੂਬੇ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਨੂੰ ਖੇਡਾਂ ਵਿੱਚ ਮੋਹਰੀ ਬਣਾਉਣ ਲਈ ਕੀਤੇ ਤਹੱਈਏ ਤਹਿਤ ਖੇਡ ਵਿਭਾਗ ਨਿਰੰਤਰ ਯਤਨ ਕਰ ਰਿਹਾ ਹੈ। ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ਅਕਾਸ਼ਦੀਪ ਸਿੰਘ, ਉਨ੍ਹਾਂ ਦੇ ਮਾਪਿਆਂ ਅਤੇ ਕੋਚਾਂ ਸਿਰ ਬੰਨ੍ਹਿਆ।

ਬਾਬਾ ਕਾਲਾ ਮਹਿਰ ਸਟੇਡੀਅਮ ਬਰਨਾਲਾ ਵਿਖੇ ਖੇਡ ਵਿਭਾਗ ਦੇ ਕੋਚਾਂ ਦੀ ਦੇਖ-ਰੇਖ ਵਿੱਚ ਤਿਆਰੀ ਕਰਦੇ ਅਕਾਸ਼ਦੀਪ ਸਿੰਘ ਨੇ ਰਾਂਚੀ (ਝਾਰਖੰਡ) ਵਿਖੇ ਚੱਲ ਰਹੀ 10ਵੀ ਇੰਡੀਅਨ ਓਪਨ ਰੇਸ ਵਾਕਿੰਗ ਮੁਕਾਬਲੇ ਦੀ 20 ਕਿਲੋਮੀਟਰ ਪੈਦਲ ਤੋਰ ਵਿੱਚ 1.19.55 ਦੇ ਸਮੇਂ ਨਾਲ ਨਵਾਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਪੈਰਿਸ ਓਲੰਪਿਕ ਖੇਡਾਂ ਲਈ 20 ਕਿਲੋਮੀਟਰ ਪੈਦਲ ਤੋਰ ਵਿੱਚ ਕੁਆਲੀਫਾਈ ਵਾਸਤੇ 1.20.10 ਦਾ ਸਮਾਂ ਮਿੱਥਿਆ ਹੋਇਆ ਹੈ। ਅਕਾਸ਼ਦੀਪ ਸਿੰਘ ਨੇ ਓਲੰਪਿਕਸ ਦੇ ਨਾਲ ਵਿਸ਼ਵ ਚੈਂਪੀਅਨਸ਼ਿਪ ਤੇ ਏਸ਼ਿਆਈ ਖੇਡਾਂ ਲਈ ਵੀ ਕੁਆਲੀਫਾਈ ਕੀਤਾ ਹੈ।



# ਬੀਬੀਸੀ ਦੇ ਦਿੱਲੀ-ਮੁੰਬਈ ਦਫਤਰ 'ਚ ਇਨਕਮ ਟੈਕਸ ਵਿਭਾਗ ਦਾ ਸਰਵੇ ਪੂਰਾ, ਕਰੀਬ 60 ਘੰਟੇ ਚੱਲੀ ਮੁਹਿੰਮ

ਨਵੀਂ ਦਿੱਲੀ, 16 ਫਰਵਰੀ (ਪੋਸਟ ਬਿਊਰੋ) - ਬ੍ਰਿਟਿਸ਼ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਬੀਬੀਸੀ) ਦੇ ਦਿੱਲੀ-ਮੁੰਬਈ ਦਫਤਰ 'ਚ ਆਮਦਨ ਕਰ ਵਿਭਾਗ ਦਾ ਸਰਵੇ ਪੂਰਾ ਹੋ ਗਿਆ ਹੈ। ਇਹ ਮੁਹਿੰਮ ਕਰੀਬ 60 ਘੰਟੇ ਚੱਲੀ। ਆਧਿਕਾਰਿਕ ਜਾਣਕਾਰੀ ਦਿੰਦੇ ਹੋਏ ਇਨਕਮ ਟੈਕਸ ਵਿਭਾਗ ਨੇ ਦੱਸਿਆ ਕਿ ਕੁਝ ਦਸਤਖਤਾਂ ਦੀ ਰਸਮੀ ਕਾਰਵਾਈ ਚੱਲ ਰਹੀ ਹੈ। ਇੱਕ-ਦੋ ਦਿਨਾਂ ਵਿੱਚ ਸਰਵੇਖਣ ਦਾ ਮੁਲਾਂਕਣ ਕਰਨ ਤੋਂ ਬਾਅਦ, ਆਈਟੀ ਟੀਮ ਕੋਈ ਵੀ ਅਧਿਕਾਰਤ ਜਾਣਕਾਰੀ ਸਾਂਝੀ ਕਰ ਸਕਦੀ ਹੈ। ਸਰਵੇਖਣ ਵਿੱਚ ਕੀ ਸਾਹਮਣੇ ਆਇਆ ਹੈ, ਇਸ ਪੜਾਅ 'ਤੇ ਸਪੱਸ਼ਟ ਨਹੀਂ ਕੀਤਾ ਜਾ ਸਕਦਾ ਹੈ। ਸਰਵੇਖਣ ਦੌਰਾਨ, ਅਧਿਕਾਰੀਆਂ ਨੇ ਚੋਣਵੇਂ ਕਰਮਚਾਰੀਆਂ ਤੋਂ ਵਿੱਤੀ ਡੇਟਾ ਇਕੱਤਰ ਕੀਤਾ ਅਤੇ ਸਮਾਚਾਰ ਸੰਗਠਨ ਦੇ ਇਲੈਕਟ੍ਰਾਨਿਕ ਅਤੇ ਕਾਗਜ਼ੀ ਰਿਕਾਰਡਾਂ ਦੀਆਂ ਕਾਪੀਆਂ ਬਣਾਈਆਂ। ਸੂਤਰਾਂ ਨੇ ਦੱਸਿਆ ਕਿ



ਆਮਦਨ ਕਰ ਵਿਭਾਗ ਨੇ ਕਥਿਤ ਟੈਕਸ ਚੋਰੀ ਦੀ ਆਪਣੀ ਜਾਂਚ ਦੇ ਹਿੱਸੇ ਵਜੋਂ ਮੰਗਲਵਾਰ ਨੂੰ ਸਵੇਰੇ 11:30 ਵਜੇ ਬੀਬੀਸੀ ਦੇ ਦਿੱਲੀ ਅਤੇ ਮੁੰਬਈ ਦਫਤਰਾਂ ਵਿੱਚ 'ਸਰਵੇਖਣ ਅਭਿਆਨ' ਸ਼ੁਰੂ ਕੀਤਾ ਅਤੇ ਅੱਜ ਰਾਤ ਨੂੰ ਦਿੱਲੀ ਵਿੱਚ ਸਮਾਪਤ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਟੈਕਸ ਅਧਿਕਾਰੀਆਂ ਨੇ ਸਰਵੇਖਣ ਕਾਰਵਾਈ ਦੇ ਹਿੱਸੇ ਵਜੋਂ ਉਪਲਬਧ ਸਟਾਕ ਦੀ ਸੂਚੀ ਤਿਆਰ ਕੀਤੀ, ਕੁਝ ਕਰਮਚਾਰੀਆਂ ਦੇ ਬਿਆਨ ਦਰਜ ਕੀਤੇ ਅਤੇ ਕੁਝ ਦਸਤਾਵੇਜ਼ ਜ਼ਬਤ ਕੀਤੇ। ਉਨ੍ਹਾਂ ਦੱਸਿਆ ਕਿ ਇਹ ਸਰਵੇਖਣ ਕਰੀਬ 60 ਘੰਟੇ ਚੱਲਿਆ। ਉਸ ਨੇ ਕਿਹਾ ਸੀ ਕਿ ਸਰਵੇਖਣ ਟੀਮਾਂ ਵਿੱਤੀ ਲੈਣ-ਦੇਣ, ਕੰਪਨੀ ਦੇ ਢਾਂਚੇ ਅਤੇ ਨਿਊਜ਼ ਕੰਪਨੀ ਬਾਰੇ ਹੋਰ ਵੇਰਵਿਆਂ 'ਤੇ ਜਵਾਬ ਮੰਗ ਰਹੀਆਂ ਹਨ ਅਤੇ ਸਬੂਤ ਇਕੱਠੇ ਕਰਨ ਲਈ ਇਲੈਕਟ੍ਰਾਨਿਕ ਡਿਵਾਈਸਾਂ ਤੋਂ ਡਾਟਾ ਕਾਪੀ ਕਰ ਰਹੀਆਂ ਹਨ।

ਵਿਰੋਧੀ ਪਾਰਟੀਆਂ ਨੇ ਬੀਬੀਸੀ ਵਿਰੁੱਧ ਆਮਦਨ ਕਰ ਵਿਭਾਗ ਦੀ ਕਾਰਵਾਈ ਦੀ ਨਿੰਦਾ ਕਰਦੇ ਹੋਏ ਇਸ ਨੂੰ "ਸਿਆਸੀ ਬਦਲਾਖੋਰੀ" ਕਰਾਰ ਦਿੱਤਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਹ ਹੈਰਾਨੀਜਨਕ ਕਾਰਵਾਈ ਬੀਬੀਸੀ ਵੱਲੋਂ ਦੋ ਭਾਗਾਂ ਵਾਲੀ ਦਸਤਾਵੇਜ਼ੀ ਫਿਲਮ 'ਇੰਡੀਆ: ਦਿ ਮੋਦੀ ਕੁਏਸਚਨ' ਦੇ ਪ੍ਰਸਾਰਿਤ ਕੀਤੇ ਜਾਣ ਤੋਂ ਕੁਝ ਹਫ਼ਤੇ ਬਾਅਦ ਹੋਈ ਹੈ। ਇਸ ਸਰਵੇਖਣ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਵਿਰੋਧੀ ਪਾਰਟੀਆਂ ਵਿਚਾਲੇ ਗਰਮਾ-ਗਰਮ ਸਿਆਸੀ ਬਹਿਸ ਸ਼ੁਰੂ ਹੋ ਗਈ ਹੈ। ਵਿਰੋਧੀ ਧਿਰ ਵਲੋਂ ਇਸ ਕਾਰਵਾਈ ਦੇ ਸਮੇਂ 'ਤੇ ਸਵਾਲ ਉਠਾਏ ਗਏ ਹਨ, ਜਦਕਿ ਭਾਜਪਾ ਨੇ ਬੀਬੀਸੀ 'ਤੇ ਭਾਰਤ ਵਿਰੁੱਧ 'ਜ਼ਹਿਰੀਲੀ ਰਿਪੋਰਟਿੰਗ' ਦਾ ਦੋਸ਼ ਲਾਇਆ ਹੈ। ਇਸ ਕਾਰਵਾਈ 'ਤੇ ਆਮਦਨ ਕਰ ਵਿਭਾਗ ਵੱਲੋਂ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬੀਬੀਸੀ ਨੇ ਕਿਹਾ ਕਿ ਉਹ ਇਨਕਮ ਟੈਕਸ ਅਧਿਕਾਰੀਆਂ ਨਾਲ ਪੂਰਾ ਸਹਿਯੋਗ ਕਰ ਰਿਹਾ ਹੈ। ਦਿੱਲੀ ਵਿੱਚ ਬੀਬੀਸੀ ਦੇ ਇੱਕ ਕਰਮਚਾਰੀ ਨੇ ਦੱਸਿਆ ਕਿ ਉਹ ਆਮ ਵਾਂਗ ਖ਼ਬਰਾਂ ਪ੍ਰਸਾਰਿਤ ਕਰ ਰਹੇ ਹਨ। 'ਸਰਵੇਖਣ ਆਪ੍ਰੇਸ਼ਨ' ਦੇ ਤਹਿਤ, ਆਮਦਨ ਕਰ ਵਿਭਾਗ ਕੰਪਨੀ ਦੇ ਸਿਰਫ ਕਾਰੋਬਾਰੀ ਸਥਾਨਾਂ ਦਾ ਮੁਆਇਨਾ ਕਰਦਾ ਹੈ ਅਤੇ ਇਸਦੇ ਪ੍ਰਮੋਟਰਾਂ ਜਾਂ ਡਾਇਰੈਕਟਰਾਂ ਦੀਆਂ ਰਿਹਾਇਸ਼ਾਂ ਅਤੇ ਹੋਰ ਥਾਵਾਂ 'ਤੇ ਛਾਪੇਮਾਰੀ ਨਹੀਂ ਕਰਦਾ। ਸੁਪਰੀਮ ਕੋਰਟ ਨੇ ਪਿਛਲੇ ਹਫਤੇ ਵਿਵਾਦਿਤ ਦਸਤਾਵੇਜ਼ੀ ਫਿਲਮ ਦੇ ਮੱਦੇਨਜ਼ਰ ਭਾਰਤ ਵਿੱਚ ਬੀਬੀਸੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਦਸਤਾਵੇਜ਼ੀ ਤੱਕ ਪਹੁੰਚ ਨੂੰ ਰੋਕਣ ਦੇ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਹੋਰ ਪਟੀਸ਼ਨਾਂ 'ਤੇ ਅਪ੍ਰੈਲ ਵਿਚ ਸੁਣਵਾਈ ਹੋਵੇਗੀ।

# ਦਿੱਲੀ 'ਚ ਫਿਰ ਤੋਂ ਸ਼ਰਧਾ ਜਿਹਾ ਕਤਲ ਮਾਮਲਾ, ਸਾਹਿਲ ਨੇ ਢਾਬੇ ਦੇ ਫਰਿੱਜ 'ਚ ਲੁਕਾ ਦਿੱਤੀ ਗਰਲਫ੍ਰੈਂਡ ਦੀ ਲਾਸ਼

ਨਵੀਂ ਦਿੱਲੀ, 16 ਫਰਵਰੀ (ਪੋਸਟ ਬਿਊਰੋ) - ਦਿੱਲੀ ਦੇ ਬਾਬਾ ਹਰੀਦਾਸ ਨਗਰ 'ਚ ਨਿੱਕੀ ਕਤਲ ਕਾਂਡ 'ਚ ਵੱਡਾ ਖੁਲਾਸਾ ਹੋਇਆ ਹੈ। ਜਿਸ ਵਿੱਚ ਸਾਹਿਲ ਨਾਮਕ ਵਿਅਕਤੀ ਨੇ ਪਹਿਲਾਂ ਆਪਣੀ ਪ੍ਰੇਮਿਕਾ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਫਿਰ ਉਸਦੀ ਲਾਸ਼ ਨੂੰ ਢਾਬੇ ਦੇ ਫਰਿੱਜ ਵਿੱਚ ਛੁਪਾ ਦਿੱਤਾ। ਘਟਨਾ ਦੇ ਚਾਰ ਦਿਨ ਬਾਅਦ ਇਹ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਨੂੰ ਸੁਣਦਿਆਂ ਹੀ ਇਕ ਵਾਰ ਫਿਰ ਸ਼ਰਧਾ ਕਤਲ ਕਾਂਡ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ।

ਦੱਸਿਆ ਜਾ ਰਿਹਾ ਹੈ ਕਿ ਸਾਹਿਲ ਅਤੇ ਨਿੱਕੀ 2018 ਤੋਂ ਇਕੱਠੇ ਸਨ। ਪਿਛਲੇ ਸਾਲ ਦਸੰਬਰ 'ਚ ਹੀ ਸਾਹਿਲ ਦੇ ਪਰਿਵਾਰ ਵਾਲਿਆਂ ਨੇ ਉਸ 'ਤੇ ਵਿਆਹ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਸੀ। ਅਜਿਹੇ 'ਚ ਪਰਿਵਾਰ ਵਾਲਿਆਂ ਨੇ ਨਿੱਕੀ ਨਾਲ ਸਾਹਿਲ ਦੇ ਵਿਆਹ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਜਿਸ ਤੋਂ ਬਾਅਦ ਨਿੱਕੀ ਲਗਾਤਾਰ ਸਾਹਿਲ ਦੇ ਕਿਸੇ ਹੋਰ ਲੜਕੀ ਨਾਲ ਵਿਆਹ ਦਾ ਵਿਰੋਧ ਕਰ ਰਹੀ ਸੀ ਅਤੇ ਸਾਹਿਲ ਨੂੰ ਗੋਆ ਜਾਣ ਲਈ ਜ਼ੋਰ ਦੇ ਰਹੀ ਸੀ। ਸਾਹਿਲ ਨੇ ਨਿੱਕੀ ਨੂੰ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ।



ਇਸ ਤੋਂ ਬਾਅਦ ਸਾਹਿਲ ਦੀ ਕਿਸੇ ਹੋਰ ਲੜਕੀ ਨਾਲ ਮੰਗਣੀ 9 ਫਰਵਰੀ ਨੂੰ ਤੈਅ ਹੋ ਗਈ ਅਤੇ 10 ਫਰਵਰੀ ਨੂੰ ਵਿਆਹ ਤੈਅ ਹੋ ਗਿਆ। ਇਹ ਮਾਮਲਾ 14 ਫਰਵਰੀ ਵੈਲੇਨਟਾਈਨ ਡੇਅ 'ਤੇ ਸਾਹਮਣੇ ਆਇਆ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਤੋਂ 4 ਦਿਨ ਪਹਿਲਾਂ ਸਾਹਿਲ ਨੇ ਨਿੱਕੀ ਦੀ ਆਪਣੇ ਮੋਬਾਈਲ ਚਾਰਜਰ ਦੀ ਕੇਬਲ ਨਾਲ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਸੀ। ਇਸ ਤੋਂ ਬਾਅਦ ਨਿੱਕੀ ਦੀ ਲਾਸ਼ ਨੂੰ ਨਾਲ ਵਾਲੀ ਸੀਟ 'ਤੇ ਰੱਖ ਕੇ 40 ਕਿਲੋਮੀਟਰ ਤੱਕ ਦਿੱਲੀ ਦੀਆਂ ਸੜਕਾਂ 'ਤੇ ਘੁੰਮਦਾ ਰਿਹਾ ਅਤੇ ਉਹ ਆਪਣੇ ਢਾਬੇ 'ਤੇ ਮਿਤ੍ਰਾਊਂ ਪਿੰਡ ਵਿਚ ਪਹੁੰਚ ਗਿਆ। ਢਾਬਾ ਕਾਫੀ ਸਮੇਂ ਤੋਂ ਬੰਦ ਸੀ। ਉਸ ਨੇ ਨਿੱਕੀ ਦੀ ਲਾਸ਼ ਉਸੇ ਢਾਬੇ ਵਿੱਚ ਫਰਿੱਜ ਵਿੱਚ ਛੁਪਾ ਦਿੱਤੀ। ਉਸ ਦਾ ਵਿਆਹ 10 ਫਰਵਰੀ ਨੂੰ ਹੋਇਆ ਸੀ।

ਘਟਨਾ ਦਾ ਉਦੋਂ ਪਤਾ ਲੱਗਾ ਜਦੋਂ 4 ਦਿਨਾਂ ਤੋਂ ਲਾਪਤਾ ਨਿੱਕੀ ਦੇ ਪਰਿਵਾਰਕ ਮੈਂਬਰ ਉਸ ਦੀ ਭਾਲ ਲਈ ਨਿਕਲੇ ਤਾਂ ਅਜਿਹੇ 'ਚ ਪਰਿਵਾਰਕ ਮੈਂਬਰਾਂ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ। ਜਦੋਂ ਨਿੱਕੀ ਦੇ ਫੋਨ 'ਤੇ ਚੈਕਿੰਗ ਕੀਤੀ ਤਾਂ ਢਾਬੇ ਦੀ ਲੋਕੇਸ਼ਨ ਪਤਾ ਲੱਗੀ, ਜਿਸ ਤੋਂ ਬਾਅਦ ਪੁਲਸ ਨੇ ਉਥੇ ਪਹੁੰਚ ਕੇ ਲਾਸ਼ ਨੂੰ ਬਰਾਮਦ ਕੀਤਾ। ਪੁਲਿਸ ਨੇ ਨਿੱਕੀ ਦੇ ਕਤਲ ਤੋਂ ਬਾਅਦ ਸਾਹਿਲ ਨੂੰ ਗ੍ਰਿਫਤਾਰ ਕੀਤਾ, ਉਸ ਨੇ ਪੁੱਛਗਿੱਛ ਦੌਰਾਨ ਆਪਣਾ ਗੁਨਾਹ ਕਬੂਲ ਕਰ ਲਿਆ। ਥਾਣਾ ਬਾਬਾ ਹਰੀਦਾਸ ਨਗਰ ਦੀ ਪੁਲੀਸ ਨੇ ਧਾਰਾ 302, 201 ਤਹਿਤ ਕੇਸ ਦਰਜ ਕਰ ਲਿਆ ਹੈ।

# ਯੂਪੀ 'ਚ ਪਾਣੀ ਦੀ ਪਾਈਪ ਪਾਉਣ 'ਤੇ ਦਬੰਗਾਂ ਨੇ ਬਜ਼ੁਰਗ ਔਰਤ ਦੀ ਕੀਤੀ ਕੁੱਟਮਾਰ

ਬਲੀਆ, 16 ਫਰਵਰੀ (ਪੋਸਟ ਬਿਊਰੋ) - ਉੱਤਰ ਪ੍ਰਦੇਸ਼ ਦੇ ਬਲੀਆ ਵਿੱਚ ਇੱਕ ਬਜ਼ੁਰਗ ਔਰਤ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਇਸ ਔਰਤ ਦਾ ਕਸੂਰ ਸਿਰਫ਼ ਇਹ ਸੀ ਕਿ ਉਸ ਨੇ ਸਪਲਾਈ ਲਾਈਨ ਨੂੰ ਪਾਣੀ ਦੀ ਟੈਂਕੀ ਨਾਲ ਜੋੜਿਆ ਸੀ। ਪਿੰਡ ਦੇ ਦਬੰਗਾਂ ਨੂੰ ਬਜ਼ੁਰਗ ਔਰਤ ਦੀ ਇਹ ਗੱਲ ਚੰਗੀ ਨਹੀਂ ਲੱਗੀ ਅਤੇ ਉਨ੍ਹਾਂ ਨੇ ਉਸ ਦੀ ਕੁੱਟਮਾਰ ਕੀਤੀ। ਇਹ ਘਟਨਾ ਬੰਸੜੀਹਾਰੋੜ ਥਾਣਾ ਖੇਤਰ ਦੇ ਪਿੰਡ ਬਿਘੀ ਦੀ ਹੈ। ਜਾਣਕਾਰੀ ਅਨੁਸਾਰ ਬਜ਼ੁਰਗ ਔਰਤ ਪਾਣੀ ਦੀ ਟੈਂਕੀ ਤੋਂ ਪਾਣੀ ਦੀ ਸਪਲਾਈ ਲਈ ਪਾਈਪ ਪਾ ਰਹੀ ਸੀ। ਪਰ ਅਜਿਹਾ ਕਰਨ 'ਤੇ ਉਸ ਦੀ ਕੁੱਟਮ-ਾਰ ਕੀਤੀ ਗਈ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਸ ਹਰਕਤ 'ਚ ਆ ਗਈ ਅਤੇ ਮਾਮਲਾ ਦਰਜ ਕਰ ਲਿਆ ਗਿਆ। ਪੁਲੀਸ ਨੇ ਦੋ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਵਾਇਰਲ ਵੀਡੀਓ 15 ਫਰਵਰੀ ਦਾ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਵਧੀਕ ਪੁਲਿਸ ਸੁਪਰਡੈਂਟ ਦੁਰਗਾ ਪ੍ਰਸਾਦ ਤਿਵਾੜੀ ਨੇ ਦੱਸਿਆ ਕਿ ਇਹ ਮਾਮਲਾ ਬਾਂਸੜੀਹਾਰੋੜ ਥਾਣੇ ਦੇ ਪਿੰਡ ਬਿਘੀ ਦਾ ਹੈ। ਇੱਕ ਵੀਡੀਓ ਵਾਇਰਲ ਹੋ ਗਿਆ। ਜਿਸ ਵਿੱਚ ਇੱਕ ਵਿਅਕਤੀ ਇੱਕ ਬਜ਼ੁਰਗ ਔਰਤ ਨਾਲ ਕੁੱਟਮਾਰ ਕਰ ਰਿਹਾ ਸੀ।

# ਕਰਨਾਟਕ ਭਾਜਪਾ ਮੁਖੀ ਦਾ ਵਿਵਾਦਿਤ ਬਿਆਨ, ਕਿਹਾ 'ਟੀਪੂ ਸੁਲਤਾਨ ਦੇ ਸਮਰਥਕ ਜ਼ਿੰਦਾ ਨਹੀਂ ਹੋਣੇ ਚਾਹੀਦੇ'

ਬੰਗਲੁਰੂ, 16 ਫਰਵਰੀ (ਪੋਸਟ ਬਿਊਰੋ) - ਕਰਨਾਟਕ 'ਚ ਭਾਰਤੀ ਜਨਤਾ ਪਾਰਟੀ ਦੇ ਮੁਖੀ ਨਲਿਨ ਕੁਮਾਰ ਕਤੀਲ ਆਪਣੇ ਵਿਵਾਦਿਤ ਬਿਆਨਾਂ ਨੂੰ ਲੈ ਕੇ ਸੁਰਖੀਆਂ 'ਚ ਰਹਿੰਦੇ ਹਨ। ਹੁਣ ਉਨ੍ਹਾਂ ਨੇ ਮੈਸੂਰ ਦੇ 18ਵੀਂ ਸਦੀ ਦੇ ਸ਼ਾਸਕ ਟੀਪੂ ਸੁਲਤਾਨ ਬਾਰੇ ਅਜਿਹੀ ਟਿੱਪਣੀ ਕੀਤੀ ਹੈ, ਜਿਸ ਨਾਲ ਵਿਵਾਦ ਖੜ੍ਹਾ ਹੋ ਸਕਦਾ ਹੈ। ਕਤੀਲ ਨੇ ਬੁੱਧਵਾਰ ਨੂੰ ਇਕ ਬੈਠਕ 'ਚ ਕਿਹਾ, 'ਟੀਪੂ ਸੁਲਤਾਨ ਦੇ ਸਾਰੇ ਕੱਟੜ ਚੇਲੇ ਜ਼ਿੰਦਾ ਨਹੀਂ ਰਹਿਣੇ ਚਾਹੀਦੇ।' ਉਨ੍ਹਾਂ ਕਿਹਾ ਕਿ ਟੀਪੂ ਸੁਲਤਾਨ ਦੇ ਵੰਸ਼ਜਾਂ ਨੂੰ ਭਜਾ ਕੇ ਜੰਗਲਾਂ ਵਿੱਚ ਭੇਜ ਦਿੱਤਾ ਜਾਵੇ।

ਕਤੀਲ ਨੇ ਇਕ ਜਨ ਸਭਾ ਦੌਰਾਨ ਕਿਹਾ, 'ਅਸੀਂ ਭਗਵਾਨ ਰਾਮ ਅਤੇ ਹਨੂੰਮਾਨ ਦੇ ਭਗਤ ਹਾਂ। ਅਸੀਂ ਟੀਪੂ ਸੁਲਤਾਨ ਦੀ ਔਲਾਦ ਨਹੀਂ ਹਾਂ। ਅਸੀਂ ਟੀਪੂ ਦੇ ਵੰਸ਼ਜਾਂ ਨੂੰ ਵਾਪਸ ਭੇਜ ਦਿੱਤਾ ਹੈ। ਇਸ ਲਈ ਮੈਂ



ਯੇਲਬੁਰਗਾ ਦੇ ਲੋਕਾਂ ਨੂੰ ਪੁੱਛਦਾ ਹਾਂ, ਕੀ ਉਹ ਹਨੂੰਮਾਨ ਦੀ ਪੂਜਾ ਕਰਨਗੇ ਜਾਂ ਟੀਪੂ ਸੁਲਤਾਨ ਦੇ ਭਜਨ ਗਾਉਣਗੇ?

ਕਤੀਲ ਨੇ ਕਿਹਾ, 'ਰਾਜ ਦੇ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਕੀ ਉਹ ਭਗਵਾਨ ਰਾਮ ਅਤੇ ਹਨੂੰਮਾਨ ਦੇ ਭਗਤ ਚਾਹੁੰਦੇ ਹਨ ਜਾਂ ਟੀਪੂ ਦੀ ਸੰਤਾਨ ਚਾਹੁੰਦੇ ਹਨ। ਮੈਂ ਭਗਵਾਨ ਹਨੂੰਮਾਨ ਦੀ ਧਰਤੀ ਤੋਂ ਚੁਣੌਤੀ ਦਿੰਦਾ ਹਾਂ ਕਿ ਟੀਪੂ ਨੂੰ ਪਿਆਰ ਕਰਨ ਵਾਲੇ ਇੱਥੇ ਨਾ ਰਹਿਣ। ਜੋ ਭਗਵਾਨ ਰਾਮ ਦੇ ਭਜਨ ਗਾਉਂਦੇ ਹਨ ਅਤੇ ਭਗਵਾਨ ਹਨੂੰਮਾਨ ਦੇ ਸਮਰਥਕ ਹਨ, ਉਨ੍ਹਾਂ ਨੂੰ ਇੱਥੇ ਹੀ ਰਹਿਣਾ ਚਾਹੀਦਾ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ, ਕਤੀਲ ਇਹ ਦਾਅਵਾ ਕਰਕੇ ਵਿਵਾਦਾਂ ਵਿੱਚ ਘਿਰਿਆ ਸੀ ਕਿ ਰਾਜ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ "ਟੀਪੂ ਬਨਾਮ ਸਾਵਰਕਰ" 'ਤੇ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਸੀ, "ਉਨ੍ਹਾਂ (ਕਾਂਗਰਸ) ਨੇ ਟੀਪੂ ਜਯੰਤੀ ਮਨਾਉਣ ਦੀ ਇਜਾਜ਼ਤ ਦੇ ਦਿੱਤੀ, ਜਿਸ ਦੀ ਲੋੜ ਨਹੀਂ ਸੀ। ਇਸ ਦੇ ਨਾਲ ਹੀ ਪਾਰਟੀ ਨੇ ਸਾਵਰਕਰ ਬਾਰੇ ਅਪਮਾਨਜਨਕ ਗੱਲਾਂ ਕੀਤੀਆਂ।"

ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਦਾ ਮੁੱਦਾ ਕਰਨਾਟਕ ਦੀ ਰਾਜਨੀਤੀ ਵਿੱਚ ਧਰੁਵੀਕਰਨ ਵਾਲਾ ਤੱਤ ਬਣ ਗਿਆ ਹੈ। ਟੀਪੂ ਸੁਲਤਾਨ ਬਨਾਮ ਹਨੂੰਮਾਨ ਬਹਿਸ 2018 ਦੀਆਂ ਕਰਨਾਟਕ ਚੋਣਾਂ ਵਿੱਚ ਭਾਜਪਾ ਦੇ ਫਾਇਰਬ੍ਰਾਂਡ ਨੇਤਾ ਅਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੁਆਰਾ ਸ਼ੁਰੂ ਕੀਤੀ ਗਈ ਸੀ।

# ਸੈਲਫੀ ਨੂੰ ਲੈ ਕੇ ਕ੍ਰਿਕਟਰ ਪ੍ਰਿਥਵੀ ਸ਼ਾਅ ਨਾਲ ਝਗੜਾ, 8 ਖਿਲਾਫ ਐੱਫਆਈਆਰ

ਮੁੰਬਈ, 16 ਫਰਵਰੀ (ਪੋਸਟ ਬਿਊਰੋ) - ਟੀਮ ਇੰਡੀਆ ਦੇ ਕ੍ਰਿਕਟਰ ਪ੍ਰਿਥਵੀ ਸ਼ਾਅ 'ਤੇ ਮੁੰਬਈ 'ਚ ਹਮਲਾ ਹੋਣ ਦੀ ਖਬਰ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ ਸੈਲਫੀ ਲੈਣ ਤੋਂ ਇਨਕਾਰ ਕਰਨ 'ਤੇ ਕੁਝ ਪ੍ਰਸ਼ੰਸਕਾਂ ਨੇ ਗੁੱਸੇ 'ਚ ਆ ਕੇ ਕ੍ਰਿਕਟਰ ਦੀ ਕਾਰ 'ਤੇ ਹਮਲਾ ਕਰ ਦਿੱਤਾ। ਘਟਨਾ ਬੁੱਧਵਾਰ ਸ਼ਾਮ ਕਰੀਬ 4 ਵਜੇ ਵਾਪਰੀ। ਇਸ ਦੌਰਾਨ ਪ੍ਰਿਥਵੀ ਸ਼ਾਅ ਆਪਣੇ ਦੋਸਤ ਨਾਲ ਕਾਰ 'ਚ ਬੈਠੇ ਸਨ। ਉਦੋਂ ਕੁਝ ਲੋਕ ਉਥੇ ਆਏ ਅਤੇ ਉਨ੍ਹਾਂ ਨਾਲ ਸੈਲਫੀ ਲੈਣ ਲਈ ਕਿਹਾ। ਪ੍ਰਿਥਵੀ ਦੇ ਇਨਕਾਰ ਕਰਨ 'ਤੇ ਉਸ ਦੀ ਕਾਰ 'ਤੇ ਬੇਸਬਾਲ ਬੈਟ ਨਾਲ ਹਮਲਾ ਕੀਤਾ ਗਿਆ। ਪ੍ਰਸ਼ੰਸਕਾਂ ਨੇ ਕ੍ਰਿਕਟਰ ਦੀ ਕਾਰ ਦੀ ਵਿੰਡਸ਼ੀਲਡ ਤੋੜ ਦਿੱਤੀ ਅਤੇ 50,000 ਰੁਪਏ ਦੀ ਮੰਗ ਵੀ ਕੀਤੀ।

ਉਸ਼ੀਵਾੜਾ ਪੁਲਸ ਨੇ ਇਸ ਮਾਮਲੇ 'ਚ 8 ਲੋਕਾਂ ਖਿਲਾਫ ਐੱਫਆਈਆਰ ਇਨ੍ਹਾਂ ਵਿੱਚੋਂ 2 ਨਾਮਜ਼ਦ ਹਨ ਅਤੇ 6 ਅਣਪਛਾਤੇ ਹਨ। ਸ਼ਿਕਾਇਤ 'ਚ ਨਾਮਜ਼ਦ ਕੀਤੇ ਗਏ ਵਿਅਕਤੀਆਂ,ਜਿਨ੍ਹਾਂ 'ਚੋਂ ਦੋ ਦੀ ਪਛਾਣ ਸ਼ੋਭਿਤ ਠਾਕੁਰ ਅਤੇ ਸਨਾ ਉਰਫ ਸਪਨਾ ਗਿੱਲ ਵਜੋਂ ਹੋਈ ਹੈ। ਦੋਵਾਂ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਪ੍ਰਿਥਵੀ ਸ਼ਾਅ 'ਤੇ ਪਹਿਲਾਂ ਉਨ੍ਹਾਂ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ ਹੈ।

ਇਸ ਮਾਮਲੇ 'ਚ ਮੁਲਜ਼ਮ ਸਨਾ ਉਰਫ ਸਪਨਾ ਗਿੱਲ ਦੇ ਵਕੀਲ ਅਲੀ ਕਾਸ਼ਿਫ ਖਾਨ ਦਾ ਕਹਿਣਾ ਹੈ ਕਿ ਲੜਾਈ ਸਪਨਾ ਨੇ ਨਹੀਂ ਸਗੋਂ ਪ੍ਰਿਥਵੀ ਸ਼ਾਅ ਨੇ ਕੀਤੀ ਸੀ। ਲੜਾਈ ਦੀ ਵੀਡੀਓ 'ਚ ਇਹ ਵੀ ਦੇਖਿਆ ਜਾ ਸਕਦਾ ਹੈ ਕਿ ਪ੍ਰਿਥਵੀ ਦੇ ਹੱਥ 'ਚ ਸੋਟੀ ਹੈ। ਵਕੀਲ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮੁਵੱਕਿਲ ਸਪਨਾ ਨੂੰ ਉਸ਼ੀਵਾਰਾ ਥਾਣੇ 'ਚ ਬਿਠਾ ਕੇ ਰੱਖਿਆ ਗਿਆ ਹੈ। ਉਸ ਨੂੰ ਮੈਡੀਕਲ ਲਈ ਵੀ ਨਹੀਂ ਜਾਣ ਦਿੱਤਾ ਜਾ ਰਿਹਾ।

# ਜੈਨ ਪਰਿਵਾਰ ਨੇ ਕਰੋੜਾਂ ਦੀ ਜਾਇਦਾਦ ਦਾਨ ਕਰਕੇ ਸੰਨਿਆਸੀ ਜੀਵਨ ਅਪਣਾਇਆ

ਭੁਜ, 16 ਫਰਵਰੀ (ਪੋਸਟ ਬਿਊਰੋ) - ਗੁਜਰਾਤ ਦੇ ਭੁਜ 'ਚ ਇੱਕ ਜੈਨ ਪਰਿਵਾਰ ਦੇ ਚਾਰ ਲੋਕਾਂ ਨੇ ਦੀਖਿਆ ਲੈ ਕੇ ਸੰਨਿਆਸੀ ਜੀਵਨ ਦਾ ਰਾਹ ਅਖਤਿਆਰ ਕੀਤਾ ਹੈ। ਪਰਿਵਾਰ ਨੇ ਆਪਣੀ ਕਰੋੜਾਂ ਦੀ ਜਾਇਦਾਦ ਦਾਨ ਕਰ ਦਿੱਤੀ ਅਤੇ ਤਿਆਗ ਦਾ ਰਾਹ ਅਪਣਾ ਲਿਆ। ਦੱਸ ਦਈਏ ਕਿ ਇਸ ਤੋਂ ਪਹਿਲਾਂ ਵੀ ਗੁਜਰਾਤ 'ਚ ਕਈ ਲੋਕ ਸਾਰੀਆਂ ਸੁੱਖ-ਸਹੂਲਤਾਂ ਤਿਆਗ ਕੇ ਸੰਨਿਆਸ ਦੇ ਰਾਹ 'ਤੇ ਚੱਲਣ ਦਾ ਫੈਸਲਾ ਕਰ ਚੁੱਕੇ ਹਨ।



ਜਾਣਕਾਰੀ ਅਨੁਸਾਰ ਅਜਰਾਮਰ ਸੰਪ੍ਰਦਾਇ ਦੇ ਛੇ ਕੋਈ ਸਥਾਨਕ ਵਾਸੀ ਜੈਨ ਸੰਘ ਅਤੇ ਵਾਗੜ ਦੇ ਦੋ ਚੌਵੀਸੀ ਜੈਨ ਸਮਾਜ ਦੇ ਇੱਕ ਪਰਿਵਾਰ ਦੇ ਸਾਰੇ ਮੈਂਬਰ ਜੈਨ ਸਮਾਜ ਦੀ ਭਗਵਤੀ ਦੀਕਸ਼ਾ ਪ੍ਰਾਪਤ ਕਰਨ ਵਾਲੇ ਪਹਿਲੇ ਵਿਅਕਤੀ ਸਨ। ਥੋਕ ਕੱਪੜਾ ਵਪਾਰੀ ਪਰਿਵਾਰ ਆਪਣੀ ਕਰੋੜਾਂ ਦੀ ਜਾਇਦਾਦ ਦਾਨ ਕਰਕੇ ਤਪੱਸਿਆ ਦੇ ਰਾਹ 'ਤੇ ਤੁਰ ਪਿਆ ਹੈ।

ਭੁਜ ਦੀ ਪੂਰਵੀ ਬੇਨ ਮਹਿਤਾ ਨੇ ਆਪਣੇ ਸੰਪਰਦਾਏ ਦੇ ਗੁਰੂ ਮਾਇਆ ਦੇ ਆਸ਼ੀਰਵਾਦ ਨਾਲ ਦੀਕਸ਼ਾ ਲੈਣ ਦਾ ਫੈਸਲਾ ਕੀਤਾ। ਉਸ ਦੇ ਤਪੱਸਵੀ ਜੀਵਨ ਨੂੰ ਦੇਖ ਕੇ ਘਰ ਦੇ ਹੋਰ ਮੈਂਬਰ ਉਸ ਤੋਂ ਪ੍ਰਭਾਵਿਤ ਹੋਏ ਅਤੇ ਉਸ ਦੇ ਪਤੀ ਪੀਯੂਸ਼ ਮਹਿਤਾ ਅਤੇ ਜੋੜੇ ਦੇ ਬੇਟੇ ਮੇਘਕੁਮਾਰ ਅਤੇ ਭਤੀਜੇ ਕ੍ਰਿਸ਼ ਜੋ ਕਿ 11ਵੀਂ ਅਤੇ 12ਵੀਂ ਕਾਮਰਸ ਵਿਚ ਪੜ੍ਹਦੇ ਹਨ, ਨੇ ਵੀ ਤਪੱਸਿਆ ਦਾ ਰਾਹ ਅਪਣਾਉਣ ਦਾ ਫੈਸਲਾ ਕੀਤਾ।

ਜੈਨ ਸਮਾਜ ਦੀ ਭਗਵਤੀ ਦੀਕਸ਼ਾ ਬਹੁਤ ਔਖੀ ਮੰਨੀ ਜਾਂਦੀ ਹੈ। ਇਸ ਵਿੱਚ ਪੰਜ ਮਹਾਵ੍ਰਤਾਂ ਦਾ ਪਾਲਣ ਕਰਨਾ ਹੈ, ਬ੍ਰਹਮਚਾਰੀ, ਅਚਾਰੀਆ ਅਤੇ ਪੈਦਲ ਯਾਤਰਾ। ਇਸੇ ਲਈ ਸੰਨਿਆਸੀਆਂ ਨੂੰ ਸਾਰੀ ਉਮਰ ਬਿਨ੍ਹਾਂ ਕਿਸੇ ਬਿਜਲਈ ਉਪਕਰਨ ਦੀ ਵਰਤੋਂ ਕੀਤੇ ਬਿਨਾਂ ਪੈਸੇ ਦੇ ਕਠਿਨ ਤਪੱਸਿਆ ਦੇ ਰਾਹ ਤੁਰਨਾ ਪੈਂਦਾ ਹੈ। ਤਪੱਸਿਆ ਦੇ ਇਸ ਮਾਰਗ 'ਤੇ ਚੱਲਣ ਤੋਂ ਪਹਿਲਾਂ ਸੰਨਿਆਸੀਆਂ ਨੂੰ ਆਪਣੀ ਸਾਰੀ ਜਾਇਦਾਦ ਦਾਨ ਕਰਨੀ ਪੈਂਦੀ ਹੈ। ਪਿਊਸ਼ ਭਾਈ ਭੁਜ ਵਿੱਚ ਹੀ ਕੱਪੜਿਆਂ ਦਾ ਥੋਕ ਕਾਰੋਬਾਰ ਚਲਾ ਰਿਹਾ ਸੀ। ਪੀਯੂਸ਼ ਭਾਈ ਅਤੇ ਉਨ੍ਹਾਂ ਦੇ ਪਰਿਵਾਰ, ਜਿਨ੍ਹਾਂ ਦਾ ਸਾਲਾਨਾ ਇੱਕ ਕਰੋੜ ਰੁਪਏ ਦਾ ਕਾਰੋਬਾਰ ਹੈ, ਨੇ ਆਪਣੀ ਕਰੋੜਾਂ ਦੀ ਜਾਇਦਾਦ ਨੂੰ ਤਿਆਗ ਕੇ ਸੰਸਾਰਕ ਸੁੱਖਾਂ ਦਾ ਤਿਆਗ ਕਰਕੇ ਤਿਆਗ ਦਾ ਰਸਤਾ ਅਪਣਾਇਆ।

# ਬਿਹਾਰ ਵਿਚ ਸਰ੍ਹੋਂ ਦੇ ਖੇਤ 'ਚੋਂ ਮਿਲੀ ਔਰਤ ਦੀ ਕੱਟੀ ਹੋਈ ਲਾਸ਼

ਬਿਹਾਰ, 16 ਫਰਵਰੀ (ਪੋਸਟ ਬਿਊਰੋ): ਬੀਤੇ ਦਿਨ ਬਿਹਾਰ ਦੇ ਅਰਾਹ 'ਚ ਖੇਤਾਂ 'ਚੋਂ ਇਕ ਅਣਪਛਾਤੀ ਔਰਤ ਦੀ ਲਾਸ਼ ਕੱਟੀ ਹੋਈ ਹਾਲਤ 'ਚ ਮਿਲੀ ਹੈ। ਸੂਚਨਾ 'ਤੇ ਪਹੁੰਚੀ ਪੁਲਸ ਲਾਸ਼ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਹਾਲਾਂਕਿ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ। ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਆਰਾ ਸਦਰ ਹਸਪਤਾਲ ਭੇਜ ਦਿੱਤਾ ਹੈ। ਇਸ ਦੇ ਨਾਲ ਹੀ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਬਲਾਤਕਾਰ ਤੋਂ ਬਾਅਦ ਕਤਲ ਦਾ ਖਦਸ਼ਾ

ਜਾਣਕਾਰੀ ਮੁਤਾਬਕ ਸੋਮਵਾਰ ਦੁਪਹਿਰ ਗਜਰਾਜਗੰਜ ਉਪੀ ਦੇ ਨਵਾਂਨਗਰ ਅਤੇ ਧਮਾਰ ਪਿੰਡ ਦੇ ਵਿਚਕਾਰ ਕਿਸਾਨ ਆਪਣੇ ਖੇਤਾਂ 'ਚ ਕੰਮ ਕਰਨ ਜਾ ਰਹੇ ਸਨ। ਇਸ ਦੌਰਾਨ ਉਸ ਦੀ ਨਜ਼ਰ ਸਰ੍ਹੋਂ ਦੇ ਖੇਤ 'ਚ ਪਈ ਅਣਪਛਾਤੀ ਔਰਤ ਦੀ ਲਾਸ਼ 'ਤੇ ਪਈ। ਇਹ ਦੇਖ ਕੇ ਉਨ੍ਹਾਂ ਵਿਚ ਹਫੜਾ-ਦਫੜੀ ਮੱਚ ਗਈ। ਇਸ ਤੋਂ ਬਾਅਦ ਉਨ੍ਹਾਂ ਨੇ ਗਜਰਾਜਗੰਜ ਪੁਲਿਸ ਨੂੰ



ਸੂਚਨਾ ਦਿੱਤੀ।

ਸੂਚਨਾ 'ਤੇ ਪੁਲਿਸ ਨੇ ਮੌਕੇ ਤੋਂ ਦੋ ਸੂਈਆਂ ਅਤੇ ਇੱਕ ਖਾਲੀ ਮਾਚਿਸ ਦੀ ਡੱਬੀ ਬਰਾਮਦ ਕੀਤੀ ਹੈ। ਇਸ ਤੋਂ ਬਾਅਦ ਭੋਜਪੁਰ ਦੇ ਐਸਪੀ ਦੇ ਨਿਰਦੇਸ਼ਾਂ 'ਤੇ ਪਟਨਾ ਤੋਂ ਫੋਰੈਂਸਿਕ ਮਾਹਿਰਾਂ ਦੀ ਟੀਮ ਨੂੰ ਮੌਕੇ 'ਤੇ ਬੁਲਾਇਆ ਗਿਆ। ਟੀਮ ਨੇ ਉੱਥੇ ਜਾਂਚ ਕੀਤੀ ਅਤੇ ਮੌਕੇ ਤੋਂ ਕੁਝ ਸਬੂਤ ਇਕੱਠੇ ਕੀਤੇ।

ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਔਰਤ ਦੀ ਉਮਰ 22 ਤੋਂ 25 ਸਾਲ ਦੇ ਵਿਚਕਾਰ ਹੈ। ਮੰਨਿਆ ਜਾ ਰਿਹਾ ਹੈ ਕਿ ਉਹ ਵਿਆਹੀ ਹੋਈ ਸੀ। ਪੁਲਸ ਦਾ ਕਹਿਣਾ ਹੈ ਕਿ ਲਾਸ਼ ਨੂੰ ਦੇਖ ਕੇ ਔਰਤ ਨਾਲ ਬਲਾਤਕਾਰ ਕਰਨ ਤੋਂ ਬਾਅਦ ਕਤਲ ਕੀਤੇ ਜਾਣ ਦਾ ਖਦਸ਼ਾ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਲਾਸ਼ ਨੂੰ ਸਰ੍ਹੋਂ ਦੇ ਖੇਤ ਵਿੱਚ ਸੁੱਟ ਦਿੱਤਾ ਗਿਆ।

# ਦੇਸ਼ ਦੀ ਤਾਕਤ ਦਿਖਾਉਂਦਾ ਹੈ ਏਅਰੋ ਇੰਡੀਆ 2023 : ਪੀਐਮ ਮੋਦੀ


*ਏਅਰੋ ਇੰਡੀਆ 2023 ਦਾ ਪੀਐਮ ਮੋਦੀ ਨੇ ਕੀਤਾ ਉਦਘਾਟਨ *ਕਿਹਾ, ਤਸਵੀਰਾਂ 'ਚ ਦੇਖੋ ਭਾਰਤ ਦੀ ਹਵਾਈ ਤਾਕਤ

ਬੈਂਗਲੁਰੂ, 16 ਫਰਵਰੀ (ਪੋਸਟ ਬਿਊਰੋ): ਬੀਤੇ ਦਿਨੀਂ ਕਰਨਾਟਕ ਦੀ ਰਾਜਧਾਨੀ ਬੈਂਗਲੁਰੂ ਵਿੱਚ ਏਰੋ ਇੰਡੀਆ 2023 ਦਾ ਉਦਘਾਟਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ ਹੈ ਬਲਕਿ ਭਾਰਤ ਦੀ ਤਾਕਤ ਨੂੰ ਦਰਸਾਉਂਦੀ ਹੈ। ਸੋਮਵਾਰ ਨੂੰ ਬੈਂਗਲੁਰੂ ਵਿੱਚ 5 ਦਿਨਾਂ ਦਾ ਏਰੋ ਇੰਡੀਆ ਸ਼ੋਅ ਸ਼ੁਰੂ ਹੋਇਆ। ਉਦਘਾਟਨੀ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਭਾਰਤ ਦੀ ਹਵਾਈ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਬੇਂਗਲੁਰੂ ਦਾ ਅਸਮਾਨ ਅੱਜ ਨਿਊ ਇੰਡੀਆ ਦੀ ਸੰਭਾਵਨਾ ਦਾ ਗਵਾਹ ਹੈ। ਪ੍ਰਧਾਨ ਮੰਤਰੀ ਨੇ ਕਿਹਾ, "ਇਹ ਨਵੀਂ ਉਚਾਈ ਨਵੇਂ ਭਾਰਤ ਦੀ ਅਸਲੀਅਤ ਹੈ। ਅੱਜ ਭਾਰਤ ਉਨ੍ਹਾਂ ਨੂੰ ਪਾਰ ਕਰਨ ਦੇ ਨਾਲ-ਨਾਲ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ "ਅੱਜ ਏਅਰੋ ਇੰਡੀਆ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ ਹੈ, ਸਗੋਂ ਇਹ ਭਾਰਤ ਦੀ ਤਾਕਤ ਨੂੰ ਦਰਸਾਉਂਦੀ ਹੈ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਅਜਿਹਾ ਇਸ ਲਈ ਕਹਿੰਦੇ ਹਨ ਕਿਉਂਕਿ ਇਹ ਨਾ ਸਿਰਫ਼ ਰੱਖਿਆ ਉਦਯੋਗ ਦੀਆਂ ਸੰਭਾਵਨਾਵਾਂ ਨੂੰ ਦਰਸਾਉਂਦਾ ਹੈ, ਸਗੋਂ ਭਾਰਤ ਦੇ ਆਤਮ-ਵਿਸ਼ਵਾਸ ਨੂੰ ਵੀ ਦਰਸਾਉਂਦਾ ਹੈ। ਸੁਧਾਰਾਂ ਦੀ ਮਦਦ ਨਾਲ ਹਰ ਖੇਤਰ ਵਿੱਚ ਆ ਰਹੀਆਂ ਕ੍ਰਾਂਤੀਕਾਰੀ ਤਬਦੀਲੀਆਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨੇ ਕਿਹਾ, "21ਵੀਂ ਸਦੀ ਦਾ ਭਾਰਤ ਨਾ ਤਾਂ ਕੋਈ ਮੌਕਾ ਗੁਆਏਗਾ ਅਤੇ ਨਾ ਹੀ ਆਪਣੀ ਮਿਹਨਤ ਵਿੱਚ ਕੋਈ ਕਮੀ ਆਵੇਗੀ।"

ਉਨ੍ਹਾਂ ਕਿਹਾ ਕਿ ਜੋ ਦੇਸ਼ ਦਹਾਕਿਆਂ ਤੱਕ ਰੱਖਿਆ ਦਾ ਸਭ ਤੋਂ ਵੱਡਾ ਦਰਾਮਦਕਾਰ ਸੀ, ਉਸ ਨੇ ਹੁਣ ਦੁਨੀਆ ਦੇ 75 ਦੇਸ਼ਾਂ ਨੂੰ ਰੱਖਿਆ







ਉਪਕਰਨਾਂ ਦਾ ਨਿਰਯਾਤ ਕਰਨਾ ਸ਼ੁਰੂ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਸੁਧਾਰਾਂ ਦੀ ਮਦਦ ਨਾਲ ਹਰ ਖੇਤਰ ਵਿੱਚ ਆ ਰਹੀਆਂ ਕ੍ਰਾਂਤੀਕਾਰੀ ਤਬਦੀਲੀਆਂ ਦੀ ਰੌਸ਼ਨੀ ਵਿੱਚ ਕਿਹਾ, "21ਵੀਂ ਸਦੀ ਭਾਰਤ ਹੁਣ ਨਾ ਤਾਂ ਕੋਈ ਮੌਕਾ ਗੁਆਏਗਾ ਅਤੇ ਨਾ ਹੀ ਆਪਣੀ ਮਿਹਨਤ ਵਿੱਚ ਕੋਈ ਕਮੀ ਆਵੇਗੀ।

ਪਿਛਲੇ 8-9 ਸਾਲਾਂ ਵਿੱਚ ਰੱਖਿਆ ਖੇਤਰ ਵਿੱਚ ਆਈਆਂ ਤਬਦੀਲੀਆਂ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਲ 2024-25 ਤੱਕ ਰੱਖਿਆ ਨਿਰਯਾਤ 1.5 ਅਰਬ ਤੋਂ ਵਧਾ ਕੇ ਪੰਜ ਅਰਬ ਕਰਨ ਦਾ ਟੀਚਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ "ਭਾਰਤ ਸਭ ਤੋਂ ਵੱਡੇ ਰੱਖਿਆ ਉਤਪਾਦਕ ਦੇਸ਼ਾਂ ਵਿੱਚੋਂ ਇੱਕ ਬਣਨ ਲਈ ਤੇਜ਼ੀ ਨਾਲ ਅੱਗੇ ਵਧੇਗਾ ਅਤੇ ਸਾਡਾ ਨਿੱਜੀ ਖੇਤਰ ਅਤੇ ਨਿਵੇਸ਼ਕ ਇਸ ਵਿੱਚ ਵੱਡੀ ਭੂਮਿਕਾ ਨਿਭਾਉਣਗੇ।"

# ਭਾਰਤੀ ਮੂਲ ਦੀ ਨਿੱਕੀ ਹੈਲੀ ਅਮਰੀਕੀ ਰਾਸ਼ਟਰਪਤੀ ਚੋਣ ਦੀ ਦੌੜ ਵਿੱਚ ਡੋਨਾਲਡ ਟਰੰਪ ਨੂੰ ਦੇਵੇਗੀ ਚੁਣੌਤੀ

ਵਾਸ਼ਿੰਗਟਨ, 16 ਫਰਵਰੀ (ਪੋਸਟ ਬਿਊਰੋ) - ਉੱਘੀ ਭਾਰਤੀ-ਅਮਰੀਕੀ ਨੇਤਾ ਨਿੱਕੀ ਹੈਲੀ ਨੇ ਮੰਗਲਵਾਰ ਨੂੰ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਤਰ੍ਹਾਂ ਉਹ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 2024 ਵਿਚ ਵਾਈਟ ਹਾਊਸ ਲਈ ਆਪਣੀ ਪਾਰਟੀ ਦੀ ਉਮੀਦਵਾਰ ਬਣਨ ਲਈ ਚੁਣੌਤੀ ਦੇਣ ਵਾਲੀ ਪਹਿਲੀ ਰਿਪਬਲਿਕਨ ਬਣ ਗਈ ਹੈ। ਹੇਲੀ (51) ਦੋ ਵਾਰ ਦੱਖਣੀ ਕੈਰੋਲੀਨਾ ਦੀ ਗਵਰਨਰ ਅਤੇ




ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਰਾਜਦੂਤ ਰਹਿ ਚੁੱਕੀ ਹੈ। ਇੱਕ ਬਿਆਨ ਵਿੱਚ ਭਾਰਤੀ ਮੂਲ ਦੀ ਸਾਬਕਾ ਦੱਖਣੀ ਕੈਰੋਲੀਨਾ ਦੀ ਗਵਰਨਰ ਨਿੱਕੀ ਹੈਲੀ ਨੇ ਕਿਹਾ, "ਮੈਂ ਨਿੱਕੀ ਹੈਲੀ ਹਾਂ ਅਤੇ ਮੈਂ ਰਾਸ਼ਟਰਪਤੀ ਲਈ ਚੋਣ ਲੜ ਰਹੀ ਹਾਂ।"

ਉਨ੍ਹਾਂ ਕਿਹਾ, "ਨਵੀਂ ਪੀੜ੍ਹੀ ਦੀ ਲੀਡਰਸ਼ਿਪ ਲਈ ਵਿੱਤੀ ਜ਼ਿੰਮੇਵਾਰੀ ਨੂੰ ਮੁੜ ਖੋਜਣ, ਸਾਡੀ ਸਰਹੱਦ ਨੂੰ ਸੁਰੱਖਿਅਤ ਕਰਨ ਅਤੇ ਸਾਡੇ ਦੇਸ਼, ਸਾਡੇ ਮਾਣ ਅਤੇ ਸਾਡੇ ਉਦੇਸ਼ ਨੂੰ ਮਜ਼ਬੂਤ ਕਰਨ ਦਾ ਸਮਾਂ ਆ ਗਿਆ ਹੈ।" ਉਹ ਆਪਣੇ ਆਪ ਨੂੰ ਭਾਰਤੀ ਪ੍ਰਵਾਸੀਆਂ ਦੀ ਮਾਣਮੱਤੀ ਧੀ ਦੱਸਦੀ ਹੈ। ਹੇਲੀ ਨੇ ਬੈਮਬਰਗ, ਦੱਖਣੀ ਕੈਰੋਲੀਨਾ ਵਿੱਚ ਵੱਡੇ ਹੋਣ ਅਤੇ ਇੱਕ ਮਜ਼ਬੂਤ ਅਤੇ ਮਾਣਮੱਤੇ ਅਮਰੀਕਾ ਵਿੱਚ ਆਪਣੇ ਵਿਸ਼ਵਾਸ ਨੂੰ ਆਕਾਰ ਦੇਣ ਬਾਰੇ ਗੱਲ ਕੀਤੀ।

# ਪਾਕਿਸਤਾਨ ਦੀ ਜਾਫਰ ਐਕਸਪ੍ਰੈਸ ਟਰੇਨ 'ਚ ਧਮਾਕਾ, 2 ਯਾਤਰੀਆਂ ਦੀ ਮੌਤ, 4 ਜ਼ਖਮੀ

ਕਵੇਟਾ, 16 ਫਰਵਰੀ (ਪੋਸਟ ਬਿਊਰੋ) - ਪਾਕਿਸਤਾਨ ਵਿੱਚ ਇੱਕ ਟਰੇਨ ਵਿੱਚ ਧਮਾਕਾ ਹੋਇਆ ਹੈ। ਪਾਕਿਸਤਾਨ ਦੇ ਏਆਰਵਾਈ ਨਿਊਜ਼ ਮੁਤਾਬਕ ਕਵੇਟਾ ਜਾ ਰਹੀ ਜਾਫਰ ਐਕਸਪ੍ਰੈਸ 'ਚ ਧਮਾਕਾ ਹੋਣ ਕਾਰਨ 2 ਯਾਤਰੀਆਂ ਦੀ ਮੌਤ ਹੋ ਗਈ ਅਤੇ 4 ਹੋਰ ਜ਼ਖਮੀ ਹੋ ਗਏ। ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਕਵੇਟਾ ਜਾ ਰਹੀ ਜਾਫਰ ਐਕਸਪ੍ਰੈਸ ਚੀਚਾਵਤੀ ਰੇਲਵੇ ਸਟੇਸ਼ਨ ਤੋਂ ਲੰਘ ਰਹੀ ਸੀ। ਇਹ ਟਰੇਨ ਪੇਸ਼ਾਵਰ ਤੋਂ ਆ ਰਹੀ ਸੀ।



ਸੂਤਰਾਂ ਮੁਤਾਬਕ ਧਮਾਕਾ ਜਾਫਰ ਐਕਸਪ੍ਰੈਸ ਦੀ ਬੋਗੀ ਨੰਬਰ ਛੇ 'ਚ ਹੋਇਆ, ਜੋ ਇਕਾਨਮੀ ਕਲਾਸ ਹੈ। ਇਸ ਦੀ ਲਪੇਟ 'ਚ ਆਉਣ ਕਾਰਨ 2 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਸਥਾਨਕ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਧਮਾਕੇ ਦੇ ਕਾਰਨਾਂ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ ਪਰ ਇਸ ਹਮਲੇ ਪਿੱਛੇ ਕਿਸੇ ਅੱਤਵਾਦੀ ਸਮੂਹ ਦਾ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਦੱਸ ਦੇਈਏ ਕਿ ਪਿਛਲੇ ਮਹੀਨੇ ਹੀ ਜਾਫਰ ਐਕਸਪ੍ਰੈਸ ਵਿੱਚ ਅਜਿਹਾ ਹੀ ਇੱਕ ਧਮਾਕਾ ਹੋਇਆ ਸੀ। ਇਸ ਧਮਾਕੇ ਵਿਚ ਅੱਠ ਲੋਕ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਇਸ ਧਮਾਕੇ ਨਾਲ ਜਾਫਰ ਐਕਸਪ੍ਰੈਸ ਦੇ ਦੋ ਡੱਬੇ ਵੀ ਪਟੜੀ ਤੋਂ ਉਤਰ ਗਏ।

# ਯੂਟਿਊਬ ਦੀ ਸੀਈਓ ਸੂਜ਼ਨ ਵੋਜਿਕੀ ਨੇ ਦਿੱਤਾ ਅਸਤੀਫਾ, ਭਾਰਤੀ ਮੂਲ ਦੇ ਨੀਲ ਮੋਹਨ ਬਣੇ ਨਵੇਂ ਮੁਖੀ




ਵਾਸ਼ਿੰਗਟਨ, 16 ਫਰਵਰੀ (ਪੋਸਟ ਬਿਊਰੋ) - ਗਲੋਬਲ ਆਨਲਾਈਨ ਵੀਡੀਓ ਸ਼ੇਅਰਿੰਗ ਪਲੇਟਫਾਰਮ ਯੂਟਿਊਬ ਦੀ ਮੁੱਖ ਕਾਰਜਕਾਰੀ ਅਧਿਕਾਰੀ (CEO) ਸੂਜ਼ਨ ਡਾਇਨੇ ਵੋਜਿਕੀ ਨੇ ਆਪਣਾ ਅਹੁਦਾ ਛੱਡ ਦਿੱਤਾ ਹੈ। ਇਸ ਦੇ ਨਾਲ ਹੀ ਭਾਰਤੀ-ਅਮਰੀਕੀ ਮੂਲ ਦੇ ਨੀਲ ਮੋਹਨ ਨੂੰ ਯੂਟਿਊਬ ਦਾ ਨਵਾਂ ਮੁਖੀ ਬਣਾਇਆ ਗਿਆ ਹੈ। ਨੀਲ ਮੋਹਨ ਹੁਣ ਤੱਕ ਯੂਟਿਊਬ ਵਿੱਚ ਮੁੱਖ ਉਤਪਾਦ ਅਧਿਕਾਰੀ ਸਨ। ਇਸ ਦੇ ਨਾਲ ਹੀ ਉਹ ਯੂਟਿਊਬ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਦੀ ਭੂਮਿਕਾ ਵਿੱਚ ਵੀ ਹੋਣਗੇ। ਯੂਟਿਊਬ ਕ੍ਰਿਏਟਰਸ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ।

ਨੀਲ ਮੋਹਨ ਨਵੰਬਰ 2015 ਤੋਂ ਯੂਟਿਊਬ ਨਾਲ ਜੁੜੇ ਹੋਏ ਹਨ। ਆਪਣੇ ਲਿੰਕਡਇਨ ਪ੍ਰੋਫਾਈਲ ਦੇ ਅਨੁਸਾਰ, ਨੀਲ ਮੋਹਨ ਨੇ ਸਟੈਨਫੋਰਡ ਯੂਨੀਵਰਸਿਟੀ ਤੋਂ ਐਮਬੀਏ ਕੀਤਾ ਹੈ। ਉਨ੍ਹਾਂ ਆਪਣੇ ਕਰੀਅਰ ਦੀ ਸ਼ੁਰੂਆਤ ਇੱਕ ਸੀਨੀਅਰ ਵਿਸ਼ਲੇਸ਼ਕ ਵਜੋਂ ਐਕਸੇਂਚਰ ਨਾਲ ਕੀਤੀ।

ਜਦੋਂ ਕਿ, ਸੂਜ਼ਨ ਡਾਇਨ ਵੋਜਿਕੀ ਇੱਕ ਪੋਲਿਸ਼-ਅਮਰੀਕੀ ਕਾਰੋਬਾਰੀ ਔਰਤ ਹੈ। ਉਹ 20 ਸਾਲਾਂ ਤੋਂ ਵੱਧ ਸਮੇਂ ਤੋਂ ਤਕਨੀਕੀ ਉਦਯੋਗ ਨਾਲ ਜੁੜੀ ਹੋਈ ਹੈ। ਉਹ ਫਰਵਰੀ 2014 ਤੋਂ ਯੂਟਿਊਬ ਦੀ ਮੁੱਖੀ ਸਨ। 54 ਸਾਲਾ ਵੋਜਿਕੀ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਨਾਲ ਜ਼ਿਆਦਾ ਸਮਾਂ ਬਿਤਾਉਣਾ ਚਾਹੁੰਦੀ ਹੈ। ਉਹ ਆਪਣੀ ਸਿਹਤ ਅਤੇ ਨਿੱਜੀ ਜ਼ਿੰਦਗੀ 'ਤੇ ਧਿਆਨ ਦੇਣਾ ਚਾਹੁੰਦੀ ਹੈ। ਇਸ ਲਈ ਉਹ ਅਹੁਦਾ ਛੱਡ ਰਹੀ ਹੈ।

ਵੋਜਿਕੀ ਯੂਟਿਊਬ ਦੇ ਸਭ ਤੋਂ ਪੁਰਾਣੇ ਕਰਮਚਾਰੀਆਂ ਵਿੱਚੋਂ ਇੱਕ ਸੀ ਅਤੇ ਲਗਭਗ 25 ਸਾਲਾਂ ਤੋਂ ਮੂਲ ਕੰਪਨੀ ਅਲਫਾਬੇਟ ਇੰਕ ਦੇ ਨਾਲ ਹੈ। ਯੂਟਿਊਬ ਤੋਂ ਪਹਿਲਾਂ, ਉਨ੍ਹਾਂ ਇੰਟੈਲ ਕਾਰਪੋਰੇਸ਼ਨ ਅਤੇ ਬੈਨ ਐਂਡ ਕੰਪਨੀ ਵਿੱਚ ਕੰਮ ਕੀਤਾ। ਇਸ ਦੇ ਨਾਲ ਹੀ, ਭਾਰਤੀ ਮੂਲ ਦੇ ਲੋਕ ਮਾਈਕ੍ਰੋਸਾਫਟ ਦੇ ਮੁਖੀ ਸੱਤਿਆ ਨਡੇਲਾ, ਅਡੋਬ ਦੇ ਸ਼ਾਂਤਨੂ ਨਰਾਇਣ ਅਤੇ ਆਈਬੀਐਮ ਦੇ ਅਰਵਿੰਦ ਕ੍ਰਿਸ਼ਨਾ ਸਮੇਤ ਦੁਨੀਆ ਦੀਆਂ ਕਈ ਵੱਡੀਆਂ ਤਕਨੀਕੀ ਕੰਪਨੀਆਂ ਚਲਾ ਰਹੇ ਹਨ। ਇਹ ਸਿਲੀਕਾਨ ਵੈਲੀ ਵਿੱਚ ਭਾਰਤੀ ਮੂਲ ਦੇ ਲੋਕਾਂ ਦੇ ਦਬਦਬੇ ਨੂੰ ਦਰਸਾਉਂਦਾ ਹੈ।

# ਚੀਨ ਨੇ ਪਾਕਿਸਤਾਨ 'ਚ ਆਪਣਾ ਵਣਜ ਦੂਤਘਰ ਅਸਥਾਈ ਤੌਰ 'ਤੇ ਕੀਤਾ ਬੰਦ



ਇਸਲਾਮਾਬਾਦ, 16 ਫਰਵਰੀ (ਪੋਸਟ ਬਿਊਰੋ) - ਪਾਕਿਸਤਾਨ ਵਿੱਚ ਵਿਗੜਦੀ ਸੁਰੱਖਿਆ ਸਥਿਤੀ ਦੇ ਕਾਰਨ ਚੀਨੀ ਨਾਗਰਿਕਾਂ ਨੂੰ ਸਾਵਧਾਨ ਰਹਿਣ ਦੀ ਸਲਾਹ ਦੇਣ ਦੇ ਕੁਝ ਦਿਨ ਬਾਅਦ ਚੀਨ ਨੇ "ਤਕਨੀਕੀ ਮੁੱਦਿਆਂ" ਦੇ ਕਾਰਨ ਇਸਲਾਮਾਬਾਦ ਵਿੱਚ ਆਪਣੇ ਦੂਤਾਵਾਸ ਦੇ ਕੌਂਸਲਰ ਸੈਕਸ਼ਨ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਹੈ। ਦੂਤਾਵਾਸ ਨੇ ਆਪਣੀ ਵੈੱਬਸਾਈਟ 'ਤੇ ਇਹ ਘੋਸ਼ਣਾ ਕੀਤੀ। ਤਕਨੀਕੀ ਸਮੱਸਿਆ ਦੀ ਪ੍ਰਕਿਰਤੀ ਜਾਂ ਇਸ ਦੇ ਬੰਦ ਰਹਿਣ ਦੇ ਸਮੇਂ ਬਾਰੇ ਖਾਸ ਵੇਰਵੇ ਦੇਣ ਤੋਂ ਗੁਰੇਜ਼ ਕੀਤਾ। ਸਬੰਧਤ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ, 'ਤਕਨੀਕੀ ਮੁੱਦਿਆਂ ਦੇ ਕਾਰਨ, ਇਸਲਾਮਾਬਾਦ ਵਿੱਚ ਚੀਨੀ ਦੂਤਾਵਾਸ ਦਾ ਕੌਂਸਲਰ ਸੈਕਸ਼ਨ ਅਗਲੇ ਨੋਟਿਸ ਤੱਕ ਅਸਥਾਈ ਤੌਰ 'ਤੇ ਬੰਦ ਰਹੇਗਾ।'

ਇਹ ਨੋਟੀਫਿਕੇਸ਼ਨ ਚੀਨੀ ਸਰਕਾਰ ਦੁਆਰਾ ਪਿਛਲੇ ਹਫਤੇ ਜਾਰੀ ਕੀਤੇ ਗਏ ਨੋਟਿਸ ਤੋਂ ਬਾਅਦ ਆਇਆ ਹੈ, ਜਿਸ ਵਿੱਚ ਚੀਨੀ ਨਾਗਰਿਕਾਂ ਨੂੰ ਪਾਕਿਸਤਾਨ ਵਿੱਚ ਸਾਵਧਾਨ ਰਹਿਣ ਦੀ ਸਲਾਹ ਦਿੰਦੇ ਹੋਏ ਕਿਹਾ ਗਿਆ ਹੈ ਕਿ ਵਿਗੜਦੀ ਸੁਰੱਖਿਆ ਸਥਿਤੀ ਕਾਰਨ ਉਨ੍ਹਾਂ ਨੂੰ ਜੋਖਮ ਹੋ ਸਕਦਾ ਹੈ। ਪਾਕਿਸਤਾਨ ਵਿਚ ਪਿਛਲੇ ਸਾਲ ਦੇ ਅਖੀਰ ਤੋਂ ਅੱਤਵਾਦੀ ਹਮਲਿਆਂ ਵਿਚ ਵਾਧਾ ਹੋਇਆ ਹੈ, ਜਦੋਂ ਪਾਕਿਸਤਾਨੀ ਤਾਲਿਬਾਨ ਸਮੂਹ ਨੇ ਸਰਕਾਰ ਨਾਲ ਆਪਣਾ ਸਮਝੌਤਾ ਰੱਦ ਕਰ ਦਿੱਤਾ ਸੀ। ਪਾਕਿਸਤਾਨ 'ਚ ਚੀਨ-ਪਾਕਿਸਤਾਨ ਆਰਥਿਕ ਗਲਿਆਰੇ 'ਤੇ ਕੰਮ ਕਰ ਰਹੇ ਚੀਨੀ ਨਾਗਰਿਕਾਂ 'ਤੇ ਵੱਖ-ਵੱਖ ਅੱਤਵਾਦੀ ਸਮੂਹ ਹਮਲੇ ਕਰ ਰਹੇ ਹਨ।

# ਪਾਕਿਸਤਾਨ 'ਚ ਰਿਕਾਰਡ ਪੱਧਰ 'ਤੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ, 'ਮਿੰਨੀ ਬਜਟ' ਨੇ ਆਮ ਲੋਕਾਂ 'ਤੇ ਵਧਾਇਆ ਬੋਝ



ਇਸਲਾਮਾਬਾਦ, 16 ਫਰਵਰੀ (ਪੋਸਟ ਬਿਊਰੋ) - ਮਹਿੰਗਾਈ ਦੀ ਮਾਰ ਝੱਲ ਰਹੇ ਪਾਕਿਸਤਾਨ ਦੇ ਆਮ ਲੋਕਾਂ 'ਤੇ ਸਰਕਾਰ ਨੇ 'ਮਿੰਨੀ ਬਜਟ' ਪੇਸ਼ ਕਰਕੇ 'ਪੈਟਰੋਲ ਬੰਬ' ਛੱਡ ਦਿੱਤਾ ਹੈ। ਅਜਿਹੇ 'ਚ ਪਾਕਿਸਤਾਨ ਦੇ ਲੋਕਾਂ ਦੀ ਹਾਲਤ 'ਕੰਗਾਲੀ 'ਚ ਗਿੱਲਾ ਆਟਾ' ਵਾਲੀ ਹੋ ਗਈ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੀਆਂ ਸ਼ਰਤਾਂ ਅੱਗੇ ਝੁਕਦਿਆਂ ਪਾਕਿਸਤਾਨ ਸਰਕਾਰ ਨੇ ਪੈਟਰੋਲ ਦੀਆਂ ਕੀਮਤਾਂ ਵਿੱਚ ਇਤਿਹਾਸਕ ਵਾਧਾ ਕੀਤਾ ਹੈ। ਦਰਅਸਲ, ਪਾਕਿਸਤਾਨ ਸਰਕਾਰ ਅਰਥਵਿਵਸਥਾ ਨੂੰ ਸੁਧਾਰਨ ਲਈ ਕਿਸੇ ਵੀ ਹਾਲਤ ਵਿੱਚ ਕੋਸ਼ ਤੋਂ ਕਰਜ਼ਾ ਲੈਣਾ ਚਾਹੁੰਦੀ ਹੈ। ਇਸ ਦੇ ਲਈ ਸਰਕਾਰ 'ਮਿੰਨੀ ਬਜਟ' ਲੈ ਕੇ ਆਈ ਹੈ। ਇਸ ਦੌਰਾਨ 22.20 ਰੁਪਏ ਦੇ ਵਾਧੇ ਤੋਂ ਬਾਅਦ ਪੈਟਰੋਲ ਦੀ ਕੀਮਤ 272 ਰੁਪਏ ਪ੍ਰਤੀ ਲੀਟਰ ਹੋ ਗਈ ਹੈ।

ਪਾਕਿਸਤਾਨ ਦੇ ਵਿੱਤ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਈਂਧਨ ਦੀਆਂ ਕੀਮਤਾਂ ਵਿੱਚ ਵਾਧੇ ਦੀ ਜਾਣਕਾਰੀ ਦਿੱਤੀ ਗਈ ਹੈ। ਹਾਈ ਸਪੀਡ ਡੀਜ਼ਲ ਦੀ ਕੀਮਤ 17.20 ਰੁਪਏ ਵਧ ਕੇ 280 ਰੁਪਏ ਪ੍ਰਤੀ ਲੀਟਰ ਹੋ ਗਈ ਹੈ। ਮਿੱਟੀ ਦਾ ਤੇਲ (ਕੈਰੋਸੀਨ) 12.90 ਰੁਪਏ ਦੇ ਵਾਧੇ ਤੋਂ ਬਾਅਦ ਹੁਣ 202.73 ਰੁਪਏ ਪ੍ਰਤੀ ਲੀਟਰ 'ਤੇ ਉਪਲਬਧ ਹੈ। 9.68 ਰੁਪਏ ਦੇ ਵਾਧੇ ਤੋਂ ਬਾਅਦ ਲਾਈਟ ਡੀਜ਼ਲ 196.68 ਰੁਪਏ ਪ੍ਰਤੀ ਲੀਟਰ 'ਤੇ ਮਿਲੇਗਾ। ਪਾਕਿਸਤਾਨ ਵਿੱਚ ਨਵੀਆਂ ਕੀਮਤਾਂ ਬੁੱਧਵਾਰ ਅੱਧੀ ਰਾਤ 12 ਤੋਂ ਬਾਅਦ ਲਾਗੂ ਹੋ ਗਈਆਂ।

ਦੱਸ ਦੇਈਏ ਕਿ ਮੁਦਰਾ ਕੋਸ਼ ਦੀਆਂ ਪ੍ਰਮੁੱਖ ਸ਼ਰਤਾਂ 'ਚੋਂ ਇਕ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 'ਚ ਵਾਧਾ ਸੀ। ਪਾਕਿਸਤਾਨ 'ਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਪਹਿਲਾਂ ਹੀ ਰਿਕਾਰਡ ਉੱਚ ਪੱਧਰ 'ਤੇ ਹਨ। ਮੂਡੀਜ਼ ਐਨਾਲਿਟਿਕਸ ਦੇ ਸੀਨੀਅਰ ਅਰਥ ਸ਼ਾਸਤਰੀ ਕੈਟਰੀਨਾ ਐਲ ਨੇ ਭਵਿੱਖਬਾਣੀ ਕੀਤੀ ਹੈ ਕਿ ਪਾਕਿਸਤਾਨ ਵਿੱਚ ਮਹਿੰਗਾਈ 2023 ਦੀ ਪਹਿਲੀ ਛਿਮਾਹੀ ਵਿੱਚ ਔਸਤਨ 33 ਫੀਸਦੀ ਰਹਿ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੋਸ਼ ਦਾ ਰਾਹਤ ਪੈਕੇਜ ਹੀ ਪਾਕਿਸਤਾਨ ਦੀ ਅਰਥਵਿਵਸਥਾ ਨੂੰ ਲੀਹ 'ਤੇ ਨਹੀਂ ਲਿਆ ਸਕਦਾ।

'ਮਿੰਨੀ ਬਜਟ' ਰਾਹੀਂ ਪਾਕਿਸਤਾਨ ਦੀ ਆਰਥਿਕਤਾ ਨੂੰ ਸਹਾਰਾ ਦੇਣ ਦੇ ਯਤਨ ਕੀਤੇ ਜਾ ਰਹੇ ਹਨ। ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ ਦੀ ਅਗਵਾਈ ਵਾਲੀ ਸਰਕਾਰ ਬਜਟ ਘਾਟੇ ਨੂੰ ਘੱਟ ਕਰਨ ਦਾ ਟੀਚਾ ਰੱਖ ਰਹੀ ਹੈ। ਖਬਰਾਂ ਮੁਤਾਬਕ ਪਾਕਿਸਤਾਨ ਦਾ ਵਿਦੇਸ਼ੀ ਮੁਦਰਾ ਭੰਡਾਰ 3 ਅਰਬ ਡਾਲਰ ਤੋਂ ਵੀ ਘੱਟ ਹੋ ਗਿਆ ਹੈ। ਸਰਕਾਰ ਨੇ 170 ਅਰਬ ਰੁਪਏ ਇਕੱਠੇ ਕਰਨ ਲਈ ਜਨਤਾ 'ਤੇ ਨਵੇਂ ਟੈਕਸ ਲਗਾ ਦਿੱਤੇ ਹਨ। ਇਹ ਸਭ ਕਰਨ ਤੋਂ ਬਾਅਦ ਵੀ ਉਸ ਨੂੰ ਕੋਸ਼ ਤੋਂ ਜਿੰਨੀ ਮਦਦ ਮਿਲਣ ਦੀ ਉਮੀਦ ਹੈ, ਉਹ ਕਾਫੀ ਨਹੀਂ ਹੈ। ਪਾਕਿਸਤਾਨ ਦੀ ਅਰਥਵਿਵਸਥਾ ਨੂੰ ਲੀਹ 'ਤੇ ਆਉਣ 'ਚ ਕਾਫੀ ਸਮਾਂ ਲੱਗੇਗਾ।

# ਏਅਰ ਇੰਡੀਆ-ਬੋਇੰਗ ਸੌਦਾ ਅਮਰੀਕਾ-ਭਾਰਤ ਸਬੰਧਾਂ ਨੂੰ ਹੋਰ ਡੂੰਘਾ ਕਰੇਗਾ: ਯੂਐੱਸ

ਵਾਸ਼ਿੰਗਟਨ, 16 ਫਰਵਰੀ (ਪੋਸਟ ਬਿਊਰੋ) - ਅਮਰੀਕਾ ਨੇ ਬੀਤੇ ਦਿਨੀਂ ਕਿਹਾ ਕਿ ਏਅਰ ਇੰਡੀਆ ਅਤੇ ਬੋਇੰਗ ਵਿਚਾਲੇ ਵਪਾਰਕ ਜਹਾਜ਼ ਸਮਝੌਤਾ ਭਾਰਤ ਅਤੇ ਅਮਰੀਕਾ ਵਿਚਾਲੇ ਪਹਿਲਾਂ ਤੋਂ ਹੀ ਮਜ਼ਬੂਤ ਸਬੰਧਾਂ ਨੂੰ ਹੋਰ ਡੂੰਘਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇਡ ਪ੍ਰਾਈਸ ਨੇ ਆਪਣੀ ਰੋਜ਼ਾਨਾ ਪ੍ਰੈਸ ਕਾਨਫਰੰਸ ਵਿੱਚ ਕਿਹਾ, "ਇਹ ਸਾਂਝੇ ਹਿੱਤਾਂ, ਸਾਂਝੇ ਮੁੱਲਾਂ, ਸਾਡੇ ਸਾਂਝੇ ਆਰਥਿਕ ਸਬੰਧਾਂ ਦੇ ਅਧਾਰ ਤੇ ਸਾਡੇ ਪਹਿਲਾਂ ਤੋਂ ਮਜ਼ਬੂਤ ਸਬੰਧਾਂ ਨੂੰ ਹੋਰ ਡੂੰਘਾ ਕਰਨ ਦਾ ਮੌਕਾ ਹੈ।" ਬੋਇੰਗ ਅਤੇ ਏਅਰ ਇੰਡੀਆ ਵਿਚਾਲੇ ਸਮਝੌਤੇ ਦੇ ਐਲਾਨ ਤੋਂ ਬਾਅਦ ਇਹ ਸਬੰਧ ਹੋਰ ਡੂੰਘੇ ਹੋਏ ਹਨ।

ਅਮਰੀਕੀ ਰਾਸ਼ਟਰਪਤੀ ਦੇ ਦਫਤਰ 'ਵਾਈਟ ਹਾਊਸ' ਦੀ ਘੋਸ਼ਣਾ ਦੇ ਅਨੁਸਾਰ, ਬੋਇੰਗ ਅਤੇ ਏਅਰ ਇੰਡੀਆ ਵਿਚਕਾਰ ਇੱਕ ਸਮਝੌਤਾ ਹੋਇਆ ਹੈ, ਜਿਸ ਦੇ ਤਹਿਤ ਏਅਰ ਇੰਡੀਆ ਬੋਇੰਗ ਤੋਂ 34 ਬਿਲੀਅਨ ਡਾਲਰ ਵਿੱਚ 220 ਜਹਾਜ਼ ਖਰੀਦੇਗੀ। ਇਹਨਾਂ ਵਿੱਚ 190 B737 Max, 20 B787, ਅਤੇ 10 B777X ਸ਼ਾਮਲ ਹਨ। ਸਮਝੌਤੇ ਦੇ ਤਹਿਤ, 70 ਹੋਰ ਜਹਾਜ਼ ਖਰੀਦਣ ਦਾ ਵਿਕਲਪ ਹੋਵੇਗਾ, ਜਿਸ ਨਾਲ ਕੁੱਲ ਟ੍ਰਾਂਜੈਕਸ਼ਨ ਮੁੱਲ 45.9 ਬਿਲੀਅਨ ਡਾਲਰ ਹੋ ਜਾਵੇਗਾ।

ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ ਇਸ ਸਮਝੌਤੇ ਨਾਲ ਅਮਰੀਕਾ ਦੇ 44 ਰਾਜਾਂ ਵਿੱਚ 10 ਲੱਖ ਨੌਕਰੀਆਂ ਪੈਦਾ ਹੋਣਗੀਆਂ। ਪ੍ਰਾਈਸ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, "ਅਸੀਂ ਇਸਨੂੰ ਸ਼ੁਰੂ ਕਰ ਦਿੱਤਾ ਹੈ। ਇਹ ਨਾ ਸਿਰਫ ਅਮਰੀਕੀ ਅਰਥਵਿਵਸਥਾ ਅਤੇ ਇਸ ਦੇਸ਼ ਦੇ ਕਰਮਚਾਰੀਆਂ ਲਈ ਇੱਕ ਮੌਕਾ ਹੈ, ਸਗੋਂ ਇਹ ਭਾਰਤ ਦੇ ਲੋਕਾਂ ਲਈ ਵੀ ਇੱਕ ਮੌਕਾ ਹੈ।

"ਸੰਯੁਕਤ ਰਾਜ ਅਮਰੀਕਾ ਵਪਾਰਕ ਕੂਟਨੀਤੀ ਰਾਹੀਂ ਬਾਕੀ ਦੁਨੀਆ ਨਾਲ ਆਪਣੇ ਆਰਥਿਕ ਸਬੰਧਾਂ ਨੂੰ ਡੂੰਘਾ ਕਰਨ ਲਈ ਠੋਸ ਅਤੇ ਵਿਵਹਾਰਕ ਤਰੀਕੇ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ, ਨਾ ਸਿਰਫ਼ ਭਾਰਤ ਵਿੱਚ, ਸਗੋਂ ਦੁਨੀਆ ਭਰ ਵਿੱਚ, ਜਿਸ ਨਾਲ ਇੱਥੇ ਅਮਰੀਕੀਆਂ ਨੂੰ ਫਾਇਦਾ ਹੋਵੇ।"

ਪ੍ਰਾਈਸ ਨੇ ਕਿਹਾ, "ਮੇਰਾ ਮੰਨਣਾ ਹੈ ਕਿ ਬੋਇੰਗ ਅਤੇ ਏਅਰ ਇੰਡੀਆ ਵਿਚਕਾਰ ਐਲਾਨਿਆ ਗਿਆ ਸਮਝੌਤਾ ਇਸ ਦੀ ਇੱਕ ਸ਼ਾਨਦਾਰ ਉਦਾਹਰਣ ਹੈ। ਇਸ ਨਾਲ ਇੱਥੇ ਨੌਕਰੀਆਂ ਪੈਦਾ ਹੋਣਗੀਆਂ, ਭਾਰਤ ਵਿੱਚ ਮੌਕੇ ਪੈਦਾ ਹੋਣਗੇ ਅਤੇ ਇਹ ਸਮਝੌਤਾ ਇਸ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

# ਇਜ਼ਰਾਈਲੀ ਫਰਮ 'ਤੇ ਦੁਨੀਆਂ ਭਰ ਦੀਆਂ 30 ਤੋਂ ਵੱਧ ਚੋਣਾਂ ਪ੍ਰਭਾਵਿਤ ਕਰਨ ਦਾ ਦੋਸ਼

ਪੈਰਿਸ, 16 ਫਰਵਰੀ (ਪੋਸਟ ਬਿਊਰੋ) - ਇਕ ਇਜ਼ਰਾਈਲੀ ਫਰਮ 'ਤੇ ਹੈਕਿੰਗ, ਹੇਰਾਫੇਰੀ ਅਤੇ ਗਲਤ ਜਾਣਕਾਰੀ ਫੈਲਾ ਕੇ ਦੁਨੀਆ ਭਰ ਦੀਆਂ 30 ਤੋਂ ਵੱਧ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਹੈ। 'ਗਾਰਡੀਅਨ' ਨੇ ਗੁਪਤ ਮੀਡੀਆ ਜਾਂਚ ਦਾ ਹਵਾਲਾ ਦਿੰਦੇ ਹੋਏ ਬੁੱਧਵਾਰ ਨੂੰ ਆਪਣੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ। ਰਿਪੋਰਟ ਦੇ ਅਨੁਸਾਰ, ਇਹ ਸਾਬਤ ਕਰਦਾ ਹੈ ਕਿ ਕਿਵੇਂ ਦੁਨੀਆ ਭਰ ਦੀਆਂ ਨਿੱਜੀ ਕੰਪਨੀਆਂ ਆਪਣੇ ਹਮਲਾਵਰ ਹੈਕਿੰਗ ਸਾਧਨਾਂ ਅਤੇ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਦੇ ਤਰੀਕਿਆਂ ਨਾਲ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਸ਼ਕਤੀ ਦਾ ਇਸਤੇਮਾਲ ਕਰ ਰਹੀਆਂ ਹਨ।





ਇਜ਼ਰਾਈਲੀ ਫਰਮ, "ਟੀਮ ਜਾਰਜ" ਨਾਮਕ ਨੇ ਇੱਕ ਜਾਅਲੀ ਪਛਾਣ ਦੇ ਨਾਲ, ਪੱਤਰਕਾਰਾਂ ਨਾਲ ਉਹਨਾਂ ਦੇ ਸੰਭਾਵੀ ਗਾਹਕਾਂ ਵਜੋਂ ਗੱਲ ਕੀਤੀ ਅਤੇ ਉਹਨਾਂ ਦੇ ਤਰੀਕਿਆਂ, ਉਹਨਾਂ ਦੀਆਂ ਸਮਰੱਥਾਵਾਂ ਦੀ ਵਰਤੋਂ ਕੀਤੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ "ਟੀਮ ਜਾਰਜ" ਦਾ ਬੌਸ ਤਲ ਹਾਨਾਨ ਹੈ, ਜੋ ਕਿ 50 ਸਾਲਾ ਸਾਬਕਾ ਇਜ਼ਰਾਈਲੀ ਸਪੈਸ਼ਲ ਫੋਰਸਿਜ਼ ਆਪਰੇਟਿਵ ਹੈ। ਉਹ ਕਥਿਤ ਤੌਰ 'ਤੇ ਸੁਰੱਖਿਅਤ ਟੈਲੀਗ੍ਰਾਮ ਖਾਤਿਆਂ, ਹਜ਼ਾਰਾਂ ਫਰਜ਼ੀ ਸੋਸ਼ਲ ਮੀਡੀਆ ਪ੍ਰੋਫਾਈਲਾਂ ਅਤੇ ਖਬਰਾਂ ਦੀਆਂ ਕਹਾਣੀਆਂ ਦੇ 'ਇਲਾਜ' ਵਿੱਚ ਮਾਹਰ ਹੋਣ ਦਾ ਦਾਅਵਾ ਕਰਦਾ ਹੈ।

ਫਰਾਂਸ ਦੀ ਇੱਕ ਗੈਰ-ਲਾਭਕਾਰੀ ਸੰਸਥਾ ਨੇ 'ਟੀਮ ਜਾਰਜ' ਦੇ ਕਾਰਨਾਮੇ ਬੇਨਕਾਬ ਕੀਤੇ ਹਨ। ਇਸ ਵਿੱਚ ਫਰਾਂਸ ਦੇ ਲੇ ਮੋਂਡੇ, ਜਰਮਨੀ ਦੇ ਡੇਰ ਸਪੀਗਲ ਅਤੇ ਸਪੇਨ ਦੇ ਏਲ ਪੇਸ ਸਮੇਤ 30 ਆਉਟਲੈਟਾਂ ਦੇ ਪੱਤਰਕਾਰ ਸ਼ਾਮਲ ਸਨ। 'ਦਿ ਗਾਰਡੀਅਨ' ਨੇ ਆਪਣੀ ਰਿਪੋਰਟ ਵਿੱਚ ਲਿਖਿਆ, "ਟੀਮ ਜਾਰਜ ਦੁਆਰਾ ਦੱਸੇ ਗਏ ਢੰਗ ਅਤੇ ਤਕਨੀਕਾਂ ਵੱਡੇ ਤਕਨਾਲੋਜੀ ਪਲੇਟਫਾਰਮਾਂ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰਦੀਆਂ ਹਨ।" ਹਨਾਨ ਨੇ ਇਨ੍ਹਾਂ ਦੋਸ਼ਾਂ ਦਾ ਕੋਈ ਜਵਾਬ ਨਹੀਂ ਦਿੱਤਾ। ਉਸਨੇ ਸਿਰਫ ਇਹ ਕਿਹਾ, "ਮੈਂ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕਰਦਾ ਹਾਂ।" ਉਸ ਨੇ ਤਿੰਨ ਅੰਡਰਕਵਰ ਪੱਤਰਕਾਰਾਂ ਬਾਰੇ ਦੱਸਿਆ ਕਿ ਉਨ੍ਹਾਂ ਦੀਆਂ ਸੇਵਾਵਾਂ ਖੁਫੀਆ ਏਜੰਸੀਆਂ, ਸਿਆਸੀ ਮੁਹਿੰਮਾਂ ਅਤੇ ਪ੍ਰਾਈਵੇਟ ਕੰਪਨੀਆਂ ਲਈ ਉਪਲਬਧ ਹਨ।

# ਮਿਸ਼ੀਗਨ ਸਟੇਟ ਯੂਨੀਵਰਸਿਟੀ 'ਚ ਗੋਲੀਬਾਰੀ, 3 ਦੀ ਮੌਤ

ਮਿਸ਼ੀਗਨ, 16 ਫਰਵਰੀ (ਪੋਸਟ ਬਿਊਰੋ) - ਅਮਰੀਕਾ ਦੇ ਮਿਸ਼ੀਗਨ 'ਚ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਸੋਮਵਾਰ ਨੂੰ ਈਸਟ ਲੈਂਸਿੰਗ ਵਿੱਚ ਮਿਸ਼ੀਗਨ ਸਟੇਟ ਯੂਨੀਵਰਸਿਟੀ ਵਿੱਚ ਗੋਲੀਆਂ ਚਲਾਈਆਂ ਗਈਆਂ, ਜਿਸ ਵਿੱਚ ਤਿੰਨ ਦੀ ਮੌਤ ਹੋ ਗਈ ਅਤੇ ਪੰਜ ਜ਼ਖ਼ਮੀ ਹੋ ਗਏ। ਗੋਲੀਬਾਰੀ ਦੀ ਘਟਨਾ ਤੋਂ ਬਾਅਦ ਸ਼ੱਕੀ ਨੂੰ ਪੈਦਲ ਭੱਜਦੇ ਦੇਖਿਆ ਗਿਆ। ਗੋਲੀਬਾਰੀ ਬਾਰੇ ਹੋਰ ਵੇਰਵੇ ਤੁਰੰਤ ਉਪਲਬਧ ਨਹੀਂ ਸਨ, ਪਰ ਯੂਨੀਵਰਸਿਟੀ ਸੁਰੱਖਿਆ ਨੇ ਟਵਿੱਟਰ 'ਤੇ ਕਿਹਾ ਕਿ ਬਰਕ ਹਾਲ ਅਤੇ ਆਈਐਮ ਈਸਟ ਐਥਲੈਟਿਕ ਸਹੂਲਤ ਵਜੋਂ ਜਾਣੀ ਜਾਂਦੀ ਅਕਾਦਮਿਕ ਇਮਾਰਤ ਦੇ ਨੇੜੇ ਦੋ ਸਥਾਨਾਂ 'ਤੇ ਗੋਲੀਬਾਰੀ ਕੀਤੀ ਗਈ ਸੀ। ਮਿਸ਼ੀਗਨ ਰਾਜ ਦੀ ਰਾਜਧਾਨੀ ਲੈਂਸਿੰਗ ਤੋਂ ਲਗਭਗ 90 ਮੀਲ ਉੱਤਰ-ਪੱਛਮ ਵਿੱਚ ਇੱਕ ਸ਼ੱਕੀ ਵਿਅਕਤੀ ਦਿਖਾਈ ਦਿੱਤਾ ਹੈ। ਈਸਟ ਲੈਂਸਿੰਗ ਪੁਲਿਸ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ। ਉਸ ਨੇ ਦੱਸਿਆ ਕਿ ਸ਼ੱਕੀ ਨੌਜਵਾਨ ਲੜਕਾ ਹੈ ਅਤੇ ਉਸ ਨੇ ਮਾਸਕ ਪਾਇਆ ਹੋਇਆ ਹੈ। ਉਹ ਪੈਦਲ ਜਾ ਰਿਹਾ ਹੈ। ਘਟਨਾ ਕਾਰਨ ਯੂਨੀਵਰਸਿਟੀ ਦੀਆਂ ਸਾਰੀਆਂ ਜਮਾਤਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ।




# ਬਾਈਡਨ ਪ੍ਰਸ਼ਾਸਨ ਦਾ ਵੱਡਾ ਕਦਮ, ਸੀਐਸਪੀਏ ਤਹਿਤ ਨੀਤੀ ਮੈਨੂਅਲ 'ਚ ਬਦਲਾਅ, ਭਾਰਤੀਆਂ ਨੂੰ ਮਿਲੇਗਾ ਫਾਇਦਾ

ਵਾਸ਼ਿੰਗਟਨ, 16 ਫਰਵਰੀ (ਪੋਸਟ ਬਿਊਰੋ): ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਦੇ ਪ੍ਰਸ਼ਾਸਨ ਨੇ ਚਾਈਲਡ ਸਟੇਟਸ ਪ੍ਰੋਟੈਕਸ਼ਨ ਐਕਟ (ਸੀਐਸਪੀਏ) ਦੇ ਤਹਿਤ ਕੁਝ ਸਥਿਤੀਆਂ ਵਿੱਚ ਪ੍ਰਵਾਸੀ ਦੀ ਉਮਰ ਦੀ ਗਣਨਾ ਕਰਨ ਦੇ ਉਦੇਸ਼ ਲਈ ਇੱਕ ਨੀਤੀ ਮੈਨੂਅਲ ਨੂੰ ਅਪਡੇਟ ਕਰਨ ਦਾ ਐਲਾਨ ਕੀਤਾ ਹੈ। ਇਸ ਕਦਮ ਨੂੰ ਭਾਵੇਂ ਛੋਟਾ ਹੋਣ ਦੇ ਬਾਵਜੂਦ ਵੀਜ਼ਾ ਪ੍ਰਾਪਤ ਕਰਨ ਲਈ ਉਮਰ ਸੀਮਾ ਪਾਰ ਕਰ ਚੁੱਕੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ, ਜਦੋਂ ਕਿ ਉਹ ਅਜੇ ਵੀ ਬੱਚਿਆਂ ਦੇ ਰੂਪ ਵਿੱਚ ਆਪਣੇ ਮਾਤਾ-ਪਿਤਾ ਨਾਲ ਅਮਰੀਕਾ ਵਿੱਚ ਰਹਿ ਰਹੇ ਹਨ। ਇਨ੍ਹਾਂ ਵਿੱਚ ਵੱਡੀ ਗਿਣਤੀ ਭਾਰਤੀ ਹਨ।

ਪਰਿਵਾਰ-ਪ੍ਰਯੋਜਿਤ ਜਾਂ ਰੁਜ਼ਗਾਰ-ਆਧਾਰਿਤ ਵੀਜ਼ਾ ਲਈ ਆਪਣੇ ਮਾਤਾ-ਪਿਤਾ ਦੀ ਮਨਜ਼ੂਰਸ਼ੁਦਾ ਅਰਜ਼ੀ ਦੇ ਆਧਾਰ 'ਤੇ ਸੰਯੁਕਤ ਰਾਜ ਅਮਰੀਕਾ ਵਿੱਚ ਕਾਨੂੰਨੀ ਸਥਾਈ ਨਿਵਾਸੀ ਦਾ




ਦਰਜਾ ਪ੍ਰਾਪਤ ਕਰਨ ਲਈ ਬਿਨੈਕਾਰ ਦੀ ਉਮਰ 21 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਜੇਕਰ ਬਿਨੈਕਾਰ ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ 21 ਸਾਲ ਦਾ ਹੋ ਜਾਂਦਾ ਹੈ, ਭਾਵ ਜੇਕਰ ਉਹ ਨਿਰਧਾਰਤ ਉਮਰ ਤੋਂ ਵੱਧ ਜਾਂਦਾ ਹੈ, ਤਾਂ ਉਹ ਆਮ ਤੌਰ 'ਤੇ ਬਿਨੈ-ਪੱਤਰ ਦੇ ਆਧਾਰ 'ਤੇ ਮਾਪਿਆਂ ਨਾਲ ਰਹਿਣ ਦਾ ਹੱਕਦਾਰ ਨਹੀਂ ਹੁੰਦਾ ਹੈ।

ਦੀਪ ਪਟੇਲ, ਜੋ ਕਿ ਵੱਧ ਉਮਰ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਲਗਭਗ 20 ਲੱਖ ਲੋਕਾਂ ਦੀ ਅਗਵਾਈ ਕਰਦੇ ਹਨ, ਨੇ ਕਿਹਾ, "ਯੂਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂਐੱਸਸੀਆਈਐੱਸ) ਨੇ ਅਧਿਕਾਰਤ ਤੌਰ 'ਤੇ ਨੀਤੀਗਤ ਤਬਦੀਲੀ ਕੀਤੀ ਹੈ ਜਿਸ ਦੀ ਅਸੀਂ ਭਾਲ ਕਰ ਰਹੇ ਹਾਂ, ਲੰਬੇ ਸਮੇਂ ਤੋਂ ਬੇਨਤੀ ਕਰ ਰਹੇ ਹਨ। ਯੂਐਸਸੀਐਸ ਸੀਐਸਪੀਏ ਦੀ ਉਮਰ ਨਿਰਧਾਰਤ ਕਰਨ ਲਈ 'ਫਾਈਲਿੰਗ ਚਾਰਟ' ਮਿਤੀਆਂ ਦੀ ਵਰਤੋਂ ਕਰੇਗਾ ਅਤੇ ਪਹਿਲਾਂ ਤੋਂ ਇਨਕਾਰ ਕੀਤੀਆਂ ਅਰਜ਼ੀਆਂ ਨੂੰ ਦੁਬਾਰਾ ਭਰਿਆ ਜਾ ਸਕਦਾ ਹੈ।"

ਏਜੰਸੀ ਨੇ ਕਿਹਾ ਕਿ ਯੂਐਸਸੀਆਈਸੀ ਨਵੇਂ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਸੀਐਸਪੀਏ ਲਈ ਇਨ੍ਹਾਂ ਪ੍ਰਵਾਸੀਆਂ ਦੀ ਉਮਰ ਦੀ ਗਣਨਾ ਕਰਨ ਦੇ ਉਦੇਸ਼ ਲਈ 'ਫਾਈਨਲ ਐਕਸ਼ਨ ਡੇਟ ਚਾਰਟ' ਦੀ ਬਜਾਏ 'ਫਾਈਲਿੰਗ ਚਾਰਟ' ਦੀਆਂ ਤਾਰੀਕਾਂ ਦੀ ਵਰਤੋਂ ਕਰੇਗੀ। ਦੱਸ ਦੇਈਏ ਕਿ ਅਮਰੀਕੀ ਵਿਦੇਸ਼ ਵਿਭਾਗ ਦੇ ਵੀਜ਼ਾ ਬੁਲੇਟਿਨ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕੀਤੀ ਜਾਂਦੀ ਹੈ ਕਿ ਵੀਜ਼ਾ ਨੰਬਰ ਕਦੋਂ ਉਪਲਬਧ ਹੋਵੇਗਾ। ਵੀਜ਼ਾ ਬੁਲੇਟਿਨ ਵਿੱਚ ਦੋ ਚਾਰਟ ਹਨ, 'ਫਾਈਲਿੰਗ ਚਾਰਟ ਦੀਆਂ ਤਾਰੀਕਾਂ' ਅਤੇ 'ਅੰਤਿਮ ਕਾਰਵਾਈ ਮਿਤੀ ਚਾਰਟ'।

# ਛਤਰਪਤੀ ਸ਼ਿਵਾਜੀ ਦੀ ਗੁੰਮ ਹੋਈ ਮੂਰਤੀ ਕਬਾੜਖਾਨੇ 'ਚੋਂ ਮਿਲੀ, ਥੋੜ੍ਹੇ ਦਿਨ ਪਹਿਲਾਂ ਹੋਈ ਸੀ ਚੋਰੀ

ਕੈਲੀਫੋਰਨੀਆ, 16 ਫਰਵਰੀ (ਪੋਸਟ ਬਿਊਰੋ) - ਕੈਲੀਫੋਰਨੀਆ ਦੇ ਸੈਨ ਜੋਸ ਦੇ ਇੱਕ ਪਾਰਕ ਵਿੱਚੋਂ ਚੋਰੀ ਹੋਈ ਛਤਰਪਤੀ ਸ਼ਿਵਾਜੀ ਮਹਾਰਾਜ ਦੀ ਮੂਰਤੀ ਇੱਕ ਕਬਾੜਖਾਨੇ ਵਿੱਚੋਂ ਮਿਲੀ ਹੈ। ਰਿਪੋਰਟਾਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਜਿਸ ਕਬਾੜ ਸਟੋਰ ਵਿੱਚ ਛਤਰਪਤੀ ਸ਼ਿਵਾਜੀ ਮਹਾਰਾਜ ਦੀ ਮੂਰਤੀ ਲੱਗੀ ਹੋਈ ਹੈ, ਉਹ ਗੈਰ-ਕਾਨੂੰਨੀ ਗਤੀਵਿਧੀਆਂ ਲਈ ਜਾਣਿਆ ਜਾਂਦਾ ਹੈ। ਇਹ ਉੱਤਰੀ ਅਮਰੀਕਾ ਵਿੱਚ ਮਰਾਠਾ ਸ਼ਾਸਕ ਦੀ ਇੱਕੋ ਇੱਕ ਮੂਰਤੀ ਸੀ।



ਇਹ ਕਬਾੜਖਾਨਾ ਕਈ ਵਾਰ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਲੈ ਕੇ ਸੁਰਖੀਆਂ 'ਚ ਰਿਹਾ ਹੈ। ਦੱਸ ਦੇਈਏ ਕਿ ਛਤਰਪਤੀ ਸ਼ਿਵਾਜੀ ਮਹਾਰਾਜ ਦੀ ਇਹ ਮੂਰਤੀ ਲਗਭਗ 200 ਕਿਲੋ ਦੀ ਹੈ। ਇਹ ਮੂਰਤੀ 1999 ਵਿੱਚ ਸੈਨ ਜੋਸ ਨੂੰ ਭਾਰਤੀ ਸ਼ਹਿਰ ਪੁਣੇ ਤੋਂ ਤੋਹਫ਼ੇ ਵਜੋਂ ਦਿੱਤੀ ਗਈ ਸੀ।

ਇਹ 31 ਜਨਵਰੀ ਨੂੰ ਗੁਆਡਾਲੁਪ ਰਿਵਰ ਪਾਰਕ ਤੋਂ ਚੋਰੀ ਹੋਣ ਦੀ ਸੂਚਨਾ ਮਿਲੀ ਸੀ। ਚੋਰਾਂ ਨੇ ਮੂਰਤੀ ਦੇ ਘੋੜੇ ਦੇ ਖੁਰ ਤੋੜ ਦਿੱਤੇ ਸਨ। ਪੁਲੀਸ ਨੇ ਇਸ ਮਾਮਲੇ ਵਿੱਚ ਕਬਾੜਖਾਨੇ ਦੇ ਮੁਲਾਜ਼ਮਾਂ ਤੋਂ ਪੁੱਛਗਿੱਛ ਕੀਤੀ। ਹਾਲਾਂਕਿ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਚੋਰੀ ਦੀ ਘਟਨਾ ਤੋਂ ਬਾਅਦ ਵਿਭਾਗ ਨੇ ਇੱਕ ਟਵੀਟ ਵਿੱਚ ਕਿਹਾ, ਸ਼ਹਿਰ ਇਸ ਲੈਂਡਮਾਰਕ ਦੀ ਚੋਰੀ ਤੋਂ ਬਹੁਤ ਦੁਖੀ ਹੈ। ਅਸੀਂ ਇੱਕ ਹੱਲ ਲੱਭਣ ਲਈ ਕਮਿਊਨਿਟੀ ਲੀਡਰਾਂ ਨਾਲ ਕੰਮ ਕਰ ਰਹੇ ਹਾਂ ਅਤੇ ਜਲਦੀ ਹੀ ਇੱਕ ਅਪਡੇਟ ਪ੍ਰਦਾਨ ਕਰਾਂਗੇ।

# ਤੁਰਕੀ-ਸੀਰੀਆ 'ਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 40 ਹਜ਼ਾਰ ਤੋਂ ਪਾਰ, 13 ਹਜ਼ਾਰ ਤੋਂ ਵੱਧ ਹਸਪਤਾਲ 'ਚ ਦਾਖਲ

ਅੰਤਾਕਿਆ, 16 ਫਰਵਰੀ (ਪੋਸਟ ਬਿਊਰੋ) - ਤੁਰਕੀ ਅਤੇ ਸੀਰੀਆ ਵਿੱਚ ਆਏ ਭਿਆਨਕ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ 40 ਹਜ਼ਾਰ ਨੂੰ ਪਾਰ ਕਰ ਗਈ ਹੈ। ਤੁਰਕੀ ਦੇ ਰਾਸ਼ਟਰਪਤੀ ਰਜਬ ਤਇਅਬ ਏਰਦੋਗਨ ਨੇ ਕਿਹਾ ਹੈ ਕਿ ਪਿਛਲੇ ਹਫ਼ਤੇ ਆਏ ਭੂਚਾਲ ਕਾਰਨ ਦੇਸ਼ ਵਿੱਚ ਹੁਣ ਤੱਕ 35 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। 100 ਸਾਲ ਪਹਿਲਾਂ ਦੇਸ਼ ਦੀ ਸਥਾਪਨਾ ਤੋਂ ਬਾਅਦ ਇਹ ਸਭ ਤੋਂ ਘਾਤਕ ਤਬਾਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਹੋਰ ਵਧਣੀ ਤੈਅ ਹੈ ਕਿਉਂਕਿ ਮਲਬਾ ਹਟਾਉਣ ਦਾ ਕੰਮ ਅਜੇ ਪੂਰਾ ਨਹੀਂ ਹੋਇਆ ਹੈ। ਇਸ ਦੇ ਨਾਲ ਹੀ ਭੂਚਾਲ ਤੋਂ ਬਾਅਦ ਬੇਘਰ ਹੋਏ ਹਜ਼ਾਰਾਂ ਲੋਕਾਂ ਵਿੱਚੋਂ ਕਈ ਅਜੇ ਵੀ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਸੰਘਰਸ਼ ਕਰ ਰਹੇ ਹਨ ਅਤੇ ਅਜਿਹੀ ਸਥਿਤੀ ਵਿਚ ਕੜਾਕੇ ਦੀ ਠੰਢ ਉਨ੍ਹਾਂ ਲਈ ਹੋਰ ਵੀ ਮੁਸੀਬਤ ਪੈਦਾ ਕਰ ਰਹੀ ਹੈ।

ਤੁਰਕੀ ਵਿੱਚ 1939 ਦੇ ਅਰਜਨਕਨ ਭੂਚਾਲ ਵਿੱਚ ਲਗਭਗ 33,000



ਲੋਕ ਮਾਰੇ ਗਏ ਸਨ। ਇਹ ਸੰਖਿਆ ਹਾਲੀਆ ਭੂਚਾਲਾਂ ਵਿੱਚ ਹੋਈਆਂ ਮੌਤਾਂ ਦੀ ਪੁਸ਼ਟੀ ਦੇ ਅੰਕੜਿਆਂ ਵਿੱਚ ਪਿੱਛੇ ਰਹਿ ਗਈ ਹੈ। ਏਰਦੋਗਨ ਨੇ ਕਿਹਾ ਕਿ ਕਾਹਰਾਮਨਮਰਾਸ ਅਤੇ 6 ਫਰਵਰੀ ਨੂੰ ਆਏ ਭੂਚਾਲ ਕਾਰਨ 1,05,505 ਲੋਕ ਜ਼ਖਮੀ ਹੋਏ ਹਨ।

ਇਸ ਦੇ ਨਾਲ ਹੀ ਗੁਆਂਢੀ ਦੇਸ਼ ਸੀਰੀਆ 'ਚ ਵੀ ਕਰੀਬ 4700 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਦੋਵਾਂ ਦੇਸ਼ਾਂ ਵਿਚ ਮਰਨ ਵਾਲਿਆਂ ਦੀ ਸੰਯੁਕਤ ਗਿਣਤੀ 40,000 ਨੂੰ ਪਾਰ ਕਰ ਗਈ ਹੈ। ਇਸ ਭੂਚਾਲ ਨੂੰ 'ਸਦੀ ਦੀ ਆਫ਼ਤ' ਦੱਸਦੇ ਹੋਏ ਤੁਰਕੀ ਦੇ ਰਾਸ਼ਟਰਪਤੀ ਨੇ ਕਿਹਾ ਕਿ 13 ਹਜ਼ਾਰ ਤੋਂ ਵੱਧ ਲੋਕ ਅਜੇ ਵੀ ਹਸਪਤਾਲ 'ਚ ਇਲਾਜ ਅਧੀਨ ਹਨ।

# ਵਿੱਤ ਮੰਤਰੀ ਹਰਪਸਲ ਸਿੰਘ ਚੀਮਾ ਨੇ ਰਾਜ ਸਰਕਾਰ ਦੇ ਵਿਭਾਗਾਂ ਨਾਲ ਪ੍ਰੀ-ਬਜਟ ਮੀਟਿੰਗ ਕੀਤੀ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਵਿੱਤੀ ਸਾਲ 2023-24 ਦੇ ਬਜਟ ਅਨੁਮਾਨਾਂ ਨੂੰ ਅੰਤਿਮ ਰੂਪ ਦੇਣ ਲਈ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਪ੍ਰੀ-ਬਜਟ ਮੀਟਿੰਗਾਂ ਦੀ ਸ਼ੁਰੂਆਤ ਕੀਤੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਪਣੇ ਦਫ਼ਤਰ ਵਿਖੇ ਵੱਖ-ਵੱਖ ਵਿਭਾਗਾਂ ਦੇ ਸਕੱਤਰਾਂ ਅਤੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸਬੰਧਤ



ਵਿਭਾਗਾਂ ਦੀਆਂ ਬਜਟ ਸਬੰਧੀ ਲੋੜਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਮੀਟਿੰਗਾਂ ਦੌਰਾਨ ਇਨ੍ਹਾਂ ਅਧਿਕਾਰੀਆਂ ਨੇ ਵਿੱਤ ਮੰਤਰੀ ਨੂੰ ਸਬੰਧਤ ਵਿਭਾਗਾਂ ਦੀਆਂ ਚਾਲੂ ਸਾਲ ਦੀਆਂ ਪ੍ਰਾਪਤੀਆਂ ਅਤੇ ਵਿੱਤੀ ਸਾਲ 2023-24 ਲਈ ਮਿਥੇ ਟੀਚਿਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਵੱਖ-ਵੱਖ ਸਕੀਮਾਂ ਅਧੀਨ ਲਾਭਪਾਤਰੀਆਂ ਦੀ ਸੰਖਿਆ ਦੇ ਨਾਲ-ਨਾਲ ਅਗਲੇ ਵਿੱਤੀ ਸਾਲ ਦੌਰਾਨ ਸੰਭਾਵਿਤ ਵਾਧੇ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਇਸ ਦੌਰਾਨ ਵਿੱਤੀ ਸਾਲ 2023-24 ਲਈ ਵੱਖ-ਵੱਖ ਵਿਭਾਗਾਂ ਦੁਆਰਾ ਪ੍ਰਸਤਾਵਿਤ ਨਵੀਆਂ ਯੋਜਨਾਵਾਂ ਅਨੁਸਾਰ ਬਜਟ ਦੇ ਪ੍ਰਬੰਧਾਂ ਦੀ ਯੋਜਨਾ ਬਣਾਉਣ ਲਈ ਵਿਸਥਾਰ ਵਿਚ ਚਰਚਾ ਕੀਤੀ ਗਈ।

ਅੱਜ ਜਿੰਨ੍ਹਾਂ ਪ੍ਰਮੁੱਖ ਵਿਭਾਗਾਂ ਨਾਲ ਵਿੱਤ ਮੰਤਰੀ ਵਲੋਂ ਮੀਟਿੰਗ ਕੀਤੀ ਗਈ ਉਨ੍ਹਾਂ ਵਿਚ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ, ਸਕੂਲ ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਸਹਿਕਾਰਤਾ, ਗ੍ਰਹਿ ਮਾਮਲੇ ਅਤੇ ਨਿਆਂ, ਕਰ, ਬਿਜਲੀ ਅਤੇ ਆਬਕਾਰੀ ਸ਼ਾਮਿਲ ਸਨ।

# ਕੌਮੀ ਵਾਕਿੰਗ ਚੈਂਪੀਅਨਸ਼ਿਪ ਵਿੱਚ ਮਾਨਸਾ ਦੀ ਮੰਜੂ ਨੇ 35 ਕਿਲੋਮੀਟਰ ਵਿੱਚ ਨਵਾਂ ਨੈਸ਼ਨਲ ਰਿਕਾਰਡ ਬਣਾਇਆ

## -ਮੀਤ ਹੇਅਰ ਨੇ ਓਲੰਪਿਕਸ ਲਈ ਕੁਆਲੀਫਾਈ ਹੋਏ ਅਕਸ਼ਦੀਪ ਸਿੰਘ ਨੂੰ ਫੋਨ ਕਰਕੇ ਦਿੱਤੀ ਮੁਬਾਰਕਬਾਦ




ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਰਾਂਚੀ ਵਿਖੇ ਚੱਲ ਰਹੀ 10ਵੀਂ ਕੌਮੀ ਵਾਕਿੰਗ ਚੈਂਪੀਅਨਸ਼ਿਪ ਵਿੱਚ ਅੱਜ ਪੰਜਾਬ ਦੀ ਅਥਲੀਟ ਮੰਜੂ ਨੇ 35 ਕਿਲੋਮੀਟਰ ਪੈਦਲ ਤੋਰ ਵਿੱਚ 2.57.54 ਸਮੇਂ ਨਾਲ ਨਵਾਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗਾ ਜਿੱਤਿਆ। ਮਾਨਸਾ ਜ਼ਿਲੇ ਦੇ ਪਿੰਡ ਖੈਰਾ ਖੁਰਦ ਦੀ ਅਥਲੀਟ ਮੰਜੂ ਨੇ ਇਸ ਸਾਲ ਹੋਣ ਵਾਲੀਆਂ ਏਸ਼ਿਆਈ ਖੇਡਾਂ ਲਈ ਵੀ ਕੁਆਲੀਫਾਈ ਕਰ ਲਿਆ।



ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕੌਮੀ ਵਾਕਿੰਗ ਚੈਂਪੀਅਨਸ਼ਿਪ ਵਿੱਚ ਅਕਸ਼ਦੀਪ ਸਿੰਘ ਦੀ ਪ੍ਰਾਪਤੀ ਤੋਂ ਅੱਜ ਮੰਜੂ ਵੱਲੋਂ ਨਵਾਂ ਨੈਸ਼ਨਲ ਰਿਕਾਰਡ ਸਥਾਪਤ ਹੋਣ ਉਤੇ ਮੁਬਾਰਕਬਾਦ ਦਿੱਤੀ। ਉਨ੍ਹਾਂ ਮੰਜੂ ਨੂੰ ਏਸ਼ਿਆਈ ਖੇਡਾਂ ਲਈ ਵੀ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਤੋਂ ਪਹਿਲਾਂ ਮੀਤ ਹੇਅਰ ਨੇ ਬੀਤੇ ਦਿਨ ਨਵਾਂ ਨੈਸ਼ਨਲ ਰਿਕਾਰਡ ਬਣਾ ਕੇ ਪੈਰਿਸ ਓਲੰਪਿਕ ਖੇਡਾਂ ਲਈ ਕੁਆਲੀਫਾਈ ਹੋਏ ਪਹਿਲੇ ਭਾਰਤੀ ਅਥਲੀਟ ਅਕਸ਼ਦੀਪ ਸਿੰਘ ਅਤੇ ਉਸ ਦੇ ਪਿਤਾ ਗੁਰਜੰਟ ਸਿੰਘ ਨੂੰ ਨਿੱਜੀ ਤੌਰ ਉਤੇ ਫੋਨ ਕਰਕੇ ਵਧਾਈਆਂ ਦਿੱਤੀਆਂ। ਉਨ੍ਹਾਂ ਅਥਲੀਟ ਨੂੰ ਏਸ਼ਿਆਈ ਤੇ ਓਲੰਪਿਕ ਖੇਡਾਂ ਦੀ ਤਿਆਰੀ ਲਈ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਮੱਦਦ ਦਾ ਵਿਸ਼ਵਾਸ ਦਿਵਾਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜਲਦ ਹੀ ਉਸ ਨੂੰ ਨਗਦ ਇਨਾਮ ਰਾਸ਼ੀ ਨਾਲ ਸਨਮਾਨਤ ਕਰਨਗੇ। ਖੇਡ ਮੰਤਰੀ ਨੇ ਇਹ ਵੀ ਕਿਹਾ ਕਿ ਉਹ ਇਸ ਸ਼ਨਿਚਰਵਾਰ ਕਾਹਨੇਕੇ ਪਿੰਡ ਆ ਕੇ ਨਿੱਜੀ ਤੌਰ ਉਤੇ ਮੁਬਾਰਕਾਂ ਦੇਣਗੇ।

# ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਵਲੋਂ ਪ੍ਰਦਰਸ਼ਨ, ਡੀਸੀ ਨੂੰ ਸੌਂਪਿਆ ਮੰਗ ਪੱਤਰ



ਬਰਨਾਲਾ, 16 ਫਰਵਰੀ (ਪੋਸਟ ਬਿਊਰੋ): ਗੈਰ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਿਜ਼ ਮੈਨੇਜਮੈਂਟ ਫ਼ੈਡਰੇਸ਼ਨ,ਲੂ ਪ੍ਰਿੰਸੀਪਲ ਐਸੋਸੀਏਸ਼ਨਲੂ, ਪੰਜਾਬ ਚੰਡੀਗੜ੍ਹ ਕਾਲਜਿਜ਼ ਟੀਚਰਜ਼ ਯੂਨੀਅਨ ਅਤੇ ਅਣ ਏਡਿਡ ਪ੍ਰਾਈਵੇਟ ਕਾਲਜਾਂ ਦੀਆਂ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ (ਜੇਏਸੀ) ਦੇ ਸੱਦੇ 'ਤੇ ਅੱਜ ਬਰਨਾਲਾ ਅਤੇ ਸੰਗਰੂਰ ਜ਼ਿਲ੍ਹੇ ਦੇ ਅਧਿਆਪਕਾਂ ਨੇ ਕੰਮ ਬੰਦ ਕਰਕੇ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਐਸ. ਡੀ ਕਾਲਜ ਦੇ ਡਾਇਰੈਕਟਰ ਹਰਦਿਆਲ ਅੱਤਰੀ, ਪ੍ਰਿੰਸੀਪਲ ਡਾ. ਰਮਾ ਸ਼ਰਮਾ, ਪ੍ਰਿੰਸੀਪਲ ਨੀਲਮ ਸ਼ਰਮਾ ਅਤੇ ਯੂਨੀਅਨ ਆਗੂ ਪ੍ਰੋ.ਰਜਿੰਦਰ ਕੁਮਾਰ ਦੀ ਅਗਵਾਈ ਵਿਚ ਜ਼ਿਲ੍ਹੇ ਨਾਲ ਸਬੰਧਿਤ ਸਾਰੇ ਕਾਲਜਾਂ ਦੇ ਸਟਾਫ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੂੰ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਸੌਂਪਿਆ। ਉਹਨਾਂ ਦੱਸਿਆ ਕਿ 1978 ਤੋਂ ਚਲ ਰਹੀ ਸੇਵਾ ਮੁਕਤੀ ਦੀ ਉਮਰ 60 ਤੋਂ ਘਟਾਕੇ 58 ਸਾਲ ਕਰਨਲੂਲੂ ਅਤੇਲੂ ਗ੍ਰਾਂਟ 95 ਪ੍ਰਤੀਸ਼ਤ ਤੋਂ ਘਟਾਕੇ 75 ਪ੍ਰਤੀਸ਼ਤ ਕਰਨ ਸਮੇਤ ਕਈ ਹੋਰ ਮੰਗਾਂ ਨੂੰ ਲੈ ਕੇ ਸਰਕਾਰ ਦੇ ਖ਼ਿਲਾਫ਼ ਲੰਮੇਂ ਸਮੇਂ ਤੋਂ ਸੰਘਰਸ਼ ਚਲਾਇਆ ਜਾ ਰਿਹਾ ਹੈ। ਪਰ ਉੱਚ ਸਿੱਖਿਆ ਵਿਭਾਗ ਕਿਸੇ ਵੀ ਹਾਲਤ ਵਿਚ ਇਹਨਾਂ ਜ਼ਾਇਜ਼ ਮੰਗਾਂ ਨੂੰ ਮੰਨਣ ਲਈ ਤਿਆਰ ਨਹੀਂ ਹੈ। ਯੂਨੀਅਨਾਂ ਵੱਲੋਂ ਸਰਕਾਰ ਦੇ ਹਰ ਸਮਰਥ ਵਿਭਾਗ ਨਾਲ ਗੱਲਬਾਤ ਕਰਕੇ ਇਹਨਾਂ ਵਧੀਕੀਆਂ ਨੂੰ ਦੂਰ ਕਰਨ ਦੀ ਚਾਰਾਜੋਈ ਹੁਣ ਤਕ ਫ਼ੇਲ੍ਹ ਹੀ ਹੋਈ ਹੈ। ਉਹਨਾਂ ਕਿਹਾ ਕਿ ਅਗਲੇ ਸੈਸ਼ਨ ਤੋਂ ਕੇਂਦਰੀਕ੍ਰਿਤ ਦਾਖ਼ਲਾ ਪੋਰਟਲ ਲਾਗੂ ਕਰਨ ਦੀ ਯੋਜਨਾ ਜੋ ਕਿ ਇਕ ਨਿਜੀ ਕੰਪਨੀ ਰਾਹੀਂ ਲਾਗੂ ਕੀਤੀ ਜਾ ਰਹੀ ਹੈ। ਇਹ ਯੋਜਨਾ ਵਿਦਿਆਰਥੀਆਂ ਦੇ ਨਾਲ ਨਾਲ ਕਾਲਜਾਂ ਲਈ ਵੀ ਮਾਰੂ ਸਾਬਤ ਹੋਵੇਗੀ। ਸਰਕਾਰ ਦੀਆਂ ਇਹਨਾਂ ਸਿੱਖਿਆ ਤੇ ਅਧਿਆਪਕ ਵਿਰੋਧੀ ਨੀਤੀਆਂ ਵਿਰੁੱਧ ਜੇਏਸੀ ਦੀ ਅਗਵਾਈ ਵਿੱਚ ਸਾਰੇ ਕਾਲਜਾਂ ਦੇ ਅਧਿਆਪਕ ਸੰਘਰਸ਼ ਕਰਨ ਲਈ ਮਜਬੂਰ ਹੋਏ ਹਨ। ਜੇਕਰ ਸਰਕਾਰ ਅਜਿਹੇ ਲੋਕ ਮਾਰੂ ਫ਼ੈਸਲਿਆਂ ਨੂੰ ਤੁਰੰਤ ਨਹੀਂ ਬਦਲਦੀ ਹੈ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

# ਬੰਬੇ ਹਾਈ ਕੋਰਟ ਦੀ ਸਖ਼ਤ ਟਿੱਪਣੀ, ਕਿਹਾ '21ਵੀਂ ਸਦੀ 'ਚ ਵੀ ਕੁੜੀਆਂ ਨੂੰ ਵਸਤੂ ਦੀ ਤਰ੍ਹਾਂ ਸਮਝਿਆ ਜਾਂਦਾ ਹੈ'

ਮੁੰਬਈ, 16 ਫਰਵਰੀ (ਪੋਸਟ ਬਿਊਰੋ) - ਬੰਬੇ ਹਾਈ ਕੋਰਟ ਨੇ ਇੱਕ ਸਾਲ ਦੀ ਬੱਚੀ ਨੂੰ "ਖਰੀਦਣ" ਦੀ ਮੁਲਜ਼ਮ ਔਰਤ ਨੂੰ ਜ਼ਮਾਨਤ ਦਿੰਦੇ ਹੋਏ ਕਿਹਾ ਹੈ ਕਿ 21ਵੀਂ ਸਦੀ ਵਿੱਚ ਵੀ ਲੜਕੀਆਂ ਨੂੰ ਆਰਥਿਕ ਲਾਭ ਲਈ ਵਸਤੂਆਂ ਅਤੇ ਸਾਧਨਾਂ ਵਜੋਂ ਵਰਤਣ ਦਾ ਰੁਝਾਨ ਹੈ। ਘਟਨਾਵਾਂ ਵਾਪਰ ਰਹੀਆਂ ਹਨ। ਪਿਛਲੇ ਸਾਲ ਮਹਾਰਾਸ਼ਟਰ ਵਿੱਚ ਸਤਾਰਾ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੀ ਗਈ 45 ਸਾਲਾ ਅਸ਼ਵਨੀ ਬਾਬਰ ਦੀ ਜ਼ਮਾਨਤ ਪਟੀਸ਼ਨ 'ਤੇ 8 ਫਰਵਰੀ ਨੂੰ ਦਿੱਤੇ ਆਪਣੇ ਹੁਕਮ ਵਿੱਚ ਜਸਟਿਸ ਐਸਐਮ ਮੋਡਕ ਦੀ ਸਿੰਗਲ ਬੈਂਚ ਨੇ ਕਿਹਾ, ''"ਨੈਤਿਕਤਾ ਅਤੇ ਮਨੁੱਖੀ ਅਧਿਕਾਰਾਂ ਦੇ ਸਿਧਾਂਤ ਦੇ ਸੰਬੰਧ ਵਿਚ ਇਹ ਬਹੁਤ ਹੀ ਇਤਰਾਜ਼ਯੋਗ ਹੈ ਕਿ ਇੱਕ ਸਾਲ ਦੀ ਬੱਚੀ ਨੂੰ ਉਸਦੀ ਮਾਂ ਦੁਆਰਾ "ਵੇਚਿਆ" ਗਿਆ ਸੀ। ਅਦਾਲਤ ਨੇ ਬਾਬਰ ਨੂੰ 25,000 ਰੁਪਏ ਬੇਲ ਬਾਂਡ 'ਤੇ ਜ਼ਮਾਨਤ



ਦਿੰਦਿਆਂ ਕਿਹਾ ਕਿ ਉਸ ਨੂੰ ਜੇਲ੍ਹ ਵਿਚ ਰੱਖਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਸ ਕੇਸ ਦੀ ਸੁਣਵਾਈ ਜਲਦੀ ਸ਼ੁਰੂ ਨਹੀਂ ਹੋਵੇਗੀ ਅਤੇ ਉਸ ਦੇ ਆਪਣੇ ਦੋ ਛੋਟੇ ਬੱਚੇ ਹਨ ਅਤੇ ਉਨ੍ਹਾਂ ਦੀ ਭਲਾਈ ਬਾਰੇ ਵਿਚਾਰ ਕਰਨ ਦੀ ਲੋੜ ਹੈ।

ਵਿਰੋਧੀ ਧਿਰ ਅਨੁਸਾਰ ਮਾਮਲੇ ਦੇ ਮੁਲਜ਼ਮ ਬਾਬਰ ਅਤੇ ਉਸ ਦੇ ਪਤੀ ਨੇ ਲੜਕੀ ਦੀ ਮਾਂ ਨੂੰ ਦਿੱਤੇ ਕਰਜ਼ੇ ਦੇ ਬਦਲੇ ਇੱਕ ਸਾਲ ਦੀ ਬੱਚੀ ਨੂੰ ਖਰੀਦਿਆ ਸੀ, ਜਿਸ ਨੂੰ ਪੈਸਿਆਂ ਦੀ ਸਖ਼ਤ ਲੋੜ ਸੀ। ਜਦੋਂ ਮੁਲਜ਼ਮ ਜੋੜੇ ਨੇ ਕਰਜ਼ਾ ਮੋੜਨ ਦੇ ਬਾਵਜੂਦ ਲੜਕੀ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਲੜਕੀ ਦੀ ਮਾਂ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ। ਬਾਅਦ ਵਿਚ ਬੱਚੀ ਨੂੰ ਉਸ ਦੀ ਮਾਂ ਕੋਲ ਵਾਪਸ ਕਰ ਦਿੱਤਾ ਗਿਆ। ਅਦਾਲਤ ਨੇ ਆਪਣੇ ਹੁਕਮ 'ਚ ਕਿਹਾ, 'ਅਸੀਂ 21ਵੀਂ ਸਦੀ 'ਚ ਹਾਂ, ਅਜੇ ਵੀ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਨ੍ਹਾਂ 'ਚ ਲੜਕੀਆਂ ਨੂੰ ਵਸਤੂਆਂ ਵਾਂਗ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਆਰਥਿਕ ਲਾਭ ਲਈ ਮਾਧਿਅਮ ਵਜੋਂ ਵਰਤਿਆ ਜਾਂਦਾ ਹੈ।' ਅਦਾਲਤ ਨੇ ਕਿਹਾ, 'ਵੇਚਣ' ਸ਼ਬਦ ਦੀ ਵਰਤੋਂ ਕਰਨਾ ਬਹੁਤ ਦੁਖਦਾਈ ਹੈ, ਪਰ ਜ਼ਿੰਦਗੀ ਦਾ ਕੌੜਾ ਸੱਚ ਇਹ ਹੈ ਕਿ ਲੜਕੀ ਦੀ ਮਾਂ ਨੇ ਪੈਸੇ ਦੀ ਲੋੜ ਕਾਰਨ ਉਸ ਨੂੰ ਵੇਚ ਦਿੱਤਾ ਸੀ।' ਹਾਈਕੋਰਟ ਨੇ ਕਿਹਾ, 'ਉਨ੍ਹਾਂ (ਮੁਲਜ਼ਮ) ਨੇ ਮਨੁੱਖਤਾ ਦੇ ਖਿਲਾਫ ਪਾਪ ਕੀਤਾ ਹੈ ਅਤੇ ਫਿਰ ਧੀ ਨੂੰ ਹਿਰਾਸਤ ਵਿਚ ਲੈਣ ਦੀ ਹੱਦ ਤੱਕ ਚਲੇ ਗਏ ਅਤੇ ਜਦੋਂ ਮਾਂ ਨੇ ਕਰਜ਼ਾ ਚੁਕਾਇਆ ਤਾਂ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ।'

# ਬੈਂਕਾਕ 'ਚ ਤੇਜ਼ ਰਫਤਾਰ ਕਾਰ ਰੈਸਟੋਰੈਂਟ ਨਾਲ ਟਕਰਾਈ, ਤਿੰਨ ਗੰਭੀਰ ਜ਼ਖਮੀ

ਬੈਂਕਾਕ, 16 ਫਰਵਰੀ (ਪੋਸਟ ਬਿਊਰੋ) - ਥਾਈਲੈਂਡ ਵਿੱਚ ਇੱਕ ਦੁਰਘਟਨਾ ਵਿੱਚ ਕਥਿਤ ਤੌਰ 'ਤੇ ਸ਼ਰਾਬੀ ਪੁਲਿਸ ਕਰਮਚਾਰੀ ਦੀ ਤੇਜ਼ ਰਫ਼ਤਾਰ ਕਾਰ ਸੜਕ ਕਿਨਾਰੇ ਇੱਕ ਰੈਸਟੋਰੈਂਟ ਵਿੱਚ ਜਾ ਟਕਰਾਈ। ਇਸ ਘਟਨਾ 'ਚ ਤਿੰਨ ਲੋਕ ਗੰਭੀਰ ਜ਼ਖਮੀ ਹੋ ਗਏ। ਇਹ ਘਟਨਾ ਰਾਜਧਾਨੀ ਬੈਂਕਾਕ ਦੇ ਸਫਾਨ ਮਾਈ ਇਲਾਕੇ 'ਚ ਚੀਨੀ ਬਾਰਬਿਕਯੂ ਦੀ ਦੁਕਾਨ 'ਤੇ ਵਾਪਰੀ। ਜਾਰੀ ਵੀਡੀਓ ਇੱਕ ਕਾਲੀ ਸੀਡਾਨ ਰੈਸਟੋਰੈਂਟ ਦੇ ਅੰਦਰ ਗਾਹਕਾਂ ਦੇ ਉੱਪਰ ਦੌੜਦੀ ਦੇਖੀ ਜਾ ਸਕਦੀ ਹੈ। ਸੀਸੀਟੀਵੀ ਫੁਟੇਜ 'ਚ ਦਰਜਨਾਂ ਗਾਹਕ ਰੈਸਟੋਰੈਂਟ ਦੇ ਬਾਹਰ ਬੈਠੇ ਦਿਖਾਈ ਦੇ ਰਹੇ ਹਨ ਜਦੋਂ ਤੇਜ਼ ਰਫਤਾਰ ਪੁਲਸ ਅਧਿਕਾਰੀ ਦੀ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਤਿੰਨ ਲੋਕਾਂ ਨੂੰ ਆਈਸੀਯੂ ਵਿੱਚ ਭਰਤੀ ਕਰਵਾਇਆ ਗਿਆ ਹੈ। ਕਾਰ ਚਾਲਕ ਦੀ ਪਹਿਚਾਣ ਪੁਲਿਸ ਮੇਜਰ ਏਕਾਪੋਂਗ ਅਰਿਆਦੀਪ ਵਜੋਂ ਹੋਈ ਹੈ, ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।



ਕਾਰ ਚਾਲਕ ਦਾ ਕਹਿਣਾ ਹੈ ਕਿ ਉਸ ਨੇ ਯੂ-ਟਰਨ ਲੈਣ ਵਾਲੀ ਕਾਰ ਤੋਂ ਬਚਣ ਲਈ ਮੋੜ ਲਿਆ ਅਤੇ ਇਸ ਦੌਰਾਨ ਗੱਡੀ ਦਾ ਕੰਟਰੋਲ ਗੁਆ ਬੈਠਾ। ਇਸ ਹਾਦਸੇ ਦੌਰਾਨ ਪੁਲਿਸ ਅਧਿਕਾਰੀ ਦੇ ਸਰੀਰ ਵਿੱਚ ਅਲਕੋਹਲ ਦਾ ਪੱਧਰ 126 ਮਿਲੀਗ੍ਰਾਮ ਪਾਇਆ ਗਿਆ, ਜੋ ਕਿ ਨਿਰਧਾਰਤ ਸੀਮਾ ਤੋਂ ਵੱਧ ਹੈ। ਬੈਂਗ ਖੇਨ ਥਾਣੇ ਦੇ ਪੁਲਿਸ ਲੈਫਟੀਨੈਂਟ ਕਰਨਲ ਸਰਾਵਤ ਬੁਤਾਦੀ ਨੇ ਕਿਹਾ, "ਅਸੀਂ ਸਾਰਿਆਂ ਨੂੰ ਭਰੋਸਾ ਦੇਣਾ ਚਾਹੁੰਦੇ ਹਾਂ ਕਿ ਮੁਕੱਦਮਾ ਨਿਰਪੱਖ ਹੋਵੇਗਾ।"

ਏਕਾਪੋਂਗ 'ਤੇ ਸ਼ਰਾਬ ਪੀ ਕੇ ਗੱਡੀ ਚਲਾਉਣ, ਲਾਪਰਵਾਹੀ ਨਾਲ ਡ੍ਰਾਈਵਿੰਗ ਕਰਨ ਦੇ ਨਤੀਜੇ ਵਜੋਂ ਗੰਭੀਰ ਸੱਟ ਲੱਗਣ, ਅਤੇ ਲਾਪਰਵਾਹੀ ਨਾਲ ਗੱਡੀ ਚਲਾਉਣ ਨਾਲ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਉਹ ਸਬੂਤ ਅਤੇ ਗਵਾਹਾਂ ਦੇ ਬਿਆਨ ਇਕੱਠੇ ਕਰ ਰਹੇ ਹਨ ਕਿਉਂਕਿ ਜਾਂਚ ਜਾਰੀ ਹੈ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵਜੋਂ ਸਿਬਿਨ ਸੀ ਨੇ ਅਹੁਦਾ ਸੰਭਾਲਿਆ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਬੈਚ 2005 ਦੇ ਆਈ.ਏ.ਐੱਸ. ਅਧਿਕਾਰੀ ਸਿਬਿਨ ਸੀ ਨੇ ਅੱਜ ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ-2017 ਅਤੇ ਲੋਕ ਸਭਾ ਚੋਣਾਂ-2019 ਦੌਰਾਨ ਪੰਜਾਬ ਦੇ ਵਧੀਕ ਸੀ.ਈ.ਓ. ਵਜੋਂ ਸੇਵਾਵਾਂ ਨਿਭਾਈਆਂ ਹਨ।

ਅਹੁਦਾ ਸੰਭਾਲਣ ਤੋਂ ਬਾਅਦ ਨਵ-ਨਿਯੁਕਤ ਸੀ.ਈ.ਓ. ਪੰਜਾਬ ਨੇ ਕਿਹਾ ਕਿ ਉਹ ਪੰਜਾਬ ਰਾਜ ਵਿਚ ਲੋਕਤਾਂਤਰਿਕ ਸੰਸਥਾ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਮਿਲਣ 'ਤੇ ਮਾਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਵਲੋਂ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਉਣ ਅਤੇ ਵੋਟਰ ਸੂਚੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਪਿਛਲੇ ਸੱਤਰ ਸਾਲਾਂ ਦੌਰਾਨ



ਬਹੁਤ ਕੁਝ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਮੁੱਖ ਚੋਣ ਅਫ਼ਸਰ, ਪੰਜਾਬ ਦਾ ਦਫ਼ਤਰ ਲੋਕਤੰਤਰੀ ਭਾਵਨਾ ਨੂੰ ਬਰਕਰਾਰ ਰੱਖਣ ਅਤੇ ਵੋਟਰਾਂ ਲਈ ਵੋਟਰ ਰਜਿਸਟ੍ਰੇਸ਼ਨ ਤੋਂ ਲੈ ਕੇ ਵੋਟਿੰਗ ਤੱਕ ਚੋਣ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਦ੍ਰਿੜਤਾ ਨਾਲ ਕੰਮ ਕਰੇਗਾ।

ਸੀ.ਈ.ਓ. ਸਿਬਿਨ ਸੀ ਨੇ ਇਹ ਵੀ ਕਿਹਾ ਕਿ ਬਿਹਤਰ ਚੋਣ ਪ੍ਰਬੰਧਨ ਅਤੇ ਸੰਚਾਲਨ ਲਈ ਪਾਰਦਰਸ਼ਤਾ ਲਿਆਉਣ ਅਤੇ ਨਿਰਵਿਘਨ ਵੋਟਰ ਸੇਵਾਵਾਂ ਯਕੀਨੀ ਬਣਾਉਣ ਲਈ ਤਕਨਾਲੋਜੀ ਨੂੰ ਮੁੱਖ ਸਾਧਨ ਬਣਾਇਆ ਜਾਵੇਗਾ।

# ਸੰਕੇਤਕ ਪੱਟੀਆਂ ਪੰਜਾਬੀ ਭਾਸ਼ਾ ਵਿੱਚ ਕਰਵਾਉਣ ਲਈ ਡੀਸੀ ਵੱਲੋਂ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗ

## 21 ਫਰਵਰੀ ਤੱਕ ਕੰਮ ਮੁਕੰਮਲ ਕਰਨ ਦੀ ਹਦਾਇਤ



ਮੋਗਾ, 16 ਫਰਵਰੀ (ਗਿਆਨ ਸਿੰਘ): ਪੰਜਾਬ ਸਰਕਾਰ ਵੱਲੋਂ 21 ਫਰਵਰੀ, 2023 ਤੱਕ ਪੰਜਾਬ ਰਾਜ ਦੇ ਸਮੂਹ ਸਰਕਾਰੀ ਦਫ਼ਤਰਾਂ/ਵਿਭਾਗਾਂ/ਅਦਾਰਿਆਂ/ਸੰਸਥਾਵਾਂ/ਵਿੱਦਿਅਕ ਅਦਾਰਿਆਂ/ਬੋਰਡਾਂ/ਨਿਗਮਾਂ ਅਤੇ ਗ਼ੈਰ ਸਰਕਾਰੀ ਸੰਸਥਾਵਾਂ/ਪਬਲਿਕ ਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ/ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖੇ ਹੋਏ ਯਕੀਨੀ ਬਣਾਏ ਜਾਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ। ਜੇਕਰ ਕਿਸੇ ਹੋਰ ਭਾਸ਼ਾ ਵਿੱਚ ਨਾਮ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਤੋਂ ਬਾਅਦ ਲਿਖਿਆ ਜਾਵੇ। ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵੱਲੋਂ ਇਸ ਸੰਬੰਧੀ ਪੱਤਰ ਰਾਹੀਂ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ।

ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਨੇ ਉਕਤ ਦੀ ਇੰਨ ਬਿੰਨ ਪਾਲਣਾ ਕਰਵਾਉਣ ਦੇ ਮਨੋਰਥ ਵਜੋਂ ਅੱਜ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਹੰਗਾਮੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਵਿੱਚ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਉਪ ਮੰਡਲ ਮੈਜਿਸਟ੍ਰੇਟ ਸ੍ਰੀ ਰਾਮ ਸਿੰਘ, ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਅਜੀਤਪਾਲ ਸਿੰਘ ਅਤੇ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਕਿ 21 ਫਰਵਰੀ ਤੱਕ ਉਨ੍ਹਾਂ ਦੇ ਅਧੀਨ ਆਉਂਦੇ ਸਾਰੇ ਖੇਤਰਾਂ ਵਿੱਚ ਲੱਗੀਆਂ ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਆਦਿ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ। ਇਸਤੋਂ ਇਲਾਵਾ ਉਨ੍ਹਾਂ ਹਦਾਇਤ ਕੀਤੀ ਕਿ ਕਿਸੇ ਵੀ ਵਿਭਾਗ ਅਧੀਨ ਲੱਗੇ ਇਨ੍ਹਾਂ ਬੋਰਡਾਂ ਵਿੱਚ ਕੋਈ ਪੰਜਾਬੀ ਦੇ ਸ਼ਬਦ ਜੋੜ ਗਲਤ ਹਨ ਤਾਂ ਉਨ੍ਹਾਂ ਨੂੰ ਵੀ ਤੁਰੰਤ ਪ੍ਰਭਾਵ ਨਾਲ ਠੀਕ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ।

ਇਸ ਤੋਂ ਇਲਾਵਾ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਮੋਗਾ ਨੂੰ ਜ਼ਿਲ੍ਹੇ ਦੀਆਂ ਸਮੂਹ ਗ੍ਰਾਮ ਪੰਚਾਇਤਾਂ, ਪਿੰਡਾਂ ਅੰਦਰ ਲੋਕਾਂ ਲਈ ਦਿੱਤੀ ਜਾਣ ਵਾਲੀ ਕੋਈ ਵੀ ਜਾਣਕਾਰੀ ਨੂੰ, ਜ਼ਿਲ੍ਹਾ ਉਦਯੋਗ ਅਫ਼ਸਰ ਮੋਗਾ ਨੂੰ ਫੈਕਟਰੀਆਂ, ਉਦਯੋਗਾਂ ਦਾ ਸਮੁੱਚਾ ਦਫ਼ਤਰੀ ਕੰਮ ਕਾਜ ਨੂੰ ਜਨਤਕ ਬੋਰਡਾਂ ਤੇ ਸੂਚਨਾਵਾਂ ਦਾ ਕੰਮ ਸਭ ਤੋਂ ਉੱਪਰ ਪੰਜਾਬੀ ਭਾਸ਼ਾ ਵਿੱਚ ਕਰਵਾਉਣ ਦੇ ਆਦੇਸ਼ ਜਾਰੀ ਕੀਤੇ ਗਏ।

# 9 ਜ਼ਿਲਿਆਂ ਦੇ ਐੱਸ.ਐੱਸ.ਪੀ. ਬਦਲੇ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਪੰਜਾਬ ਸਰਕਾਰ ਨੇ ਬੁੱਧਵਾਰ ਨੂੰ 9 ਜ਼ਿਲਿਆਂ ਦੇ ਐੱਸ.ਐੱਸ.ਪੀ. ਸਮੇਤ 13 ਪੁਲਸ ਅਧਿਕਾਰੀਆਂ ਦਾ ਤਬਾਦਲਾ ਕਰ ਦਿੱਤਾ ਹੈ। ਅਧਿਕਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਚਾਰਜ ਕਬੂਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਆਈ.ਪੀ.ਐੱਸ. ਰਾਜਪਾਲ ਸਿੰਘ ਐੱਸ.ਐੱਸ.ਪੀ. ਕਪੂਰਥਲਾ, ਨਵਨੀਤ ਸਿੰਘ ਬੈਂਸ ਐੱਸ.ਐੱਸ.ਪੀ. ਲੁਧਿਆਣਾ ਰੂਰਲ, ਹਰਜੀਤ ਸਿੰਘ ਏ.ਆਈ.ਜੀ. ਆਰਮਾਮੈਂਟ ਪੰਜਾਬ ਅਤੇ ਵਾਧੂ ਚਾਰਜ ਐੱਸ.ਐੱਸ.ਪੀ. ਫਰੀਦਕੋਟ, ਜੇ. ਏਲੇਂਚੇਜੀਅਨ ਐੱਸ.ਐੱਸ.ਪੀ. ਮੋਗਾ, ਗੁਲਨੀਤ ਸਿੰਘ ਖੁਰਾਣਾ ਐੱਸ.ਐੱਸ.ਪੀ. ਬਠਿੰਡਾ, ਅਮਨੀਤ ਕੋਂਡਲ ਐੱਸ.ਐੱਸ.ਪੀ. ਖੰਨਾ, ਦਯਾਮਾ ਹਰੀਸ਼ ਕੁਮਾਰ ਓਮ ਪ੍ਰਕਾਸ਼ ਐੱਸ.ਐੱਸ.ਪੀ. ਗੁਰਦਾਸਪੁਰ, ਦੀਪਕ ਹਿਲੋਰੀ ਸਟਾਫ ਅਫ਼ਸਰ ਟੂ ਡੀ.ਜੀ.ਪੀ. ਪੰਜਾਬ, ਹਰਮਨਬੀਰ ਸਿੰਘ ਗਿੱਲ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ, ਅਸ਼ਵਨੀ ਗੋਟਿਆਲ ਏ.ਆਈ.ਜੀ. ਐੱਚ.ਆਰ.ਡੀ. ਪੰਜਾਬ ਵਾਧੂ ਚਾਰਜ ਐੱਸ.ਐੱਸ.ਪੀ. ਬਟਾਲਾ, ਸਤਿੰਦਰ ਸਿੰਘ ਐੱਸ.ਐੱਸ.ਪੀ. ਅੰਮ੍ਰਿਤਸਰ ਰੂਰਲ।

ਪੀ.ਪੀ.ਐੱਸ. ਅਧਿਕਾਰੀ - ਭੁਪਿੰਦਰ ਸਿੰਘ ਐੱਸ.ਐੱਸ.ਪੀ. ਮਾਲੇਰਕੋਟਲਾ, ਅਵਨੀਤ ਕੌਰ ਸਿੱਧੂ ਐੱਸ.ਐੱਸ.ਪੀ. ਫਾਜ਼ਿਲਕਾ ਲਗਾਏ ਗਏ ਹਨ।

# ਪ੍ਰੋ. ਸਰਚਾਂਦ ਸਿੰਘ ਭਾਰਤ ਸਰਕਾਰ ਦੇ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਬਣੇ

ਨਵੀਂ ਦਿਲੀ, 16 ਫਰਵਰੀ (ਗਿਆਨ ਸਿੰਘ): ਭਾਰਤ ਸਰਕਾਰ ਨੇ ਘੱਟ ਗਿਣਤੀ ਭਾਈਚਾਰੇ ਦੀਆਂ ਵੱਖ ਵੱਖ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਲਈ ਇਕ ਮਹਤਵਪੂਰਨ ਨਿਯੁਕਤੀ ਕੀਤੀ ਹੈ। ਭਾਰਤ ਸਰਕਾਰ ਦੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੇ ਉੱਘੇ ਸਿੱਖ ਬੁੱਧੀਜੀਵੀ ਅਤੇ ਭਾਜਪਾ ਦੇ ਸਿੱਖ ਆਗੂ ਪ੍ਰੋ: ਸਰਚਾਂਦ ਸਿੰਘ ਖਿਆਲਾ ਨੂੰ ਸਲਾਹਕਾਰ ਵਜੋਂ ਨਾਮਜ਼ਦ ਕੀਤਾ ਹੈ। ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਇਹ ਨਿਯੁਕਤੀ ਉਨ੍ਹਾਂ ਦੀ ਯੋਗਤਾ ਨੂੰ ਧਿਆਨ ਵਿਚ ਰੱਖਦਿਆਂ ਕੀਤੀ ਗਈ ਹੈ। ਉਹ ਆਪਣੇ ਰਾਜ ਵਿੱਚ ਸਬੰਧਿਤ ਘੱਟ ਗਿਣਤੀ ਭਾਈਚਾਰਿਆਂ ਦੇ ਮੁੱਦਿਆਂ ਨੂੰ ਸਰਕਾਰ ਤਕ ਪਹੁੰਚਾਉਣਗੇ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਕਮਿਸ਼ਨ ਨੂੰ ਆਪਣੀਆਂ ਸਲਾਵਾਂ ਦੇਣਗੇ। ਲਾਲਪੁਰਾ ਨੇ ਪ੍ਰੋ. ਸਰਚਾਂਦ ਸਿੰਘ ਨੂੰ ਇਸ ਅਹਿਮ ਨਿਯੁਕਤੀ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਆਸ ਪ੍ਰਗਟਾਈ ਕਿ ਉਹ ਇਸ ਜ਼ੰਮੇਵਾਰੀ ਨੂੰ ਪਹਿਲਾਂ ਨਾਲੋਂ ਵੀ ਵੱਧ ਸੰਜੀਦਗੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸਿੱਖ ਘਟ ਗਿਣਤੀ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਨੂੰ ਢੁਕਵੇਂ



ਸਾਧਨਾਂ ਰਾਹੀਂ ਉਠਾਉਣ ਅਤੇ ਉਨ੍ਹਾਂ ਦੇ ਹੱਲ ਦਾ ਰਾਹ ਲੱਭਣ ਦੀ ਸਖ਼ਤ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੱਕੋ ਮਨਸ਼ਾ ਹੈ ਕਿ ਦੇਸ਼ ਦੇ ਹਰ ਕੋਨੇ ਦੇ ਵਿਚ ਵਸਦੇ ਹਰ ਭਾਈਚਾਰੇ ਦੇ ਲੋਕਾਂ ਨੂੰ ਬਰਾਬਰ ਇਨਸਾਫ਼ ਮਿਲੇ ਅਤੇ ਉਹ ਦੇਸ਼ ਅਤੇ ਸਮਾਜ ਦੀ ਤਰੱਕੀ ਵਿਚ ਆਪਣੀ ਅਹਿਮ ਭੂਮਿਕਾ ਨਿਭਾ ਸਕਣ। ਜ਼ਿਕਰਯੋਗ ਹੈ ਕਿ ਪ੍ਰੋ: ਸਰਚਾਂਦ ਸਿੰਘ ਦਾ ਪਿਛੋਕੜ ਜਿੱਥੇ ਸਿੱਖ ਕੌਮ ਦੀ ਅਹਿਮ ਜਥੇਬੰਦੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਨਾਲ ਜੁੜਿਆ ਹੋਇਆ ਹੈ। ਉੱਥੇ ਹੀ ਉਨ੍ਹਾਂ ਦਾ ਵਿਦਿਆਰਥੀ ਜੀਵਨ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਾਲ ਵੀ ਜੁੜਿਆ ਰਿਹਾ। ਉਹ ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ। ਉਹ ਪ੍ਰਧਾਨ ਮੰਤਰੀ ਮੋਦੀ ਦੀ ਸਿਖ ਭਾਈਚਾਰੇ ਪ੍ਰਤੀ ਸੁਹਿਰਦਤਾ ਤੋਂ ਪ੍ਰਭਾਵਤ ਹੋ ਕੇ ਭਾਜਪਾ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ( ਬਾਦਲ ) 'ਚ ਅਹਿਮ ਸੇਵਾਵਾਂ ਨਿਭਾ ਚੁਕੇ ਹਨ। ਸਰਗਰਮ ਪੰਥਕ ਸਿੱਖ ਸਿਆਸਤ ਵਿਚ ਕਈ ਅਹਿਮ ਪੜਾਵਾਂ ਵਿਚੋਂ ਗੁਜ਼ਰਦਿਆਂ ਉਨ੍ਹਾਂ ਪੰਜਾਬ, ਪੰਜਾਬੀ, ਪੰਜਾਬੀਅਤ, ਸਿੱਖ ਪੰਥ ਅਤੇ ਸਿੱਖ ਸਿਆਸਤ ਦੇ ਚਲੰਤ ਮਸਲਿਆਂ 'ਤੇ ਵੀ ਪੂਰੀ ਪਕੜ ਬਣਾਈ ਰੱਖੀ। ਇਸ ਨੇ ਪੰਜਾਬ ਅਤੇ ਸਿੱਖ ਭਾਈਚਾਰੇ ਦੇ ਮੁੱਦਿਆਂ ਨੂੰ ਉਠਾਉਂਦਿਆਂ ਭਾਰਤ ਦੀ ਸਿਆਸਤ ਵਿਚ ਹੀ ਨਹੀਂ ਪ੍ਰਵਾਸੀ ਸਿੱਖਾਂ ਵਿਚ ਵੀ ਆਪਣੀ ਵਖਰੀ ਪਛਾਣ ਬਣਾਈ ਹੈ। ਭਾਰਤ ਸਰਕਾਰ ਦੇ ਅਧੀਨ ਸਕੱਤਰ, ਸ਼ਰੀਕ ਸਈਦ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਲਈ ਉਨ੍ਹਾਂ ਨੂੰ ਪੱਤਰ ਜਾਰੀ ਕੀਤਾ। ਇਸ ਮੌਕੇ ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਤੋਂ ਇਲਾਵਾ ਉਹ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ, ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ, ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਨ ਚੁਘ, ਸਾਬਕਾ ਸੰਸਦ ਮੈਂਬਰ ਸ਼ਵੇਤ ਮਲਿਕ, ਕਰਨਲ ਜੈਬੰਸ ਸਿੰਘ ਅਤੇ ਰਜਿੰਦਰਮੋਹਨ ਸਿੰਘ ਛੀਨਾ ਦਾ ਤਹਿ ਦਿਲੋਂ ਧੰਨਵਾਦੀ ਹੈ, ਜਿਨ੍ਹਾਂ ਨੇ ਉਨਾਂ ਨੂੰ ਇਸ ਅਹੁਦੇ ਲਈ ਕਾਬਲ ਸਮਝਿਆ। ਉਨ੍ਹਾਂ ਅੱਗੇ ਕਿਹਾ ਕਿ ਉਹ ਇਸ ਜ਼ੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪੰਜਾਬ ਅਤੇ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਸਰਕਾਰ ਤਕ ਪਹੁੰਚਾ ਕੇ ਉਨ੍ਹਾਂ ਨੂੰ ਹੱਲ ਕਰਵਾਉਣ ਤੋਂ ਇਲਾਵਾ ਭਾਈਚਾਰਕ ਸਾਂਝ ਦੀ ਮਜਬੂਤੀ ਲਈ ਪੂਰੀ ਸ਼ਿੱਦਤ ਨਾਲ ਯਤਨ ਜਾਰੀ ਰੱਖਣਗੇ।

# ਆਈਆਈਟੀ ਬੰਬੇ 'ਚ ਵਿਦਿਆਰਥੀ ਨੇ ਹੋਸਟਲ ਦੀ 7ਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਕੀਤੀ ਖੁਦਕੁਸ਼ੀ

ਮੁੰਬਈ, 16 ਫਰਵਰੀ (ਪੋਸਟ ਬਿਊਰੋ) - ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈਆਈਟੀ) ਬੰਬੇ ਦੇ ਇੱਕ 18 ਸਾਲਾ ਵਿਦਿਆਰਥੀ ਦੀ ਪੋਵਈ ਵਿੱਚ ਸੰਸਥਾ ਦੇ ਹੋਸਟਲ ਦੀ ਸੱਤਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਮੌਤ ਹੋ ਗਈ। ਰਿਪੋਰਟਾਂ ਮੁਤਾਬਕ ਵਿਦਿਆਰਥੀ ਗੁਜਰਾਤ ਦੇ ਅਹਿ-ਮਦਾਬਾਦ ਦਾ ਰਹਿਣ ਵਾਲਾ ਸੀ ਅਤੇ ਆਈਆਈਟੀ ਵਿੱਚ ਕੈਮੀਕਲ ਇੰਜਨੀਅਰਿੰਗ ਦੇ ਪਹਿਲੇ ਸਾਲ ਵਿੱਚ ਪੜ੍ਹ ਰਿਹਾ ਸੀ। ਪੁਲਿਸ ਮੁਤਾਬਕ ਵਿਦਿਆਰਥੀ ਐਤਵਾਰ ਸਵੇਰੇ 11:30 ਵਜੇ ਸੱਤਵੀਂ ਮੰਜ਼ਿਲ ਤੋਂ



ਡਿੱਗ ਗਿਆ ਸੀ। ਪੁਲਿਸ ਨੂੰ ਮੌਕੇ ਤੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ ਹੈ। ਇਸ ਦੇ ਨਾਲ ਹੀ ਕੁਝ ਵਿਦਿਆਰਥੀਆਂ ਨੇ ਦੋਸ਼ ਲਾਇਆ ਹੈ ਕਿ ਕੈਂਪਸ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀ ਨਾਲ ਕਥਿਤ ਤੌਰ 'ਤੇ ਵਿਤਕਰਾ ਕੀਤਾ ਜਾ ਰਿਹਾ ਹੈ। ਇਸੇ ਕਾਰਨ ਉਸ ਨੇ ਖੁਦਕੁਸ਼ੀ ਦਾ ਕਦਮ ਚੁੱਕਿਆ। ਫਿਲਹਾਲ ਪੁਲਿਸ ਨੇ ਹਾਦਸੇ ਦੀ ਮੌਤ ਦਾ ਮਾਮਲਾ ਦਰਜ ਕਰ ਲਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਦਰਸ਼ਨ ਸੋਲੰਕੀ, ਬੀ.ਟੈਕ ਦਾ ਵਿਦਿਆਰਥੀ, ਅਹਿਮਦਾਬਾਦ ਦਾ ਰਹਿਣ ਵਾਲਾ ਸੀ। ਉਸਨੇ ਤਿੰਨ ਮਹੀਨੇ ਪਹਿਲਾਂ ਇਸ ਕੋਰਸ ਵਿਚ ਦਾਖਲਾ ਲਿਆ ਸੀ। ਸ਼ਨੀਵਾਰ ਨੂੰ ਉਸ ਦੇ ਪਹਿਲੇ ਸਮੈਸਟਰ ਦੀਆਂ ਪ੍ਰੀਖਿਆਵਾਂ ਖਤਮ ਹੋਈਆਂ। ਪੋਵਈ ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਵਿਦਿਆਰਥੀ ਨੇ ਪੜ੍ਹਾਈ ਦੇ ਦਬਾਅ ਵਿੱਚ ਅਜਿਹਾ ਸਖ਼ਤ ਕਦਮ ਚੁੱਕਿਆ ਹੈ।

# ਤਾਮਿਲਨਾਡੂ 'ਚ ਡੀਐਮਕੇ ਕੌਂਸਲਰ ਦੀ ਅਗਵਾਈ ਵਿੱਚ ਭੀੜ ਦੇ ਹਮਲੇ ਵਿੱਚ ਇੱਕ ਸਿਪਾਹੀ ਦੀ ਮੌਤ

ਤਾਮਿਲਨਾਡੂ, 16 ਫਰਵਰੀ (ਪੋਸਟ ਬਿਊਰੋ) - ਤਾਮਿਲਨਾਡੂ ਦੇ ਕ੍ਰਿਸ਼ਨਾਗਿਰੀ 'ਚ ਭੀੜ ਦੇ ਹਮਲੇ 'ਚ ਫੌਜ ਦੇ ਇਕ ਜਵਾਨ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਡੀਐਮਕੇ ਕਾਰਪੋਰੇਟਰ ਦੀ ਅਗਵਾਈ ਵਾਲੀ ਭੀੜ ਨੇ ਫੌਜ ਦੇ ਜਵਾਨਾਂ 'ਤੇ ਹਮਲਾ ਕਰ ਦਿੱਤਾ। ਪਾਣੀ ਵਾਲੀ ਟੈਂਕੀ 'ਤੇ ਕੱਪੜੇ ਧੋਣ ਨੂੰ ਲੈ ਕੇ ਉਨ੍ਹਾਂ ਵਿਚਾਲੇ ਬਹਿਸ ਹੋ ਗਈ। ਪੁਲਿਸ ਇਸ ਮਾਮਲੇ ਵਿੱਚ ਡੀਐਮਕੇ ਦੇ ਇੱਕ ਕਾਰਪੋਰੇਟਰ ਦੀ ਭਾਲ ਕਰ ਰਹੀ ਹੈ।

ਰਿਪੋਰਟ ਮੁਤਾਬਕ ਮਾਮਲਾ 8 ਫਰਵਰੀ ਦਾ ਹੈ। ਪੋਚਮਪੱਲੀ ਦੇ ਰਹਿਣ ਵਾਲੇ 29 ਸਾਲਾ ਪ੍ਰਭੂ ਫੌਜ ਵਿੱਚ ਸਿਪਾਹੀ ਸਨ ਅਤੇ ਜੰਮੂ-ਕਸ਼ਮੀਰ ਵਿੱਚ ਵੀ ਸੇਵਾ ਨਿਭਾ ਚੁੱਕੇ ਹਨ। ਪਾਣੀ ਦੀ ਟੈਂਕੀ 'ਤੇ ਕੱਪੜੇ ਧੋਣ ਨੂੰ ਲੈ ਕੇ ਡੀਐਮਕੇ ਦੇ 50 ਸਾਲਾ ਕਾਰਪੋਰੇਟਰ ਨਾਲ ਉਨ੍ਹਾਂ ਦੀ ਬਹਿਸ ਹੋ ਗਈ। ਇਸ ਘਟਨਾ ਤੋਂ ਗੁੱਸੇ



'ਚ ਆਏ ਕੌਂਸਲਰ ਨੇ ਉਸੇ ਰਾਤ ਆਪਣੇ ਸਮਰਥਕਾਂ ਨਾਲ ਮਿਲ ਕੇ ਕਥਿਤ ਤੌਰ 'ਤੇ ਪ੍ਰਭੂ 'ਤੇ ਹਮਲਾ ਕਰ ਦਿੱਤਾ। ਗੰਭੀਰ ਰੂਪ 'ਚ ਜ਼ਖਮੀ ਪ੍ਰਭੂ ਦਾ ਨਿੱਜੀ ਹਸਪਤਾਲ 'ਚ ਇਲਾਜ ਚੱਲ ਰਿਹਾ ਸੀ, ਜਿੱਥੇ ਮੰਗਲਵਾਰ ਸ਼ਾਮ ਉਸ ਦੀ ਮੌਤ ਹੋ ਗਈ। ਇਸ ਮਾਮਲੇ ਵਿੱਚ ਨਗਰਸਪੱਤੀ ਪੁਲੀਸ ਨੇ ਕਤਲ ਦਾ ਕੇਸ ਦਰਜ ਕਰ ਲਿਆ ਹੈ। ਇਸ ਦੇ ਨਾਲ ਹੀ ਹਮਲਾ ਕਰਨ ਵਾਲੇ 9 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਢਾਕਾ 'ਚ ਚੀਨ ਖਿਲਾਫ ਲੋਕਾਂ ਨੇ ਕੀਤਾ ਪ੍ਰਦਰਸ਼ਨ, ਤਿੱਬਤ ਦੀ ਆਜ਼ਾਦੀ ਮੰਗੀ



ਢਾਕਾ, 16 ਫਰਵਰੀ (ਪੋਸਟ ਬਿਊਰੋ) - ਦੁਨੀਆ ਦੇ ਕਈ ਦੇਸ਼ਾਂ 'ਚ ਚੀਨ ਖਿਲਾਫ ਹੌਲੀ-ਹੌਲੀ ਗੁੱਸਾ ਉੱਠ ਰਿਹਾ ਹੈ। ਬੰਗਲਾਦੇਸ਼ ਦੇ ਢਾਕਾ ਵਿਚ ਲੋਕਾਂ ਨੇ ਚੀਨ ਤੋਂ ਤਿੱਬਤ ਦੀ ਆਜ਼ਾਦੀ ਦੇ ਮੁੱਦੇ ਨੂੰ ਉਜਾਗਰ ਕਰਦੇ ਹੋਏ ਚੀਮ ਖਿਲਾਫ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਵਿਸ਼ਵ ਭਾਈਚਾਰੇ ਨੂੰ ਤਿੱਬਤ ਨੂੰ ਆਜ਼ਾਦੀ ਦਿਵਾਉਣ ਲਈ ਚੀਨ 'ਤੇ ਦਬਾਅ ਬਣਾਉਣ ਲਈ ਵੀ ਕਿਹਾ। ਢਾਕਾ ਦੇ ਸ਼ਾਹਬਾਗ ਸਥਿਤ ਰਾਸ਼ਟਰੀ ਅਜਾਇਬ ਘਰ ਦੇ ਸਾਹਮਣੇ ਮੁਕਤੀਬੋਧ ਮੰਚ ਦੀ ਅਗਵਾਈ ਹੇਠ ਇਕਜੁੱਟਤਾ ਰੈਲੀ ਕੱਢੀ ਗਈ ਅਤੇ ਮਨੁੱਖੀ ਚੇਨ ਬਣਾਈ ਗਈ। ਪ੍ਰਦਰਸ਼ਨਕਾਰੀ 'ਚੀਨ ਮਨੁੱਖੀ ਅਧਿਕਾਰਾਂ 'ਚ ਅਸਫਲ ਹੈ', 'ਤਿੱਬਤ ਚੀਨ ਦਾ ਹਿਸਾ ਨਹੀਂ ਹੈ', 'ਤਿੱਬਤ ਚੀਨ ਨੂੰ ਆਜ਼ਾਦ ਕਰੋ' ਅਤੇ ਹੋਰ ਕਈ ਪੋਸਟਰਾਂ-ਬੈਨਰਾਂ ਨਾਲ ਪ੍ਰਦਰਸ਼ਨ ਕਰ ਰਹੇ ਸਨ। ਤਿੱਬਤੀ ਲੋਕ 13 ਫਰਵਰੀ ਨੂੰ ਸੁਤੰਤਰਤਾ ਦਿਵਸ ਵਜੋਂ ਮਨਾਉਂਦੇ ਹਨ ਕਿਉਂਕਿ ਇਸ ਦਿਨ 1913 ਵਿਚ 13ਵੇਂ ਦਲਾਈ ਲਾਮਾ ਨੇ 'ਆਜ਼ਾਦੀ ਦੇ ਘੋਸ਼ਣਾ' ਵਿਚ ਤਿੱਬਤ ਦੀ ਆਜ਼ਾਦੀ ਦਾ ਐਲਾਨ ਕੀਤਾ ਸੀ।

ਚੀਨ ਨੇ ਮਾਰਚ 1959 'ਚ ਤਿੱਬਤ 'ਤੇ ਕਬਜ਼ਾ ਕਰ ਲਿਆ ਸੀ ਅਤੇ ਉਦੋਂ ਤੋਂ ਹੀ ਤਿੱਬਤ ਦੇ ਲੋਕ ਸਭ ਤੋਂ ਵੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਾਹਮਣਾ ਕਰ ਰਹੇ ਹਨ। ਹਾਲ ਹੀ ਵਿੱਚ ਇੱਕ ਰਿਪੋਰਟ ਵਿੱਚ, ਸੰਯੁਕਤ ਰਾਸ਼ਟਰ ਦੇ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਤਿੱਬਤੀ ਘੱਟ ਗਿਣਤੀ ਦੇ ਲਗਭਗ 10 ਲੱਖ ਬੱਚੇ ਰਿਹਾਇਸ਼ੀ ਸਕੂਲ ਪ੍ਰਣਾਲੀ ਦੁਆਰਾ ਤਿੱਬਤੀਆਂ ਦੇ ਸੱਭਿਆਚਾਰਕ, ਧਾਰਮਿਕ ਅਤੇ ਭਾਸ਼ਾਈ ਮਿਲਾਪ ਦੇ ਉਦੇਸ਼ ਨਾਲ ਚੀਨੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਰਹੇ ਹਨ।

# ਡੀਆਰਆਈ ਨੇ ਬੰਗਲਾਦੇਸ਼-ਭਾਰਤ ਸਰਹੱਦ ਤੋਂ 14 ਕਰੋੜ ਰੁਪਏ ਦਾ ਕਰੀਬ 25 ਕਿਲੋ ਸੋਨਾ ਕੀਤਾ ਜ਼ਬਤ

ਨਵੀਂ ਦਿੱਲੀ, 16 ਫਰਵਰੀ (ਪੋਸਟ ਬਿਊਰੋ): ਬੀਤੇ ਦਿਨੀਂ ਡਾਇਰੈਕਟੋਰੇਟ ਆਫ਼ ਰੀਵਿਊ ਇੰਟੈਲੀਜੈਂਸ (ਡੀਆਰਆਈ) ਨੇ ਆਪਰੇਸ਼ਨ ਈਸਟਰਨ ਗੇਟਵੇਅ ਤਹਿਤ ਬੰਗਲਾਦੇਸ਼ ਤੋਂ ਤਸਕਰੀ ਕੀਤਾ 24.4 ਕਿਲੋ ਸੋਨਾ ਜ਼ਬਤ ਕੀਤਾ ਹੈ, ਜਿਸ ਦੀ ਕੀਮਤ ਲਗਭਗ 14 ਕਰੋੜ ਰੁਪਏ ਦੱਸੀ ਜਾ ਰਹੀ ਹੈ। ਡੀਆਰਆਈ ਨੂੰ ਸੂਚਨਾ ਮਿਲੀ ਸੀ ਕਿ ਬੰਗਲਾਦੇਸ਼, ਤ੍ਰਿਪੁਰਾ, ਅਸਾਮ ਅਤੇ ਪੱਛਮੀ ਬੰਗਾਲ ਸਥਿਤ ਇੱਕ ਸਿੰਡੀਕੇਟ ਭਾਰਤ-ਬੰਗਲਾਦੇਸ਼ ਸਰਹੱਦ ਰਾਹੀਂ ਭਾਰਤੀ ਰਾਜ ਤ੍ਰਿਪੁਰਾ ਵਿੱਚ ਵੱਡੀ ਮਾਤਰਾ ਵਿੱਚ ਸੋਨੇ ਦੀ ਸਮੱਗਲਿੰਗ ਵਿੱਚ ਸ਼ਾਮਲ ਹੈ। ਆਪ੍ਰੇਸ਼ਨ ਦੇ ਤਹਿਤ, ਤਸਕਰੀ ਸਿੰਡੀਕੇਟ ਦੇ ਢੰਗ ਤਰੀਕੇ ਦਾ ਪਤਾ ਲਗਾਉਣ ਲਈ ਡੀਆਰਆਈ ਦੀਆਂ ਕਈ ਟੀਮਾਂ ਨੂੰ ਭਾਰਤ-ਬੰਗਲਾਦੇਸ਼ ਸਰਹੱਦ ਸਮੇਤ ਪੱਛਮੀ ਬੰਗਾਲ, ਅਸਾਮ ਅਤੇ ਤ੍ਰਿਪੁਰਾ ਦੇ ਰਾਜਾਂ ਵਿੱਚ ਵੱਖ-ਵੱਖ ਥਾਵਾਂ 'ਤੇ ਰਣਨੀਤਕ ਤੌਰ 'ਤੇ ਤਾਇਨਾਤ ਕੀਤਾ ਗਿਆ ਸੀ।

ਖੁਫੀਆ ਜਾਣਕਾਰੀ ਦੇ ਆਧਾਰ 'ਤੇ ਸਿੰਡੀਕੇਟ ਨਾਲ ਜੁੜੇ 8 ਲੋਕਾਂ ਦੀ ਪਛਾਣ ਕੀਤੀ ਗਈ ਸੀ ਅਤੇ ਇਨ੍ਹਾਂ ਸਾਰੇ ਲੋਕਾਂ ਨੂੰ ਤਿੰਨ ਥਾਵਾਂ 'ਤੇ ਇਕ ਏਕੀਕ੍ਰਿਤ ਅਤੇ ਚੰਗੀ ਤਰ੍ਹਾਂ ਤਾਲਮੇਲ ਵਾਲੀ ਕਾਰਵਾਈ ਦੌਰਾਨ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਗਿਆ ਸੀ। ਟੀਮ ਨੇ



ਸਿਲੀਗੁੜੀ 'ਚ ਚਾਰ ਲੋਕਾਂ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਜਦੋਂ ਉਹ ਅਸਾਮ ਦੇ ਬਦਰਪੁਰ ਜੰਕਸ਼ਨ ਤੋਂ ਬੰਗਾਲ ਦੇ ਸਿਆਲਦਾਹ ਜਾ ਰਹੇ ਸਨ। ਇਨ੍ਹਾਂ ਕੋਲੋਂ ਸੋਨੇ ਦੀਆਂ 90 ਪੱਟੀਆਂ ਬਰਾਮਦ ਹੋਈਆਂ ਹਨ, ਜਿਨ੍ਹਾਂ ਦਾ ਕੁੱਲ ਵਜ਼ਨ 18.66 ਕਿਲੋਗ੍ਰਾਮ ਹੈ ਅਤੇ ਕੀਮਤ ਕਰੀਬ 10.66 ਕਰੋੜ ਰੁਪਏ ਹੈ। ਇਨ੍ਹਾਂ ਵਿਅਕਤੀਆਂ ਨੇ ਇਨ੍ਹਾਂ ਸੋਨੇ ਦੀਆਂ ਪੱਟੀਆਂ ਨੂੰ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਕਮਰ ਪੱਟੀ ਵਿੱਚ ਛੁਪਾ ਕੇ ਰੱਖਿਆ ਹੋਇਆ ਸੀ।

ਇਸੇ ਲੜੀ ਤਹਿਤ ਅਗਰਤਲਾ ਦੀ ਟੀਮ ਨੇ ਭਾਰਤ-ਬੰਗਲਾਦੇਸ਼ ਸਰਹੱਦ ਨੇੜੇ ਚਾਰ ਪਹੀਆ ਵਾਹਨ ਚਲਾ ਰਹੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨੇੜੇ 2.25 ਕਿਲੋ ਵਜ਼ਨ ਦੀਆਂ ਦੋ ਸੋਨੇ ਦੀਆਂ ਬਾਰਾਂ ਮਿਲੀਆਂ, ਜਿਨ੍ਹਾਂ ਦੀ ਬਾਜ਼ਾਰੀ ਕੀਮਤ 1.30 ਕਰੋੜ ਰੁਪਏ ਦੱਸੀ ਗਈ ਹੈ। ਇਨ੍ਹਾਂ ਨੂੰ ਡਰਾਈਵਰ ਸਾਈਡ ਦੇ ਸਾਹਮਣੇ ਵਾਲੇ ਦਰਵਾਜ਼ੇ ਵਿਚ ਵਿਸ਼ੇਸ਼ ਤੌਰ 'ਤੇ ਬਣਾਈ ਜਗ੍ਹਾ ਵਿਚ ਸਫ਼ਾਈ ਨਾਲ ਛੁਪਾ ਕੇ ਰੱਖਿਆ ਗਿਆ ਸੀ। ਡੀਆਰਆਈ ਦੀ ਇਕ ਹੋਰ ਟੀਮ ਨੇ ਆਸਾਮ ਦੇ ਕਰੀਮਗੰਜ ਤੋਂ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਕੋਲੋਂ 3.50 ਕਿਲੋਗ੍ਰਾਮ ਵਜ਼ਨ ਦੀਆਂ ਅੱਠ ਸੋਨੇ ਦੀਆਂ ਬਾਰਾਂ ਬਰਾਮਦ ਕੀਤੀਆਂ ਅਤੇ ਲਗਭਗ 2.03 ਕਰੋੜ ਰੁਪਏ ਦੀ ਮਾਰਕੀਟ ਕੀਮਤ ਹੈ। ਮਾਮਲੇ ਸਬੰਧੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਵਿੱਤੀ ਸਾਲ 'ਚ ਡੀਆਰਆਈ ਨੇ ਦੇਸ਼ ਭਰ 'ਚ 1000 ਕਿਲੋ ਤੋਂ ਜ਼ਿਆਦਾ ਸੋਨਾ ਜ਼ਬਤ ਕੀਤਾ ਹੈ।

# 38.50 ਲੱਖ ਰੁਪਏ ਦੀ ਲਾਗਤ ਨਾਲ ਜ਼ਿਲ੍ਹਾ ਲਾਇਬ੍ਰੇਰੀ ਦਾ ਕੀਤਾ ਜਾਵੇਗਾ ਆਧੁਨਿਕੀਕਰਨ : ਡਿਪਟੀ ਕਮਿਸ਼ਨਰ



ਫਰੀਦਕੋਟ, 16 ਫਰਵਰੀ (ਗਿਆਨ ਸਿੰਘ): ਬਾਬਾ ਫਰੀਦ ਸੱਭਿਆਚਾਰਕ ਕੇਂਦਰ ਵਿਖੇ ਬਣੀ ਜਿਲ੍ਹਾ ਲਾਇਬ੍ਰੇਰੀ ਤੇ 38.50 ਲੱਖ ਰੁਪਏ ਖਰਚ ਕੇ ਇਸ ਦਾ ਆਧੁਨਿਕੀਕਰਨ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਜਿਲ੍ਹਾ ਲਾਇਬ੍ਰੇਰੀ ਦਾ ਦੌਰਾ ਕਰਕੇ ਲਾਇਬ੍ਰੇਰੀ ਵਿੱਚ ਸਹੂਲਤਾਂ ਮੁਹੱਈਆ ਕਰਵਾਉਣ ਸਬੰਧੀ ਬਣਾਈ ਗਈ ਯੋਜਨਾ ਦੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਐਸ.ਡੀ.ਐਮ. ਮੈਡਮ ਫਰੀਦਕੋਟ ਬਲਜੀਤ ਕੌਰ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਦੱਸਿਆ ਕਿ ਬਾਬਾ ਫਰੀਦ ਸੱਭਿਆਚਾਰਕ ਕੇਂਦਰ ਵਿਖੇ ਚੱਲ ਰਹੀ ਜਿਲ੍ਹਾ ਲਾਇਬ੍ਰੇਰੀ ਨੂੰ ਹੋਰ ਅਪਗ੍ਰੇਡ ਕੀਤਾ ਜਾਣਾ ਹੈ। ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਮੁੜ ਕਿਤਾਬਾਂ ਨਾਲ ਜੋੜਨ ਲਈ ਵਿੱਢੀ ਗਈ ਮੁਹਿੰਮ ਤਹਿਤ ਜਿੱਥੇ ਪਿੰਡ ਪੱਧਰ ਉੱਤੇ ਲਾਇਬ੍ਰੇਰੀਆਂ ਬਣਾਈ ਜਾ ਰਹੀਆਂ ਹਨ, ਉੱਥੇ ਸ਼ਹਿਰਾਂ ਵਿੱਚ ਵੀ ਜਿਲ੍ਹਾ ਪੱਧਰੀ ਲਾਇਬ੍ਰੇਰੀਆਂ ਵਿੱਚ ਵੀ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜਿਲ੍ਹਾਂ ਲਾਇਬ੍ਰੇਰੀ ਦੇ ਵਿੱਚ ਹਰ ਤਰ੍ਹਾਂ ਦੀਆਂ ਕਿਤਾਬਾਂ ਰੱਖੀਆਂ ਗਈਆਂ ਹਨ। ਜਿਸ ਨੂੰ ਪੜ੍ਹਨ ਦੇ ਲਈ ਵਿਦਿਆਰਥੀ ਰੋਜ਼ਾਨਾ ਆਉਂਦੇ ਹਨ। ਲਾਇਬ੍ਰੇਰੀ ਵੱਲ ਹੋਰ ਵੀ ਨੌਜਵਾਨਾਂ ਨੂੰ ਜੋੜਨ ਦੇ ਲਈ ਇਸ ਵਿੱਚ ਆਧੁਨਿਕ ਸਹੂਲਤਾਂ ਜਿਵੇਂ ਕਿ ਬੈਠਣ ਲਈ ਨਵੇਂ ਬੈਂਚ, ਟੇਬਲ, ਏ.ਸੀ., ਕੰਪਿਊਟਰ ਅਤੇ ਇੰਟਰਨੈਟ ਸਮੇਤ ਹੋਰ ਵੀ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਸਬੰਧੀ ਯੋਜਨਾ ਉਲੀਕੀ ਗਈ ਹੈ। ਇਸ ਤੇ ਕਰੀਬ 38.50 ਲੱਖ ਰੁਪਏ ਦੀ ਲਾਗਤ ਆਵੇਗੀ, ਜਿਸ ਦੀ ਮਨਜ਼ੂਰੀ ਵੀ ਸਰਕਾਰ ਵੱਲੋਂ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਨੇ ਨਿਰਦੇਸ਼ ਦਿੰਦਿਆ ਕਿਹਾ ਕਿ ਜਿਲ੍ਹਾ ਲਾਇਬ੍ਰੇਰੀ ਵਿੱਚ ਇਕੋ ਵਿਸ਼ੇ ਸਬੰਧੀ ਜਿਨਾ ਕਿਤਾਬਾਂ ਦੀ ਸੰਖਿਆ ਜਿਆਦਾ ਹੈ, ਉਨ੍ਹਾਂ ਨੂੰ ਪਿੰਡ ਪੱਧਰ ਦੀਆਂ ਲਾਇਬ੍ਰੇਰੀਆਂ ਵਿੱਚ ਸ਼ਿਫਟ ਕੀਤਾ ਜਾਵੇ, ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਨ੍ਹਾਂ ਕਿਤਾਬਾਂ ਦਾ ਲਾਹਾ ਲੈ ਸਕਣ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਬਾਬਾ ਫਰੀਦ ਸੱਭਿਆਚਾਰਕ ਕੇਂਦਰ ਦੇ ਅੰਦਰ ਬਣਾਈ ਜਾ ਰਹੀ ਆਧੁਨਿਕ ਪਾਰਕ, ਵਾਕਿੰਗ ਟਰੈਕ, ਓਪਨ ਏਅਰ ਥੀਏਟਰ ਸਬੰਧੀ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਲੈਂਦੇ ਹੋਏ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਜਿਲ੍ਹਾ ਭਾਸ਼ਾ ਅਫਸਰ ਮਨਜੀਤ ਸਿੰਘ ਪੁਰੀ ਸਮੇਤ ਹੋਰ ਹਾਜ਼ਰ ਸਨ।

# ਮਾਨ ਸਰਕਾਰ ਨੇ ਜਿੰਨਾ ਕੰਮ 11 ਮਹੀਨਿਆਂ ਵਿਚ ਕੀਤਾ, ਇਸ ਦਾ 11 ਫੀਸਦੀ ਵੀ ਪਹਿਲਾਂ ਕਦੇ ਨਹੀਂ ਹੋਇਆ : ਜਿੰਪਾ

ਚੰਡੀਗੜ੍ਹ, 16 ਫਰਵਰੀ (ਸ਼ਰਮਾ): ਪੰਜਾਬ ਦੇ ਮਾਲ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਜਿੰਨਾ ਕੰਮ 11 ਮਹੀਨਿਆਂ ਵਿਚ ਕਰ ਦਿੱਤਾ ਹੈ, ਇਸ ਦਾ 11 ਫੀਸਦੀ ਕੰਮ ਵੀ ਪਿਛਲੀਆਂ ਸਰਕਾਰਾਂ ਨੇ ਆਪਣੇ ਰਾਜ ਦੌਰਾਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਿਹੜੇ ਵਾਅਦਾ ਚੋਣਾਂ ਦੌਰਾਨ ਕੀਤੇ ਜਾਂਦੇ ਹਨ ਉਨ੍ਹਾਂ ਵਿਚੋਂ ਕਿਸੇ-ਕਿਸੇ ਵਾਅਦੇ ਦੀ ਪੂਰਤੀ ਲਈ ਪਿਛਲੇ 6 ਮਹੀਨਿਆਂ ਵਿਚ ਅਸਫਲ ਯਤਨ ਪਿਛਲੀਆਂ ਸਰਕਾਰਾਂ ਕਰਦੀਆਂ ਰਹੀਆਂ ਹਨ ਪਰ ਮੁੱਖ ਮੰਤਰੀ ਨੇ ਚੋਣਾਂ ਦੌਰਾਨ ਜੋ ਗਾਰੰਟੀਆਂ ਪੰਜਾਬ ਵਾਸੀਆਂ ਨੂੰ ਦਿੱਤੀਆਂ ਸਨ ਉਨ੍ਹਾਂ ਦੀ ਪੂਰਤੀ ਪਹਿਲੇ ਸਾਲ ਤੋਂ ਹੀ ਕਰ ਦਿੱਤੀ ਗਈ ਹੈ।

ਜਿੰਪਾ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਿਚ ਮੁਫਤ ਬਿਜਲੀ, ਆਮ ਆਦਮੀ ਕਲੀਨਿਕ, ਕਿਸਾਨ ਭਲਾਈ, ਅਧਿਆਪਕਾਂ ਨੂੰ ਵਿਦੇਸ਼ਾਂ ਵਿਚ ਟ੍ਰੇਨਿੰਗ, ਮਿਆਦ ਪੁਗਾ ਚੁੱਕੇ ਟੋਲ ਪਲਾਜ਼ਿਆਂ ਤੋਂ ਮੁਕਤੀ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ, ਸਸਤਾ ਰੇਤਾ, ਸ਼ਹੀਦਾਂ ਦਾ ਮਾਣ-ਤਾਣ ਅਤੇ ਭ੍ਰਿਸ਼ਟਾਚਾਰ ਮੁਕਤ ਸ਼ਾਸ਼ਨ ਦੇਣ ਵਰਗੀਆਂ ਗਾਰੰਟੀਆਂ ਨੂੰ ਪਹਿਲੇ ਸਾਲ ਦੇ ਮੁੱਢਲੇ ਮਹੀਨਿਆਂ ਵਿਚ ਹੀ ਲਾਗੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਾਕੀ ਗਾਰੰਟੀਆਂ ਦੀ ਪੂਰਤੀ ਲਈ ਵੀ ਪੰਜਾਬ ਸਰਕਾਰ ਸਾਕਾਰਾਤਮਕ ਤਰੀਕੇ ਨਾਲ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਹਰ ਵਰਗ ਦੀ ਭਲਾਈ ਲਈ ਮਾਨ ਸਰਕਾਰ ਵਚਨਬੱਧ ਹੈ ਅਤੇ ਅਸੀਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਵੱਲ



ਵੱਧ ਰਹੇ ਹਾਂ।


ਉਨ੍ਹਾਂ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਅਤੇ ਵਿਦੇਸ਼ਾਂ ਵਿਚ ਜਾਣ ਤੋਂ ਰੋਕਣ ਲਈ ਸੂਬੇ ਵਿਚ ਵਧੇਰੇ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਜਾ ਰਹੇ ਹਨ ਅਤੇ ਜ਼ਿਆਦਾ ਤੋਂ ਜ਼ਿਆਦਾ ਸਰਕਾਰੀ ਨੌਕਰੀਆਂ ਕੱਢੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੇ 11 ਮਹੀਨਿਆਂ ਵਿਚ 26,100 ਤੋਂ ਜ਼ਿਆਦਾ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।

ਉਨ੍ਹਾਂ ਕਿਹਾ ਕਿ ਸਿਹਤ, ਸਿੱਖਿਆ ਅਤੇ ਸੁਸ਼ਾਸ਼ਨ ਦੇਣਾ ਮਾਨ ਸਰਕਾਰ ਦੀ ਪਹਿਲ ਹੈ। ਚੰਗੀਆਂ ਸਿਹਤ ਸਹੂਲਤਾਂ ਅਤੇ ਸ਼ਾਨਦਾਰ ਸਿੱਖਿਆ ਦੇਣ ਨਾਲ ਜਿੱਥੇ ਪੰਜਾਬ ਵਾਸੀਆਂ ਦਾ ਜੀਵਨ ਪੱਧਰ ਉੱਚਾ ਹੋ ਰਿਹਾ ਹੈ, ਉੱਥੇ ਹੀ ਪ੍ਰਸ਼ਾਸ਼ਨ ਨੂੰ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਕਰਨ ਨਾਲ ਸੂਬੇ ਦੀ ਸਾਖ ਵਧੀ ਹੈ ਅਤੇ ਨਵੇਂ ਨਿਵੇਸ਼ਕਾਰ ਸੂਬੇ ਵਿਚ ਜ਼ਿਆਦਾ ਸਨਅਤਾਂ ਸਥਾਪਤ ਕਰਨ ਲਈ ਦਿਲਚਸਪੀ ਦਿਖਾ ਰਹੇ ਹਨ। ਜਿੰਪਾ ਨੇ ਕਿਹਾ ਕਿ ਮਾਨ ਸਰਕਾਰ ਦੀ ਨੇਕ ਨੀਅਤ ਅਤੇ ਇਮਾਨਦਾਰੀ ਸਦਕਾ ਪੰਜਾਬ ਜਲਦ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੋਹੇਗਾ।


ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.




## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

June 24 1990, Height: 5 feet 7inches, Study: Bachelor of Nursing, Occupation: Registered Nurse (RN) Job: Employed at Brampton Civic Hospital, Boy should be preferably in Ludhiana district and Brampton, Jatt Sikh, No drugs or alcohol, Contact : 647-388-1992

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104


ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com













# ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਨੰਗਲ ਸ਼ਹੀਦਾਂ, ਮਾਨਗੜ੍ਹ ਅਤੇ ਮਜਾਰੀ ਟੋਲ ਕਰਵਾਏ ਬੰਦ

ਚੰਡੀਗੜ੍ਹ, 16 ਫਰਵਰੀ (ਗਿਆਨ ਸਿੰਘ): ਆਮ ਲੋਕਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸੂਬੇ ਦੇ ਤਿੰਨ ਹੋਰ ਟੋਲ ਪਲਾਜ਼ੇ ਬੰਦ ਕਰਵਾਉਣ ਮੌਕੇ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਪਾਰਟੀਆਂ ਦੀਆਂ ਸਰਕਾਰਾਂ ਦੀ ਟੋਲ ਕੰਪਨੀਆਂ ਨਾਲ ਮਿਲੀਭੁਗਤ ਦਾ ਪਰਦਾਫਾਸ਼ ਕੀਤਾ।

ਅੱਜ ਇੱਥੇ ਮਜਾਰੀ (ਨਵਾਂਸ਼ਹਿਰ), ਨੰਗਲ ਸ਼ਹੀਦਾਂ ਤੇ ਮਾਨਗੜ੍ਹ (ਹੁਸ਼ਿਆਪੁਰ) ਟੋਲ ਪਲਾਜ਼ੇ ਬੰਦ ਕਰਵਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਤਿੰਨੋ ਟੋਲ ਬੰਦ ਹੋਣ ਨਾਲ ਲੋਕਾਂ ਦੇ ਰੋਜ਼ਾਨਾ 10.52 ਲੱਖ ਰੁਪਏ ਬਚਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਮਝੌਤੇ ਮੁਤਾ-ਬਕ ਇਹ ਟੋਲ 10 ਸਾਲ ਪਹਿਲਾਂ ਬੰਦ ਹੋਣ ਚਾਹੀਦੇ ਸਨ ਪਰ ਮੌਕੇ ਦੀਆਂ ਸਰਕਾਰਾਂ ਨੇ ਟੋਲ ਕੰਪਨੀ ਉਤੇ ਮਿਹਰਬਾਨ ਹੁੰਦਿਆਂ ਉਲਟਾ ਕੰਪਨੀ ਦੇ ਖਜ਼ਾਨੇ ਭਰਨ ਵਿਚ ਪੂਰੀ ਮੱਦਦ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਸਾਡੇ ਸਿਆਸਤਦਾਨਾਂ ਨੇ ਆਪਣੇ ਹੀ ਲੋਕਾਂ ਨਾਲ ਵਫਾ ਨਹੀਂ ਕਮਾਈ। ਪਿਛਲੇ ਸਮੇਂ ਵਿਚ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਦੀਆਂ ਸਰਕਾਰਾਂ ਨੇ ਆਪਣੇ ਲੋਕਾਂ ਦੇ ਹਿੱਤ ਸੋਚਣ ਦੀ ਬਜਾਏ ਸੂਬੇ ਦੇ ਖਜ਼ਾਨੇ ਦੋਵੇਂ ਹੱਥੀ ਲੁਟਾਏ। ਇਸ ਦੀ ਸਪੱਸ਼ਟ ਮਿਸਾਲ ਇਸ ਪ੍ਰਾਜੈਕਟ ਤੋਂ ਮਿਲਦੀ ਹੈ ਕਿ ਕਿਵੇਂ ਸੁਖਬੀਰ ਸਿੰਘ ਬਾਦਲ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਜੋ ਸਮਝੌਤੇ ਕਰਨ ਮੌਕੇ ਕਾਂਗਰਸ ਸਰਕਾਰ ਵਿਚ ਲੋਕ ਨਿਰਮਾਣ ਮੰਤਰੀ ਸਨ ਅਤੇ ਅਕਾਲੀ ਸਰਕਾਰ ਦੇ ਲੋਕ ਨਿਰਮਾਣ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅੰਦਰਖਾਤੇ ਕੰਪਨੀ ਨਾਲ ਮਿਲੀਭੁਗਤ ਕਰਕੇ ਲੋਕਾਂ ਦੀਆਂ ਜੇਬਾਂ ਉਤੇ ਡਾਕਾ ਮਰਵਾਉਂਦੇ ਰਹੇ। 'ਰਾਜ ਨਹੀਂ ਸੇਵਾ' ਦਾ ਢਿੰਡੋਰਾ ਪਿੱਟਣ ਵਾਲੇ ਕੰਪਨੀ ਦੀ ਸੇਵਾ ਵਿਚ ਲੱਗੇ ਰਹੇ। ਇਨ੍ਹਾਂ ਨੇਤਾਵਾਂ ਨੂੰ ਲੋਕਾਂ ਸਾਹਮਣੇ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਪੰਜਾਬ ਵਾਸੀਆਂ ਨਾਲ ਧ੍ਰੋਹ ਕਿਉਂ ਕਮਾਇਆ।

ਇਸ ਪ੍ਰਾਜੈਕਟ ਦੇ ਪਿਛੋਕੜ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਨੇ ਦੱਸਿਆ ਕਿ 123.64 ਕਰੋੜ ਰੁਪਏ ਦੇ ਇਸ ਪ੍ਰਾਜੈਕਟ ਤਹਿਤ ਰੋਹਨ ਰਾਜਦੀਪ ਟੋਲਵੇਅਜ਼ ਕੰਪਨੀ ਨੇ 104.96 ਕਿਲੋਮੀਟਰ ਸੜਕ ਬਣਾਉਣੀ ਸੀ ਅਤੇ ਇਸ ਬਾਰੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ 6 ਦਸੰਬਰ, 2005 ਵਿਚ ਸਮਝੌਤਾ ਹੋਇਆ ਅਤੇ ਉਸ ਵੇਲੇ ਪ੍ਰਤਾਪ ਸਿੰਘ ਬਾਜਵਾ ਲੋਕ ਨਿਰਮਾਣ ਮੰਤਰੀ ਸਨ। ਉਸ ਮੌਕੇ ਕੈਪਟਨ ਸਰਕਾਰ ਨੇ ਕੰਪਨੀ ਉਤੇ ਮਿਹਰਬਾਨ ਹੁੰਦਿਆਂ 123.64 ਕਰੋੜ ਰੁਪਏ ਦੇ ਕੁੱਲ ਪ੍ਰਾਜੈਕਟ ਵਿਚੋਂ 49.45 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਸੀ। ਕੰਪਨੀ ਨੇ ਸਾਲ 2007 ਵਿਚ ਨਵੀਂ ਸਰਕਾਰ ਦੇ ਗਠਨ ਤੋਂ ਪਹਿਲਾਂ 6 ਮਾਰਚ, 2007 ਨੂੰ ਇਹ ਤਿੰਨੇ ਟੋਲ ਚਾਲੂ ਕਰ ਦਿੱਤੇ ਸਨ। ਸਮਝੌਤੇ ਤਹਿਤ ਕੰਪਨੀ ਨੇ 5 ਮਾਰਚ, 2013 ਤੱਕ ਸੜਕ 'ਤੇ ਲੁੱਕ ਪਾਉਣ ਦਾ ਕੰਮ ਪੂਰਾ ਕਰਨਾ ਸੀ ਪਰ ਇਹ ਕੰਮ 30 ਅਪ੍ਰੈਲ, 2015 ਨੂੰ ਪੂਰਾ ਕੀਤਾ ਗਿਆ ਜੋ 786 ਦਿਨ ਲੇਟ ਸੀ। ਇਸ ਦੇਰੀ ਲਈ ਕੰਪਨੀ 'ਤੇ 24.30 ਕਰੋੜ ਜੁਰਮਾਨਾ ਅਤੇ 37.30 ਕਰੋੜ ਰੁਪਏ ਵਿਆਜ ਸਮੇਤ ਕੁੱਲ 61.60 ਕਰੋੜ ਰੁਪਏ ਦਾ ਜੁਰਮਾਨਾ ਵਸੂਲ ਕੀਤਾ ਜਾ ਸਕਦਾ ਸੀ ਪਰ ਉਸ ਮੌਕੇ ਦੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਜ਼ੁਰਮਾਨਾ ਵਸੂਲਣ ਦੀ ਬਜਾਏ ਮੁਆਫ ਕਰ ਦਿੱਤਾ ਜੋ ਪੰਜਾਬ ਦੇ ਲੋਕਾਂ ਨੂੰ ਸ਼ਰੇਆਮ ਧੋਖਾ ਦੇਣ ਵਾਲਾ ਕਦਮ ਸੀ। ਦੂਜੀ ਵਾਰ ਲੁੱਕ ਪਾਉਣ ਦਾ ਕੰਮ 5 ਮਾਰਚ, 2018 ਨੂੰ ਪੂਰਾ ਹੋਣਾ ਸੀ ਜੋ 979 ਦਿਨਾਂ ਦੀ ਦੇਰੀ ਨਾਲ 9 ਨਵੰਬਰ, 2020 ਨੂੰ ਪੂਰਾ ਹੋਇਆ ਪਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਇਸ ਦੇਰੀ ਲਈ ਨੋਟਿਸ ਤੱਕ ਵੀ ਜਾਰੀ ਨਾ ਕੀਤਾ। ਇਸ ਤੋਂ ਬਾਅਦ ਤੀਜੀ ਵਾਰ ਲੁੱਕ ਪਾਉਣ ਦਾ ਕੰਮ ਜਨਵਰੀ, 2023 ਤੱਕ ਪੂਰਾ ਹੋਣਾ ਸੀ ਪਰ ਉਹ ਵੀ ਸਿਰੇ ਨਾਲ ਚੜ੍ਹਿਆ। ਮੁੱਖ ਮੰਤਰੀ ਨੇ ਦੱਸਿਆ ਕਿ ਟੋਲ ਕੰਪਨੀ ਨੇ ਸਾਡੀ ਸਰਕਾਰ ਪਾਸੋਂ ਕੋਵਿਡ ਦੇ ਸਮੇਂ ਦੇ 101 ਦਿਨ ਅਤੇ ਕਿਸਾਨ ਅੰਦੋਲਨ ਦੀ ਆੜ ਵਿਚ 432 ਦਿਨਾਂ ਦਾ ਹਵਾਲਾ ਦਿੰਦੇ ਹੋਏ 533 ਦਿਨਾਂ ਦੀ ਮੋਹਲਤ ਮੰਗੀ ਸੀ ਤੇ ਅਸੀਂ ਇਸ ਮੰਗ ਨੂੰ ਮੁੱਢੋਂ ਰੱਦ ਕਰ ਦਿੱਤਾ ਗਿਆ।



ਮੁੱਖ ਮੰਤਰੀ ਨੇ ਦੱਸਿਆ ਕਿ ਇਹ ਤਿੰਨ ਟੋਲ 21 ਸਤੰਬਰ, 2013 ਤੱਕ ਬੰਦ ਹੋ ਜਾਣੇ ਚਾਹੀਦੇ ਸਨ ਪਰ ਅਕਾਲੀ ਸਰਕਾਰ ਨੇ ਬੰਦ ਨਹੀਂ ਕੀਤੇ। ਇਸ ਤੋਂ 21 ਸਤੰਬਰ, 2018 ਨੂੰ ਫੇਰ ਬੰਦ ਕੀਤੇ ਜਾ ਸਕਦੇ ਸਨ ਪਰ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਾਸੀਆਂ ਦੇ ਹਿੱਤਾਂ ਦੇ ਉਲਟ ਜਾਂਦੇ ਹੋਏ ਕੰਪਨੀ ਨੂੰ ਟੋਲ ਚਾਲੂ ਰੱਖਣ ਦੀ ਖੁੱਲ੍ਹ ਦਿੱਤੀ। ਜੇਕਰ ਅੱਜ ਵੀ ਅਕਾਲੀਆਂ ਜਾਂ ਕਾਂਗਰਸ ਦੀ ਸਰਕਾਰ ਹੁੰਦੀ ਤਾਂ ਏਹ ਟੋਲ ਕਦੇ ਵੀ ਬੰਦ ਨਾ ਹੁੰਦੇ।

ਵਿਰੋਧੀ ਪਾਰਟੀਆਂ ਦੇ ਨਿੱਜੀ ਮੁਫਾਦਾਂ ਦੀ ਜ਼ਿਕਰ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਪਾਰਟੀਆਂ ਨਾਲ ਕੰਪਨੀ ਦੀ ਸਾਂਝ ਏਨੀ ਗੂੜੀ ਸੀ ਕਿ ਸਮਝੌਤੇ ਦੇ ਕਲਾਜ਼ ਵਿਚ ਸਪੱਸ਼ਟ ਦਰਜ ਕਰ ਦਿੱਤਾ ਗਿਆ ਉਲੰਘਣਾ ਹੋਣ ਦੀ ਸੂਰਤ ਵਿਚ ਕੰਪਨੀ ਨੂੰ 6.12 ਕਰੋੜ ਰੁਪਏ ਤੋਂ ਵੱਧ ਜ਼ੁਰਮਾਨਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਸਾਡੀ ਸਰਕਾਰ ਉਲੰਘਣਾ ਕਰਨ ਲਈ ਕੰਪਨੀ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰੇਗੀ ਅਤੇ ਸਮਝੌਤੇ ਦੇ ਨਿਯਮਾਂ ਦੀਆਂ ਧੱਜੀਆਂ ਉਡਾਉਣ ਲਈ ਕਾਰਣ ਦੱਸੋ ਨੋਟਿਸ ਵੀ ਜਾਰੀ ਕੀਤਾ ਜਾਵੇਗਾ।ਸ ਮੌਕੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਤੇ ਹਰਭਜਨ ਸਿੰਘ ਈ.ਟੀ.ਓ. ਅਤੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਵੀ ਹਾਜ਼ਰ ਸਨ।

## ਕੇਜਰੀਵਾਲ ਦੀ ਚਾਪਲੂਸੀ ਵਿਚ ਭਗਵੰਤ ਮਾਨ ਭੁੱਲ ਗਏ ਗਵਰਨਰ ਦਾ ਸਨਮਾਨ : ਜੈਸਵਾਲ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਮਾਨਯੋਗ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਿਚਾਲੇ ਚੱਲ ਰਹੇ ਵਿਵਾਦ ਨੂੰ ਲੈ ਕੇ ਭਾਜਪਾ ਦੇ ਸੂਬਾ ਜਰਨਲ ਸਕੱਤਰ ਮੋਨਾ ਜੈਸਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤਾੜਨਾ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ਼ਰਮ ਆਉਣੀ ਚਾਹੀਦੀ ਹੈ। ਮੋਨਾ ਜੈਸਵਾਲ ਨੇ ਕਿਹਾ ਕਿ ਰਾਜ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੇਜਰੀਵਾਲ ਦੀ ਚਾਪਲੂਸੀ ਕਰਦੇ ਹੋਏ ਰਾਜਪਾਲ ਨਾਲ ਕੀਤਾ ਜਾ ਰਿਹਾ ਦੁਰ-ਵਿਵਹਾਰ ਬੇਹੱਦ ਸ਼ਰਮਨਾਕ ਹੈ। ਮੋਨਾ ਜੈਸਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਾਰ-ਵਾਰ ਰਾਜਪਾਲ ਦਾ ਅਪਮਾਨ ਕਰਕੇ ਪੰਜਾਬ ਅਤੇ ਪੰਜਾਬੀਆਂ ਨੂੰ ਬਦਨਾਮ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੂੰ ਰਾਜਪਾਲ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਮੁੱਖ ਮੰਤਰੀ ਨੂੰ ਆਪਣਾ ਫਰਜ਼ ਯਾਦ ਰੱਖਣਾ ਚਾਹੀਦਾ ਹੈ।

ਮੋਨਾ ਜੈਸਵਾਲ ਨੇ ਕਿਹਾ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਬਹੁਮਤ ਦੇ ਕੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਬਣਾਇਆ, ਪਰ ਪੰਜਾਬ ਦੀ ਸੱਤਾ ਸੰਭਾਲਣ, ਨਸ਼ਿਆਂ, ਵੱਧ ਰਹੀ ਅਰਾਜਕਤਾ, ਗੁੰਡਾਗਰਦੀ ਲੁੱਟ ਨੂੰ ਰੋਕਣ ਵਿਚ ਨਾਕਾਮ ਰਹੇ ਮੁੱਖ ਮੰਤਰੀ ਤੋਂ ਸੰਵਿਧਾਨਕ ਅਹੁਦੇ 'ਤੇ ਬੈਠੇ ਮਾਣਯੋਗ ਰਾਜਪਾਲ ਵਲੋਂ ਜੋ ਜਵਾਬਦੇਹੀ ਮੰਗੀ ਗਈ ਹੈ, ਉਹ 3 ਕਰੋੜ ਪੰਜਾਬੀਆਂ ਦੇ ਭਲੇ ਲਈ ਕੀਤੀ ਜਾ ਰਹੀ ਹੈ। ਪਰ ਕੇਜਰੀਵਾਲ ਵਾਂਗ ਮੁੱਖ ਮੰਤਰੀ ਭਗਵੰਤ ਮਾਨ ਵੀ ਇੱਕ ਸੋਚੀ ਸਮਝੀ ਸਾਜਿਸ਼ ਤਹਿਤ ਰਾਜਪਾਲ ਨੂੰ ਕੰਮ ਨਾ ਕਰਨ ਦੇਣ ਦਾ ਬਹਾਨਾ ਬਣਾ ਕੇ ਡਰਾਮੇਬਾਜ਼ੀ ਕਰ ਰਹੇ ਹਨ। ਭਗਵੰਤ ਮਾਨ ਬੇਬੁਨਿਆਦ ਵਿਵਾਦ ਖੜ੍ਹਾ ਕਰ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣਾ ਚਾਹੁੰਦੇ ਹਨ।ਮੋਨਾ ਜੈਸਵਾਲ ਨੇ ਕਿਹਾ ਕਿ ਸੂਬੇ ਦੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਕਾਰ ਹਮੇਸ਼ਾ ਹੀ ਸਬੰਧ ਰਹਿੰਦੇ ਹਨ, ਚਾਹੇ ਸਰਕਾਰ ਕੋਈ ਵੀ ਹੋਵੇ। ਪਰ ਦਿੱਲੀ ਦੀ ਆਮ ਆਦਮੀ ਪਾਰਟੀ ਹਮੇਸ਼ਾ ਹੀ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਪੰਜਾਬ ਦੇ ਮਾਣਯੋਗ ਰਾਜਪਾਲ ਨਾਲ ਵਿਵਾਦ ਬਣਾਈ ਰਖਦੀ ਹੈ ਅਤੇ ਸੂਬੇ ਦੀ ਤਰੱਕੀ ਵਿਚ ਰੁਕਾਵਟਾਂ ਖੜ੍ਹੀਆਂ ਕਰਦੀ ਹੈ, ਤਾਂ ਜੋ ਪੰਜਾਬ ਦੇ ਲੋਕ 'ਆਪ' ਸਰਕਾਰ ਵਲੋਂ ਕੀਤੇ ਗਏ ਝੂਠੇ ਵਡੀਆਂ ਨੂੰ ਭੁੱਲ ਜਾਣ ਅਤੇ ਉਨ੍ਹਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਨ। ਪਰ ਹੁਣ ਸੂਬੇ ਦੇ ਲੋਕ ਕੇਜਰੀਵਾਲ ਅਤੇ ਭਗਵੰਤ ਮਾਨ ਦੀਆਂ ਸਾਜਿਸ਼ਾਂ ਨੂੰ ਸਮਝ ਚੁਕੇ ਹਨ ਅਤੇ ਕਿਸੇ ਵੀ ਕੀਮਤ 'ਤੇ ਇਨ੍ਹਾਂ ਦੇ ਧੋਖੇ ਵਿਚ ਨਹੀਂ ਆਉਣਗੇ।

Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



SOLD $1,399,999 CASTLEMORE/GOREWAY
SOLD $1,749,900 8337 ਗਲਫ ਲਾਈਨ
SOLD $1,950,000 26 Yellow RomeRd

## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।
Website: www.queenswood.com
Address: 2023 William, Pkwy, Unit 3, Brampton, ON, L6S 5N1

RSFO
Ramgarhia Sikh Foundation of Ontario
ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।
Ramgarhia Sikh Foundation of Ontario
10th International Award 2023
Dedicated to the 300th Birth Anniversary of Maharaja Jassa Singh Ramgarhia
300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2



Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

| | | | | |
|---|---|---|---|---|
| Daljit S. Gaidhu | Jasbir S. Sehmbi | Manjit S. Bhachu | Jarnail S. Matharu | Hardial S. Jheeta |
| Chairman | Vice Chairman | President | Treasurer | General Secretary |
| 416-305-9878 | 437-774-1410 | 416-275-2374 | 416-409-6207 | 647-409-8915 |

Address: 7956 Torbram Road #40, Bldg-B, Brampton, ON, L6T 5A2, Canada

# ਫਿਲਮੀ ਦੁਨੀਆ

## ਸੱਤ ਜੁਲਾਈ ਨੂੰ ਹੋਵੇਗੀ ਰਿਲੀਜ਼ ਆਯੂਸ਼ਮਾਨ ਦੀ 'ਡਰੀਮ ਗਰਲ 2'



ਆਯੂਸ਼ਮਾਨ ਖੁਰਾਣਾ ਦੀ ਨਵੀਂ ਫਿਲਮ 'ਡਰੀਮ ਗਰਲ 2' ਇਸ ਸਾਲ ਜੁਲਾਈ ਮਹੀਨੇ 'ਚ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ। ਇਹ ਫਿਲਮ ਸਾਲ 2019 ਵਿੱਚ ਆਈ ਕਾਮੇਡੀ ਡਰਾਮਾ 'ਡਰੀਮ ਗਰਲ' ਫਿਲਮ ਦਾ ਹੀ ਅਗਲਾ ਭਾਗ ਹੈ। ਇਸ ਵਿੱਚ ਆਯੂਸ਼ਮਾਨ ਜਿਹੜਾ ਕਿਰਦਾਰ ਨਿਭਾਅ ਰਿਹਾ ਹੈ, ਉਸ ਦੀ ਆਵਾਜ਼ ਕੁੜੀਆਂ ਵਰਗੀ ਹੈ ਤੇ ਉਹ ਇੱਕ ਕਾਲ ਸੈਂਟਰ 'ਤੇ ਪੂਜਾ ਬਣ ਕੇ ਕੰਮ ਕਰਦਾ ਹੈ। ਇਸ ਸਬੰਧੀ ਟਵਿੱਟਰ 'ਤੇ ਇੱਕ ਛੋਟਾ ਜਿਹਾ ਵੀਡੀਓ ਸਾਂਝਾ ਕਰਦਿਆਂ ਅਦਾਕਾਰ ਨੇ ਫਿਲਮ ਦੀ ਰਿਲੀਜ਼ ਤਰੀਕ ਵੀ ਸਾਂਝੀ ਕੀਤੀ ਹੈ। ਉਸ ਨੇ ਆਪਣੀ ਪੋਸਟ ਵਿੱਚ ਲਿਖਿਆ, ''ਡਰੀਮ ਗਰਲ ਇਜ਼ ਬੈਕ, ਸੱਤ ਨੂੰ ਇਕੱਠਿਆਂ ਦੇਖਾਂਗੇ। 'ਡਰੀਮ ਗਰਲ-2' ਸੱਤ ਜੁਲਾਈ ਨੂੰ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ।'' ਪਹਿਲਾਂ ਇਹ ਫਿਲਮ 29 ਜੂਨ ਨੂੰ ਰਿਲੀਜ਼ ਹੋਣੀ ਸੀ। ਇਸ ਵੀਡੀਓ ਵਿੱਚ ਪੂਜਾ ਫੋਨ 'ਤੇ 'ਪਠਾਨ' ਨਾਲ ਗੱਲ ਕਰ ਰਹੀ ਹੈ। ਉਹ ਆਵਾਜ਼ ਸੁਪਰਸਟਾਰ ਸ਼ਾਹਰੁਖ ਖਾਨ ਨਾਲ ਮਿਲਦੀ-ਜੁਲਦੀ ਹੈ। ਇਸ ਵਿੱਚ ਉਹ ਪੂਜਾ ਨੂੰ ਵੈਲੇਨਟਾਈਨ ਡੇਅ ਦੀਆਂ ਮੁਬਾਰਕਾਂ ਦੇ ਰਿਹਾ ਹੈ ਤੇ ਆਖ ਰਿਹਾ ਹੈ ਕਿ ਇਸ ਤੋਂ ਬਾਅਦ 'ਜਵਾਨ' ਰਿਲੀਜ਼ ਹੋਵੇਗੀ। ਪੂਜਾ ਫਿਲਮ ਦੇਖਣ ਕਦੋਂ ਆਵੇਗੀ।

## ਜਦੋਂ ਕੈਟਰੀਨਾ ਕੈਫ ਨੂੰ ਕਰਨਾ ਪਿਆ ਸੀ ਬੀ ਗ੍ਰੇਡ ਫਿਲਮਾਂ 'ਚ ਕੰਮ

ਫਿਲਮ ਇੰਡਸਟਰੀ (ਬਾਲੀਵੁੱਡ) ਵਿਚ ਕਿਸੇ ਨੂੰ ਇੱਕ ਦਿਨ ਵਿੱਚ ਪ੍ਰਸਿੱਧੀ ਨਹੀਂ ਮਿਲਦੀ। ਕਈ ਵਾਰ ਤੁਹਾਨੂੰ ਆਪਣੇ ਇੱਕ ਖਾਸ ਬ੍ਰੇਕ ਲਈ ਸਾਲਾਂ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ। ਕਈ ਵਾਰ ਕਿਸਮਤ ਹੀ ਤੁਹਾਨੂੰ ਸਫਲਤਾ ਵੱਲ ਲੈ ਜਾਂਦੀ ਹੈ। 1983 'ਚ ਹਾਂਗਕਾਂਗ 'ਚ ਜਨਮੀ ਕੈਟਰੀਨਾ ਕੈਫ ਨੇ ਕਦੇ ਨਹੀਂ ਸੋਚਿਆ ਸੀ ਕਿ ਉਹ ਭਾਰਤ ਵਰਗੇ ਦੇਸ਼ 'ਚ ਇੰਨੀ ਮਸ਼ਹੂਰ ਅਦਾਕਾਰਾ ਬਣ ਜਾਵੇਗੀ। ਕੈਟਰੀਨਾ ਨੇ 14 ਸਾਲ ਦੀ ਉਮਰ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸਨੇ ਸਭ ਤੋਂ ਪਹਿਲਾਂ ਇੱਕ ਗਹਿਣਿਆਂ ਦੀ ਕੰਪਨੀ ਲਈ ਸ਼ੂਟ ਕੀਤਾ। ਉਸਦੇ ਮਾਡਲਿੰਗ ਕਰੀਅਰ ਨੇ ਇੱਕ ਮੋੜ ਲਿਆ ਜਦੋਂ ਇੱਕ ਫਿਲਮ ਨਿਰਮਾਤਾ ਕੈਜ਼ਾਦ ਗੁਸਤਾਦ ਨੇ ਲੰਡਨ ਵਿੱਚ ਉਸਦੀ ਸੁੰਦਰਤਾ ਨੂੰ ਦੇਖਿਆ। ਕੈਟਰੀਨਾ ਦੀ ਅਣਦੇਖੀ ਯਾਤਰਾ ਇੱਥੋਂ ਸ਼ੁਰੂ ਹੋਈ। 2003 ਵਿੱਚ, ਕੈਟਰੀਨਾ ਆਪਣੀ ਬੋਲਡ ਸਮੱਗਰੀ ਅਤੇ ਇੱਕ ਤੋਂ ਵੱਧ ਅਦਾਕਾਰਾਂ ਵਿਚਕਾਰ ਆਪਣੀ ਸੁੰਦਰਤਾ ਦਾ ਜਾਦੂ ਫੈਲਾਉਣ ਲਈ ਤਿਆਰ ਹੋ ਗਈ। ਫਿਲਮ ਦਾ ਨਾਂ ਸੀ 'ਬੂਮ'। ਫਿਲਮ 'ਚ ਅਮਿਤਾਭ ਬੱਚਨ, ਜੈਕੀ ਸ਼ਰਾਫ ਅਤੇ ਗੁਲਸ਼ਨ ਗਰੋਵਰ ਵੀ ਸਨ। ਕੈਟਰੀਨਾ ਨੇ ਫਿਲਮ 'ਚ ਕਾਫੀ ਬੋਲਡ ਸੀਨ ਦਿੱਤੇ ਅਤੇ ਆਪਣਾ ਹੌਟ ਅੰਦਾਜ਼ ਦਿਖਾਇਆ। ਫਿਲਮ ਦੇ ਬੋਲਡ ਕੰਟੈਂਟ ਦੇ ਬਾਵਜੂਦ ਫਿਲਮ ਦਾ ਪ੍ਰਦਰਸ਼ਨ ਚੰਗਾ ਨਹੀਂ ਰਿਹਾ। ਫਿਲਮ ਸਿਨੇਮਾਘਰਾਂ ਵਿੱਚ ਫਲਾਪ ਹੋ ਗਈ। 'ਬੂਮ' ਦੇ ਫਲਾਪ ਹੋਣ ਤੋਂ ਬਾਅਦ ਕੈਟਰੀਨਾ ਨੇ ਤੇਲਗੂ ਸਿਨੇਮਾ ਵੱਲ ਰੁਖ਼ ਕੀਤਾ। ਉਨ੍ਹਾਂ ਨੇ ਫਿਲਮ 'ਮੱਲੀਸਵਰੀ' 'ਚ ਕੰਮ ਕੀਤਾ ਸੀ। ਇਸ ਫਿਲਮ ਤੋਂ ਬਾਅਦ ਉਹ ਮੁੜ ਰਾਮ ਗੋਪਾਲ ਵਰਮਾ ਦੀ ਫਿਲਮ 'ਸਰਕਾਰ' 'ਚ ਨਜ਼ਰ ਆਈ। ਫਿਰ 2005 'ਚ ਉਨ੍ਹਾਂ ਦੇ ਕਰੀਅਰ 'ਚ ਵੱਡਾ ਬਦਲਾਅ ਆਇਆ। ਉਸ ਦੇ ਕਰੀਅਰ ਨੂੰ ਸਲਮਾਨ ਖਾਨ ਦੇ ਨਾਲ 'ਮੈਨੇਂ ਪਿਆਰ ਕਿਉ ਕਿਆ'ਨਾਲ ਅਸਲੀ ਸ਼ੁਰੂਆਤ ਮਿਲੀ। ਸੰਘਰਸ਼ ਦੇ ਦਿਨਾਂ ਵਿੱਚ ਭਾਵੇਂ ਉਨ੍ਹਾਂ ਨੂੰ ਕਿੰਨੀਆਂ ਵੀ ਫਿਲਮਾਂ ਵਿੱਚ ਕੰਮ ਕਰਨਾ ਪਿਆ ਪਰ ਅੱਜ ਉਹ 'ਰਾਜਨੀਤੀ', 'ਏਕ ਥਾ ਟਾਈਗਰ', 'ਨਮਸਤੇ ਲੰਡਨ' ਵਰਗੀਆਂ ਸਫਲ ਫਿਲਮਾਂ ਲਈ ਜਾਣਿਆ ਜਾਂਦਾ ਹੈ।



## ਸ਼੍ਰੇਅਸ ਨੇ ਦੀ 10 ਸਾਲ ਪੁਰਾਣੀ ਫਿਲਮ ਵਿਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਤੇ ਮੰਗੀ ਮੁਆਫੀ



ਸ਼੍ਰੇਅਸ ਤਲਪੜੇ ਨਾਲ ਅਜਿਹੀ ਘਟਨਾ ਵਾਪਰੀ, ਜਿਸ ਕਾਰਨ ਸ਼੍ਰੇਅਸ ਫਿਰ ਤੋਂ ਸੁਰਖੀਆਂ ਵਿਚ ਆ ਗਏ। ਸ਼੍ਰੇਅਸ ਦੀ ਦਸ ਸਾਲ ਪੁਰਾਣੀ ਫਿਲਮ ਦਾ ਇੱਕ ਸੀਨ ਇਨ੍ਹੀਂ ਦਿਨੀਂ ਵਾਇਰਲ ਹੋ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਸੀਨ ਵਿਚ ਸ਼੍ਰੇਅਸ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹੋਏ ਨਜ਼ਰ ਆ ਰਹੇ ਹਨ। ਯੂਜ਼ਰਸ ਨੇ ਉਸ ਨੂੰ ਕਾਫੀ ਸੁਣਿਆ, ਜਿਸ ਤੋਂ ਬਾਅਦ ਉਸ ਨੂੰ ਮੁਆਫੀ ਵੀ ਮੰਗਣੀ ਪਈ। ਆਓ ਤੁਹਾਨੂੰ ਦੱਸਦੇ ਹਾਂ ਕੀ ਹੈ ਸਾਲ 2012 'ਚ ਸ਼੍ਰੇਅਸ ਦੀ ਇਕ ਫਿਲਮ ਆਈ, ਜਿਸ ਦਾ ਨਾਂ 'ਕਮਲ ਧਮਾਲ ਮਾਲਾਮਾਲ' ਸੀ। ਇਸ ਫਿਲਮ 'ਚ ਸ਼੍ਰੇਅਸ ਨੇ ਕੈਥੋਲਿਕ ਵਿਅਕਤੀ ਦੀ ਭੂਮਿਕਾ ਨਿਭਾਈ ਹੈ। ਵਾਇਰਲ ਸੀਨ ਵਿੱਚ, ਸ਼੍ਰੇਅਸ ਨਾਨਾ ਪਾਟੇਕਰ ਲਈ ਰਾਹ ਬਣਾਉਣ ਲਈ ਇੱਕ ਟੈਂਪੋ ਨੂੰ ਅੱਗੇ ਤੋਂ ਜ਼ੋਰਦਾਰ ਲੱਤ ਮਾਰ ਕੇ ਰੋਕਦਾ ਹੈ। ਪਰ ਹੁਣ ਸਾਲਾਂ ਬਾਅਦ ਯੂਜ਼ਰਸ ਦੀ ਨਜ਼ਰ ਉਸ ਟੈਂਪੋ 'ਤੇ ਬਣੇ ਓਮ ਸਿੰਬਲ 'ਤੇ ਪਈ ਹੈ। ਇਸ ਜਗ੍ਹਾ 'ਤੇ ਸ਼੍ਰੇਅਸ ਨੇ ਲੱਤ ਮਾਰ ਕੇ ਟੈਂਪੂ ਨੂੰ ਰੋਕਿਆ। ਸੀਨ 'ਚ ਸ਼੍ਰੇਅਸ ਦੇ ਗਲੇ 'ਚ ਜੀਸਸ ਦਾ ਲਾਕੇਟ ਵੀ ਨਜ਼ਰ ਆ ਰਿਹਾ ਹੈ। ਜਾਣਕਾਰੀ ਅਨੁਸਾਰ ਸ਼੍ਰੇਅਸ ਤਲਪੜੇ ਨੇ ਹਾਲ ਹੀ ਵਿੱਚ ਕੰਗਨਾ ਰਣੌਤ ਦੀ ਫਿਲਮ ਐਮਰਜੈਂਸੀ ਦੀ ਸ਼ੂਟਿੰਗ ਪੂਰੀ ਕੀਤੀ ਹੈ। ਸ਼੍ਰੇਅਸ ਇਸ ਫਿਲਮ 'ਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ। ਇਸ ਫਿਲਮ ਲਈ ਸ਼੍ਰੇਅਸ ਨੇ ਸ਼ਾਨਦਾਰ ਟਰਾਂਸਫਾਰਮੇਸ਼ਨ ਲਿਆ ਹੈ, ਜਿਸ ਕਾਰਨ ਉਹ ਸੁਰਖੀਆਂ ਵਿਚ ਵੀ ਰਹੇ ਹਨ।

## ਕਾਰਤਿਕ ਦੀ ਫਿਲਮ 'ਸ਼ਹਿਜ਼ਾਦਾ' ਨੂੰ ਸੈਂਸਰ ਬੋਰਡ ਤੋਂ ਮਿਲੀ ਹਰੀ ਝੰਡੀ



ਰੋਹਿਤ ਧਵਨ ਦੁਆਰਾ ਨਿਰਦੇਸ਼ਤ ਸ਼ਹਿਜ਼ਾਦਾ ਵਿੱਚ ਕ੍ਰਿਤੀ ਸੈਨਨ ਵੀ ਹਨ। ਫਿਲਮ ਪਹਿਲਾਂ 10 ਫਰਵਰੀ ਨੂੰ ਰਿਲੀਜ਼ ਹੋਣੀ ਸੀ, ਬਾਅਦ ਵਿੱਚ ਫਿਲਮ ਦੀ ਰਿਲੀਜ਼ 17 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਗਈ। ਹੁਣ ਕਾਰਤਿਕ ਆਰੀਅਨ ਇਸ ਸ਼ੁੱਕਰਵਾਰ ਨੂੰ ਸਿਨੇਮਾਘਰਾਂ 'ਚ ਆਪਣੀ ਫਿਲਮ ਸ਼ਹਿਜ਼ਾਦਾ ਲੈ ਕੇ ਆ ਰਹੇ ਹਨ। ਇਹ ਇਸ ਸਾਲ ਦੀਆਂ ਸਭ ਤੋਂ ਵੱਧ ਉਡੀਕੀਆਂ ਜਾਣ ਵਾਲੀਆਂ ਫਿਲਮਾਂ ਵਿੱਚੋਂ ਇੱਕ ਹੈ। ਫਿਲਮ ਨੂੰ ਸੈਂਸਰ ਬੋਰਡ ਤੋਂ ਵੀ ਪਾਸ ਕਰ ਦਿੱਤਾ ਗਿਆ ਹੈ। ਦੱਸਿਆ ਜਾਂਦਾ ਹੈ ਕਿ ਨੇ / ਸਰਟੀਫਿਕੇਟ ਦੇ ਨਾਲ ਫਿਲਮ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸ਼ਹਿਜ਼ਾਦਾ ਨੂੰ 145.27 ਮਿੰਟ ਯਾਨੀ 2 ਘੰਟੇ 25 ਮਿੰਟ 27 ਸਕਿੰਟ ਦੇ ਰਨ ਟਾਈਮ ਨਾਲ ਪਾਸ ਕੀਤਾ ਗਿਆ ਹੈ। ਇਹ ਫਿਲਮ 2020 ਵਿੱਚ ਰਿਲੀਜ਼ ਹੋਈ ਅੱਲੂ ਅਰਜੁਨ ਸਟਾਰਰ ਅਲਾ ਵੈਕੁੰਥਪ੍ਰੇਮੁਲੁ ਦੀ ਹਿੰਦੀ ਰੀਮੇਕ ਹੈ। ਸ਼ਹਿਜ਼ਾਦਾ ਐਕਸ਼ਨ, ਡਰਾਮਾ, ਕਾਮੇਡੀ ਅਤੇ ਰੋਮਾਂਸ ਦੇ ਨਾਲ ਇੱਕ ਆਲ-ਆਊਟ ਮਨੋਰੰਜਨ ਹੈ। ਦਰਸ਼ਕਾਂ 'ਚ ਫਿਲਮ ਨੂੰ ਲੈ ਕੇ ਕਾਫੀ ਉਤਸ਼ਾਹ ਹੈ। ਕਾਰਤਿਕ ਆਰੀਅਨ ਦੇ ਪ੍ਰਸ਼ੰਸਕ ਇਸ ਫਿਲਮ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਕਾਰਤਿਕ ਦੀ ਅਗਲੀ ਫਿਲਮ 'ਸੱਤਿਆ ਪ੍ਰੇਮ ਕੀ ਕਥਾ' ਹੈ। ਇਸ ਤੋਂ ਇਲਾਵਾ ਕਾਰਤਿਕ ਆਸ਼ਕਿ 3 'ਚ ਵੀ ਨਜ਼ਰ ਆਉਣਗੇ।

## ਧਰਮਿੰਦਰ ਬਣੇ 'ਸੂਫੀ ਸੰਤ', ਹੋਏ ਟ੍ਰੋਲ



ਬਾਲੀਵੁੱਡ ਹੀਮੈਨ ਧਰਮਿੰਦਰ ਅਕਸਰ ਕਿਸੇ ਨਾ ਕਿਸੇ ਕਾਰਨ ਚਰਚਾ ਦਾ ਵਿਸ਼ਾ ਬਣੇ ਰਹਿੰਦੇ ਹਨ। ਇਨ੍ਹੀਂ ਦਿਨੀਂ ਹੀਮੈਨ ਵੈੱਬ ਸੀਰੀਜ਼ 'ਤਾਜ- ਡਿਵਾਈਡੇਡ ਬਾਏ ਬਲੱਡ' ਨੂੰ ਲੈ ਕੇ ਸੁਰਖੀਆਂ 'ਚ ਹਨ। ਬੁੱਧਵਾਰ ਨੂੰ, ਧਰਮਿੰਦਰ ਨੇ ਆਪਣੇ ਆਉਣ ਵਾਲੇ ਵੈੱਬ ਸ਼ੋਅ ਦਾ ਪਹਿਲਾ ਲੁੱਕ ਸਾਂਝਾ ਕੀਤਾ, ਜਿਸ ਲਈ ਉਨ੍ਹਾਂ ਨੇ ਇੱਕ ਪਿਆਰਾ ਕੈਪਸ਼ਨ ਲਿਖਿਆ। ਪਰ ਕੁਝ ਯੂਜ਼ਰਸ ਹੁਣ ਧਰਮਿੰਦਰ ਦੇ ਕੈਪਸ਼ਨ 'ਤੇ ਸਵਾਲ ਉਠਾ ਰਹੇ ਹਨ। 15 ਫਰਵਰੀ ਨੂੰ ਧਰਮਿੰਦਰ ਨੇ 'ਤਾਜ- ਡਿਵਾਈਡੇਡ ਬਾਏ ਬਲੱਡ' ਦਾ ਪਹਿਲਾ ਲੁੱਕ ਸ਼ੇਅਰ ਕਰਕੇ ਪ੍ਰਸ਼ੰਸਕਾਂ ਨੂੰ ਹੈਰਾਨ ਕਰ ਦਿੱਤਾ ਸੀ। ਵੈੱਬ ਸੀਰੀਜ਼ 'ਚ ਧਰਮਿੰਦਰ ਸੂਫੀ ਸੰਤ ਸ਼ੇਖ ਸਲੀਮ ਚਿਸ਼ਤੀ ਦਾ ਕਿਰਦਾਰ ਨਿਭਾਉਣ ਜਾ ਰਹੇ ਹਨ। ਫੋਟੋ 'ਚ ਧਰਮਿੰਦਰ ਲੰਬੀ ਦਾੜ੍ਹੀ, ਸਿਰ 'ਤੇ ਪੱਗ, ਕਾਲਾ ਸ਼ਾਲ ਅਤੇ ਚੋਲਾ ਪਹਿਨੇ ਨਜ਼ਰ ਆ ਰਹੇ ਹਨ। ਵਿਸ਼ਵਾਸ ਕਰੋ, ਪਹਿਲੀ ਨਜ਼ਰ ਵਿੱਚ ਧਰਮਿੰਦਰ ਨੂੰ ਪਛਾਣਨਾ ਬਹੁਤ ਮੁਸ਼ਕਲ ਹੈ। ਫਰਸਟ ਲੁੱਕ ਸ਼ੇਅਰ ਕਰਦੇ ਹੋਏ ਧਰਮਿੰਦਰ ਨੇ ਲਿਖਿਆ, ਦੋਸਤੋ, ਮੈਂ ਫਿਲਮ ਤਾਜ ਵਿੱਚ ਸ਼ੇਖ ਸਲੀਮ ਚਿਸ਼ਤੀ ਹਾਂ। ਮੈਂ ਇੱਕ ਸੂਫੀ ਸੰਤ ਦਾ ਕਿਰਦਾਰ ਨਿਭਾ ਰਿਹਾ ਹਾਂ। ਇੱਕ ਛੋਟਾ ਪਰ ਮਹੱਤਵਪੂਰਨ ਪਾਤਰ। ਤੁਹਾਡੀਆਂ ਸ਼ੁਭਕਾਮਨਾਵਾਂ ਦੀ ਲੋੜ ਹੈ। ਧਰਮਿੰਦਰ ਦੇ ਟਵੀਟ ਨੂੰ ਪੜ੍ਹ ਕੇ ਯੂਜ਼ਰ ਨੇ ਪੁੱਛਿਆ ਕਿ ਉਹ ਸੰਘਰਸ਼ਸ਼ੀਲ ਅਭਿਨੇਤਾ ਦੀ ਤਰ੍ਹਾਂ ਵਿਵਹਾਰ ਕਿਉਂ ਕਰ ਰਿਹਾ ਹੈ। ਯੂਜ਼ਰਸ ਦੀਆਂ ਟਿੱਪਣੀਆਂ ਨੂੰ ਪੜ੍ਹ ਕੇ ਧਰਮਿੰਦਰ ਨੇ ਬੜੀ ਸ਼ਾਂਤੀ ਨਾਲ ਉਨ੍ਹਾਂ ਦੇ ਟਵੀਟ ਦਾ ਜਵਾਬ ਦਿੱਤਾ। ਯੂਜ਼ਰ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਧਰਮਿੰਦਰ ਲਿਖਦੇ ਹਨ, ਜ਼ਿੰਦਗੀ ਹਮੇਸ਼ਾ ਖੂਬਸੂਰਤ ਸੰਘਰਸ਼ ਹੁੰਦੀ ਹੈ। ਤੁਸੀਂ, ਮੈਂ ਹਰ ਕੋਈ ਸੰਘਰਸ਼ ਕਰ ਰਿਹਾ ਹੈ। ਆਰਾਮ ਦਾ ਮਤਲਬ ਹੈ ਕਿ ਤੁਸੀਂ ਆਪਣੇ ਮਿੱਠੇ ਸੁਪਨਿਆਂ ਨੂੰ ਖਤਮ ਕਰ ਰਹੇ ਹੋ। ਤੁਹਾਡੀ ਸੁੰਦਰ ਯਾਤਰਾ ਦਾ ਅੰਤ। ਧਰਮਿੰਦਰ ਦਾ ਟਵੀਟ ਪੜ੍ਹ ਕੇ ਉਨ੍ਹਾਂ ਦੇ ਪ੍ਰਸ਼ੰਸਕ ਸਮਰਥਨ 'ਚ ਆ ਗਏ ਅਤੇ ਕਿਹਾ ਕਿ ਸਰ, ਅੱਜ ਕੱਲ੍ਹ ਇਸ ਨਿਮਰਤਾ ਦੀ ਲੋੜ ਹੈ। ਪਿਆਰ ਫੈਲਾਉਂਦੇ ਰਹੋ ਜਨਾਬ। ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕਿੰਨੇ ਲੋਕਾਂ ਦੇ ਰੋਲ ਮਾਡਲ ਹੋ।

OURR HOME & APPLIANCES
HURRY UP
LIMITED TIME OFFER
DEALS LIKE NEVER BEFORE
OURR PRICES ARE THE BEST
BEST DEALS ON
LUXURY KITCHEN APPLIANCES
WE CARRY ALL MAJOR BRANDS
UNBOXED UNITS & NEW IN BOX UNITS AVAILABLE
100% CUSTOMER SATISFACTION
DELIVERY AVAILABLE *CONDITIONS APPLY
PRICE BEAT GUARANTEE *CONDITIONS APPLY
USE THE PROMO CODE TO GET DISCOUNT
PROMO CODE - (COURR-2302FLYER)
WE ARE AN AUTHORIZED DEALER FOR ALL MAJOR BRANDS!
KitchenAid moffat MAYTAG LG Electrolux JENNAIR GE AMANA BOSCH Whirlpool SAMSUNG FRIGIDAIRE CAPITAL
UNIT #1, 241 CLARENCE ST BRAMPTON, ON L6W 3E7 (416) 551 3343
44 FASKEN DR. #2-9 ETOBICKOKE, ON M9W 5M8 (416) 792-0877
UNIT #6 410 LEWIS RD, STONEY CREEK, ON L8E 5Y7 (905) 643 0818
UNIT #4 -1540 FANSHAWE PARK ROAD WEST LONDON, ON N6H 5L8 (519) 641-1010
5781 HIGHWAY 7 UNIT 10, VAUGHAN, ON L4L 178 (416) 477 5556
1050 SPEERS ROAD, OAKVILLE, ON, L6L 2X4 (416) 613 0555
416-551-5553
WWW.OURRHOMEAPPLIANCES.COM

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd, Mcvean Dr, Gore Rd, Squire Ellis Dr, DENTISTRY, Countryside Dr

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


HARDEEP
GREWAL
MPP BRAMPTON EAST
UT INCEPIT FIDELIS SIC PERMANET
HAPPY FAMILY DAY!
This weekend, I wish you and your loved ones a joyful and memorable Family Day.
905-799-3939
Hardeep.Grewal@pc.ola.org
1 Gateway Boulevard, Unit #307, Brampton, ON L6T 0G3


ASIAN FOOD CENTRE
Family Day SALE
www.AsianFoodCentre.com
16TH FEB TO 27TH FEB 2023
Fresh Fruits, Vegetables, Indian & Canadian Grocery
$11.99 MEERA WHOLE WHEAT ATTA
$11.99 INDIA GATE ROZZANA RICE
$3.99 KHALSA PANEER
$4.99 ALMONDS
$7.99 AFC SILVER RICE
$12.99 817 RICE
$25.99 VERKA GHEE
$2.79 RUBICON ASST JUICE
$4.99 ASIAN BESAN
$4.29 BRITANNIA MILK RUSK
$2.49 CAVENDISH HASH BROWN PATTIES
$4.29 INDIAN ROOHAFZA
$0.79 BRITANNIA GOOD DAY COOKIES
PISTA BADAM FLAVOUR ONLY
$2.79 ITALPASTA ASSORTED PASTA
$6.99 PACHRANGA GULKAND (PP)
$4.99 TASTY BLACK CHANA
$5.99 TASTY URAD DAL
$8.99 DEEP HOMESTYLE PARATHA
$1.99 RESHMA MEHANDI (BLACK/BROWN)
$2.79 DEEP DAHI VADA
$1.49 ASIAN CHANA WITH MURI
$4.99 PACHRANGA GALGAL CAULIFLOWER, TURNIP PICKLE
$3.29 POPULAR PARATHA
$1.99 THAKKAR ASST PARATHA
$1.29 CREMICA COCONUT COOKIES
$3.29 ASIAN PUNJABI WADI
$3.99 MAGGI HOT & SWEET
$3.49 THAKAR MATAR KULCHA
$1.49 ASIAN CHANA WITH FULIA
$1.49 SANTOSH NAAN
$2.79 CREMICA ASST COOKIES
$8.99 MIRCH MASALA FAMILY PARATHA
$7.99 POPULAR PARATHA
$1.49 CREMICA BOURBON COOKIES
$6.99 TASTY FROZEN PEAS
$4.99 NATIONAL ASST SAUCE
$4.99 NATIONAL ASST PICKLE
$2.99 TAZA ROTI
$4.99 TAZA ASST VEG UP
$1.99 NATIONAL CUSTARD
$1.99 NATIONAL DESSERT MIX
$0.99 ALL NATIONAL JELLO
$0.99 CREMICA JEERA COOKIES
$1.49 MARGO NEEM SOAP
VARIETIES OF HOLI COLOURS AVAILABLE
VARIETIES OF SWEETS AVAILABLE
ETOBICOKE
10 Westmore Dr. 416-740-3262
MISSISSAUGA
1075 Ceremonial Dr. 905-502-1600
BRAMPTON
621 Wanless Dr. 905-495-3336
BRAMPTON
2120 N Park Dr. 905-793-1338
BRAMPTON
80 Pertosa Dr. 905-460-0009
BRAMPTON
40 Airport RD & Lacoste Blvd. 905-794-8109
BRAMPTON
10510 Torbram Rd. 905-790-0030
BRAMPTON
10 Pannahill Dr. 905-913-8017
MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media